

ਜੰਗ ਜਾਰੀ ਰਹੇਗੀ...

—ਅਮਨਦੀਪ ਸਿੰਘ 'ਅਮਨ'



ਜੰਗ
ਜਾਰੀ ਰਹੇਗੀ...

—ਅਮਨਦੀਪ ਸਿੰਘ 'ਅਮਨ'

ਜੰਗ ਜਾਰੀ ਰਹੇਗੀ

ਅਮਨਦੀਪ ਸਿੰਘ 'ਗਲਾਸਗੋ'

ਪ੍ਰਕਾਸ਼ਕ :
ਗੁਰਮਤਿ ਪੁਸਤਕ ਭੰਡਾਰ (31 ਨੰਬਰ ਵਾਲੇ)
154, ਘੰਟਾ ਘਰ ਮਾਰਕੀਟ (ਸਕੂਟਰ ਸਟੈਂਡ ਦੇ ਉਪਰ), ਅੰਮ੍ਰਿਤਸਰ
ਫ਼ੋਨ: 0183-5101231, 98726-58302, 98151-61234

ਜੰਗ ਜਾਰੀ ਰਹੇਗੀ

ਲੇਖਕ:

ਅਮਨਦੀਪ ਸਿੰਘ 'ਗਲਾਸਗੋ'

ਪਹਿਲੀ ਵਾਰ : ਫ਼ਰਵਰੀ 2010

ਮੁੱਲ :100-00 ਰੁਪਏ

ਪ੍ਰਕਾਸ਼ਕ:

ਗੁਰਮਤਿ ਪੁਸਤਕ ਭੰਡਾਰ (31 ਨੰਬਰ ਵਾਲੇ)

154, ਘੰਟਾ ਘਰ ਮਾਰਕੀਟ (ਸਕੂਟਰ ਸਟੈਂਡ ਦੇ ਉਪਰ), ਅੰਮ੍ਰਿਤਸਰ

ਫ਼ੋਨ: 0183-5101231, 98726-58302, 98151-61234

ਛਾਪਕ:

ਦਸਮੇਸ਼ ਪ੍ਰਿੰਟਿੰਗ ਪ੍ਰੈਸ

ਜਲੰਧਰ

Printed in India

ਸਮਰਪਣ

ਸੱਚ ਦੀ ਸ਼ਮ੍ਹਾਂ ਤੋਂ
ਕੁਰਬਾਨ ਹੋਏ
ਸਮੂਹ ਪਤੰਗਿਆਂ
ਦੇ ਨਾਂ!

ਕੁਝ ਗੱਲਾਂ ਆਪਣਿਆਂ ਨਾਲ

ਸਮੂਹ ਪਾਠਕਾਂ ਨੂੰ,

ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ॥

ਨਾਵਲ ਰੂਪੀ ਇਹ ਗਾਥਾ ਉਹਨਾਂ ਸੰਘਰਸ਼ਸ਼ੀਲ ਨੌਜਵਾਨਾਂ ਦੀ ਹੈ, ਜਿਹਨਾਂ ਨੇ ਅਣਖ ਨਾਲ ਜ਼ਿੰਦਗੀ ਜਿਊਣ ਲਈ ਮੌਤ ਨੂੰ ਗਲੇ ਲਾ ਲਿਆ। ਆਜ਼ਾਦੀ ਤੋਂ ਕੁਰਬਾਨ ਹੋਏ ਇਹਨਾਂ ਪਤੰਗਿਆਂ ਵਰਗੇ ਮਿੱਤਰਾਂ ਦੀ ਕਹਾਣੀ ਸ਼ਾਇਦ ਮੈਂ ਕਦੇ ਨਾ ਲਿਖ ਸਕਦਾ, ਜੇ ਮੈਂ ਅਮਰਦੀਪ ਸਿੰਘ 'ਅਮਰ' ਦਾ ਨਾਵਲ 'ਖੇਤੁ ਜੁ ਮਾਡਿਓ ਸੂਰਮਾ' ਨਾ ਪੜ੍ਹਿਆ ਹੁੰਦਾ। ਉਸ ਨਾਵਲ ਵਿਚ ਬਾਬਾ ਗੁਰਬਚਨ ਸਿੰਘ ਮਾਨੋਚਾਹਲ ਦੇ ਜੀਵਨ ਬਾਰੇ ਪੜ੍ਹ ਕੇ ਮੈਂ ਸੁੰਨ ਹੋ ਗਿਆ। ਸੰਤ ਬਿਰਤੀ ਵਾਲੇ ਉਸ ਜਰਨੈਲ ਦਾ ਚਿੱਤਰ ਉਹ ਹੀ ਬਣਿਆ ਹੋਇਆ ਸੀ, ਜੋ ਸਰਕਾਰੀ ਮੀਡੀਏ ਨੇ ਬਣਾਇਆ ਹੋਇਆ ਸੀ। ਬਾਬਾ ਮਾਨੋਚਾਹਲ ਦੇ ਜੀਵਨ ਬਾਰੇ ਪੜ੍ਹ ਕੇ ਮੇਰੇ ਬਹੁਤ ਸਾਰੇ ਭੁਲੇਖੇ ਦੂਰ ਹੋ ਗਏ।

ਮੇਰੇ ਇਸ ਨਾਵਲ ਵਿਚਲੇ ਨੌਜਵਾਨ ਵੀਰਾਂ ਬਾਰੇ ਵੀ ਕਈਆਂ ਨੂੰ ਭੁਲੇਖੇ ਹੋਣਗੇ, ਮੈਂ ਕੋਸ਼ਿਸ਼ ਕੀਤੀ ਹੈ ਕਿ ਉਹਨਾਂ ਪਾਠਕਾਂ ਦੇ ਭੁਲੇਖੇ ਦੂਰ ਕਰ ਸਕਾਂ। ਮੈਂ ਇਸ ਕੋਸ਼ਿਸ਼ ਵਿਚ ਕਿੰਨਾ ਕਾਮਯਾਬ ਹੋਇਆ ਹਾਂ, ਇਸ ਦਾ ਫ਼ੈਸਲਾ ਤੁਸੀਂ ਕਰਨਾ ਹੈ।

ਇਹ ਹੋ ਸਕਦਾ ਹੈ ਕਿ ਮੇਰਾ ਇਹ ਨਾਵਲ ਵਿਦਵਾਨਾਂ ਲਈ ਨਾਵਲ ਦੇ ਮਾਪਦੰਡ ਪੂਰੇ ਨਾ ਕਰਦਾ ਹੋਵੇ, ਪਰ ਮੈਨੂੰ ਇਸ ਗੱਲ ਦਾ ਪੂਰਾ ਭਰੋਸਾ ਹੈ ਕਿ ਅਣਖ ਤੇ ਆਜ਼ਾਦੀ ਨਾਲ ਜੀਊਣ ਦਾ ਜੋ ਸੁਪਨਾ ਸ਼ਹੀਦ ਹੋ ਚੁੱਕੇ ਮਿੱਤਰਾਂ ਨੇ ਵੇਖਿਆ ਸੀ, ਉਸ ਸੁਪਨੇ ਨੂੰ ਦੁਬਾਰਾ ਦੇਖਣ ਲਈ ਕੁਝ ਅੱਖਾਂ ਜ਼ਰੂਰ ਤਿਆਰ ਹੋ ਜਾਣਗੀਆਂ ਤੇ ਫੇਰ ਉਸ ਸੁਪਨੇ ਨੂੰ ਸਾਕਾਰ ਕਰਨ ਲਈ ਸੰਘਰਸ਼ ਦੇ ਰਾਹ ਲੱਭਣਗੀਆਂ।

ਆਖ਼ਰ ਵਿਚ ਆਪਣੇ ਭਰਾਵਾਂ ਵਰਗੇ ਮਿੱਤਰ ਜਗਦੀਪ ਸਿੰਘ ਫ਼ਰੀਦਕੋਟ ਦਾ ਧੰਨਵਾਦ ਕਰਨਾ ਚਾਹਾਂਗਾ, ਜਿਸ ਦੀ ਦਿੱਤੀ ਹੱਲਾਸ਼ੇਰੀ

ਨਾਲ ਮੈਂ ਇਹ ਨਾਵਲ ਲਿਖ ਸਕਿਆ ਹਾਂ ਤੇ ਇਸ ਨੂੰ ਛਪਵਾਉਣ ਲਈ ਸਾਰਾ ਪ੍ਰਬੰਧ ਵੀ ਉਸ ਨੇ ਹੀ ਕੀਤਾ ਹੈ। ਮੇਰੀ ਇਹ ਪਹਿਲੀ ਕੋਸ਼ਿਸ਼ ਆਪ ਸਭ ਨੂੰ ਕਿਵੇਂ ਲੱਗੀ, ਸੁਝਾਅ ਅਤੇ ਸਲਾਹ ਜ਼ਰੂਰ ਭੇਜਣਾ।

ਅਮਨਦੀਪ ਸਿੰਘ 'ਅਮਨ'
15, Townhead, Kirkintilloch,
G66 1NG, Glasgow, Scotland.

ਸਾਡੀ ਪੀੜ ਸਾਂਝੀ ਹੈ

ਕਾਫੀ ਸਮਾਂ ਪਹਿਲਾਂ ਮੈਂ ਇੱਕ ਕਹਾਣੀ ਨੁਮਾਂ ਲੇਖ ਲਿਖਿਆ ਸੀ, 'ਕੁੜੇ ਇਹਨਾਂ ਦੀਆਂ ਚੁੰਨੀਆਂ ਕਿੱਥੇ ਗਈਆਂ'। ਉਸ ਲੇਖ ਦੀ ਕਾਫੀ ਤਾਰੀਫ ਹੋਈ ਸੀ। ਮੈਨੂੰ ਮਾਣ ਜਿਹਾ ਹੁੰਦਾ ਸੀ ਕਿ ਮੈਂ ਕੁਝ ਚੰਗਾ ਲਿਖਿਆ ਹੈ, ਪਰ ਮੈਂ ਕਦੇ ਵੀ ਇਹ ਨਹੀਂ ਸੋਚਿਆ ਸੀ ਕਿ ਇਹ ਲੇਖ ਮੈਨੂੰ ਇਕ ਭਰਾਵਾਂ ਤੋਂ ਵੀ ਪਿਆਰਾ ਮਿੱਤਰ ਲੱਭ ਕੇ ਦੇਵੇਗਾ।

ਇਕ ਦਿਨ ਮੈਨੂੰ ਗਲਾਸਗੋ (ਸਕਾਟਲੈਂਡ) ਤੋਂ ਇਕ ਫੋਨ ਆਇਆ। 'ਭਾਈ ਸਾਹਬ' ਕਹਿ ਕੇ ਅੱਗੋਂ ਕਿਸੇ ਨੇ ਮਿੱਠੀ ਜਹੀ ਆਵਾਜ਼ ਵਿਚ ਫ਼ਤਹਿ ਬੁਲਾਈ। ਇਹ 'ਅਮਨਦੀਪ ਸਿੰਘ' ਸੀ। ਉਹਨਾਂ ਮੈਨੂੰ ਮੇਰੇ ਉਸ ਲੇਖ ਦੇ ਸਬੰਧ ਵਿਚ ਫੋਨ ਕੀਤਾ ਸੀ। ਇਹ ਲੇਖ ਉਹਨਾਂ ਨੂੰ ਕਾਫੀ ਪਸੰਦ ਆਇਆ ਸੀ ਤੇ ਉਹਨਾਂ ਇਸ ਤੋਂ ਪ੍ਰਭਾਵਿਤ ਹੋ ਕੇ ਇਸ ਉੱਤੇ ਇਕ ਗੀਤ ਲਿਖ ਦਿੱਤਾ ਸੀ, ਜੋ ਉਹਨਾਂ ਨੇ ਸ਼ਾਇਦ ਉਸੇ ਸ਼ਾਮ ਇੰਗਲੈਂਡ ਦੇ ਕਿਸੇ ਰੇਡੀਓ 'ਤੇ ਬੋਲਣਾ ਸੀ ਤੇ ਉਹਨਾਂ ਮੈਨੂੰ ਇੰਟਰਨੈੱਟ 'ਤੇ ਉਹ ਸੁਣਨ ਲਈ ਕਿਹਾ। ਮੈਂ ਰਾਤ ਨੂੰ ਉਹਨਾਂ ਦਾ ਸਾਰਾ ਪ੍ਰੋਗਰਾਮ ਸੁਣਿਆਂ। ਉਹ ਗੀਤ ਸੀ,

"ਧੀ ਪੰਜਾਬ ਦੀਏ ਭੈਣੇ ਮੇਰੀਏ, ਸੁਣਜਾ ਗੱਲ ਮੇਰੀ,
ਹੋ ਸਕਦੈ ਤੂੰ ਕਰ ਦੇਵੇਂ, ਨੀ ਮੁਸ਼ਕਿਲ ਹੱਲ ਮੇਰੀ,
ਬਹਿ ਜਾ ਮੇਰੇ ਕੋਲ ਤੈਨੂੰ ਝੱਲ ਮਾਰਾਂ ਪੱਖੀ ਦਾ,
ਵੀਰਾਂ ਸਾਹਵੇਂ ਨੰਗੇ ਸਿਰ ਨੂੰ ਕੱਜ ਕੇ ਰੱਖੀਦਾ..."

ਇਹ ਗੀਤ ਸੁਣ ਕੇ ਮੈਂ ਸੁੰਨ ਜਿਹਾ ਹੋ ਗਿਆ। ਮੈਂ ਸੋਚਿਆ, 'ਯਰ ਕਮਾਲ ਦਾ ਬੰਦੈ ਇਹ, ਏਨਾ ਸੋਹਣਾ ਲਿਖ ਲੈਂਦੈ ਤੇ ਲੁਕਿਆ ਜਿਹਾ ਕਾਹਤੋਂ ਬੈਠੈ।'

ਉਸ ਪ੍ਰੋਗਰਾਮ 'ਚ ਅਮਨਦੀਪ ਸਿਹੁੰ ਨੇ ਹੋਰ ਵੀ ਕਵਿਤਾਵਾਂ, ਗੀਤ ਸੁਣਾਏ ਜੋ ਸਾਰੇ ਸਿਰੇ ਹੀ ਲਾਏ ਪਏ ਸਨ ਜਾਂ ਉਸ ਦੀ ਆਪਣੀ ਸ਼ਬਦਾਵਲੀ ਵਿਚ ਕਹਿ ਲਈਏ ਤਾਂ 'ਧੱਫੜ ਈ ਪਾਏ ਪਏ ਸਨ'।

ਕੁਝ ਦਿਨਾਂ ਬਾਅਦ ਜਦੋਂ ਉਹਨਾਂ ਫੇਰ ਫੋਨ ਕੀਤਾ ਤਾਂ ਐਤਕੀਂ ਤਾਰੀਫ ਕਰਨ ਦੀ ਵਾਰੀ ਮੇਰੀ ਸੀ। ਮੈਂ ਉਹਨਾਂ ਨੂੰ ਕਿਹਾ ਕਿ ਬਾਈ ਜੀ ਏਨਾ ਸੋਹਣਾ ਲਿਖ ਲੈਂਦੇ ਓ, ਕਿਉਂ ਨਾ ਕਿਸੇ ਤੋਂ ਇਹ ਗੀਤ ਗਵਾ ਦੇਈਏ। ਪਰ ਉਹਨਾਂ ਅਜੇ ਮੈਨੂੰ ਇਕ ਹੋਰ ਝਟਕਾ ਦੇਣਾ ਸੀ। ਉਹ ਬੋਲੇ, "ਭਾਈ ਸਾਹਬ, ਮੈਨੂੰ ਤਾਂ ਬਸ ਲਿਖਣ ਦਾ ਈ ਸ਼ੌਕ ਐ, ਵੈਸੇ ਟਾਈਗਰ-ਸਟਾਈਲ ਵਾਲੇ ਮੁੰਡੇ ਹਰ ਸਾਲ ਇਕ ਧਾਰਮਿਕ ਕੈਸੇਟ ਕਰਦੇ ਹੁੰਦੇ ਆ, ਓਹਦੇ ਵਿਚ ਹਰ ਸਾਲ ਆਪਣੇ ਇਕ-ਦੋ ਗੀਤ ਹੁੰਦੇ ਆ।"

ਫੇਰ ਉਹਨਾਂ ਮੈਨੂੰ ਆਪਣੇ ਕੁਝ ਰਿਕਾਰਡ ਹੋਏ ਗੀਤ ਸੁਣਾਏ,

"ਉੱਤੇ ਝੂਲਦੇ ਕੇਸਰੀ ਝੰਡੇ, ਸਿੰਘਾਂ ਦੀ ਜਾਵੇ ਕਾਰ ਸ਼ੂਕਦੀ"
"ਵਾਰ ਵਾਰ ਨਾ ਬਦਲੇ ਜਾਣ ਨਿਸ਼ਾਨੇ ਕੌਮਾਂ ਦੇ"
"ਤਿਲ ਤਿਲ ਹੋ ਕੇ ਪਿਆ ਮਰਦਾ ਪੰਜਾਬ ਏ"
"ਜਾਨ ਤੋਂ ਪਿਆਰਾ ਗੁਰੂਆਂ ਦਾ ਸਤਿਕਾਰ ਏ"
"ਘਾਟ ਕੌਮ ਨੂੰ ਰੜਕੇ ਮੋਟਰ ਸਾਈਕਲ ਵਾਲਿਆਂ ਦੀ"
ਤੇ ਕਈ ਹੋਰ ਵੀ।

ਇਹ ਉਹੀ ਅਮਨਦੀਪ ਸਿੰਘ ਸੀ ਜੀਹਦੇ ਗੀਤ ਇੱਥੇ ਹਰ ਰੋਜ਼ ਸੁਣੀਦੇ ਸਨ, ਮੁੰਡਿਆਂ ਦੇ ਮੋਬਾਇਲ ਫੋਨਾਂ ਵਿਚ। ਮੈਨੂੰ ਇੰਝ ਲੱਗਿਆ ਕਿ ਜਿਵੇਂ ਬਾਈ ਅਮਨਦੀਪ ਨਾਲ ਕੋਈ ਪੁਰਾਣੀ ਸਾਂਝ ਹੋਵੇ। ਮੈਂ 'ਅਮਰ' (ਅਮਰਦੀਪ ਸਿੰਘ ਅਮਰ) ਨਾਲ ਗੱਲ ਕੀਤੀ,

"ਅਮਰਦੀਪ ਯਰ ਆਏਂ ਲੱਗਦੇ ਜਿਵੇਂ ਮੈਂ ਅਮਨ ਬਾਈ ਨੂੰ ਪਹਿਲਾਂ ਤੋਂ ਹੀ ਜਾਣਦਾ ਸੀ, ਮੈਨੂੰ ਇੰਝ ਮਹਿਸੂਸ ਹੁੰਦੇ ਕਿ ਜਿਵੇਂ ਅਸੀਂ ਪਹਿਲਾਂ ਮਿਲ ਚੁੱਕੇ ਆਂ, ਕੋਈ ਨਾ ਕੋਈ ਸਾਂਝ ਤਾਂ ਜਰੂਰ ਐ ਯਰ..."

"ਹੈਗੀ ਐ ਨਾ ਸਾਂਝ ਜਗਦੀਪ..." ਬਾਈ ਅਮਰਦੀਪ ਬੋਲਿਆ, "ਆਪਣੀ ਸਾਰਿਆਂ ਦੀ ਪੀੜ ਸਾਂਝੀ ਐ... ਜਿਹੜੀ ਚੀਸ ਆਪਣੇ ਮਨ ਵਿਚੋਂ ਨਿਕਲਦੀ ਐ ਢੱਠੇ ਅਕਾਲ ਤਖ਼ਤ ਸਾਹਿਬ ਨੂੰ ਦੇਖ ਕੇ ਉਹੀ ਓਹਦੇ ਦਿਲ ਵਿਚੋਂ ਵੀ ਨਿਕਲਦੀ ਐ..., ਮਾਰੇ ਗਏ ਮਿੱਤਰਾਂ ਦੀ ਯਾਦ ਵਿਚ ਜਿੰਨਾ ਆਪਾਂ ਤੜਫਦੇ ਆਂ, ਉਹ ਵੀ ਓਨਾ ਹੀ ਵਿਲਕਦੈ..., ਲਾਵਾਰਿਸ ਸੜੇ ਸਿਵਿਆਂ ਦਾ ਸੇਕ ਉਸ ਤੱਕ ਵੀ ਪਹੁੰਚਿਐ... ਓਹਦਾ ਵੀ ਜੀਅ ਕਰਦੈ ਲੱਲ ਕਿਲ੍ਹੇ ਅੱਗੇ ਲਲਕਾਰਾ

ਮਾਰ ਕੇ ਲੰਘਣ ਦਾ... ਹੈਗੀ ਐ ਸਾਂਝ ਜਗਦੀਪ, ਆਪਣੀ 'ਕੌਮੀ ਪੀੜ' ਸਾਂਝੀ ਐ..."


ਹਥਲਾ ਨਾਵਲ ਬਾਈ ਅਮਨਦੀਪ ਸਿੰਘ ਨੇ ਦੁਆਬੇ ਦੇ ਖਾੜਕੂ ਯੋਧਿਆਂ ਬਾਰੇ ਲਿਖਿਆ ਹੈ, ਜਿਹਨਾਂ ਦਾ ਮੂੰਹ ਮੁਹਾਂਦਰਾ ਸਰਕਾਰੀ ਕੂੜ ਪ੍ਰਚਾਰ ਨੇ ਵਿਗਾੜਣ ਦੀ ਭਰਪੂਰ ਕੋਸ਼ਿਸ਼ ਕੀਤੀ ਹੈ। ਬਾਈ ਅਮਨਦੀਪ ਨੇ ਉਹਨਾਂ ਯੋਧਿਆਂ ਦਾ ਸੱਚਾ-ਸੁੱਚਾ ਸਰੂਪ ਸਾਡੇ ਸਾਹਮਣੇ ਪੇਸ਼ ਕੀਤਾ ਹੈ। ਸ਼ਾਇਦ ਨਾਵਲ ਪੜ੍ਹ ਕੇ ਅਸੀਂ ਉਹਨਾਂ ਯੋਧਿਆਂ ਨੂੰ ਵੀ ਉਹਨਾਂ ਦਾ ਬਣਦਾ ਮਾਣ-ਸਤਿਕਾਰ ਦੇ ਸਕੀਏ ਜਿਸਦੇ ਉਹ ਹੱਕਦਾਰ ਸਨ। ਦੁਆਬੇ ਦੇ ਜੁਝਾਰੂਆਂ ਦੇ ਜੀਵਨ ਉੱਤੇ ਇਹ ਪਹਿਲਾ ਨਾਵਲ ਹੈ, ਸੋ ਆਸ ਹੈ ਕਿ ਪਾਠਕ ਇਸ ਨੂੰ ਖੁਸ਼ਆਮਦੀਦ ਕਹਿਣਗੇ।

ਬਾਈ ਅਮਨਦੀਪ ਹੁਰੀਂ ਪੰਜਾਬ ਤੋਂ ਦੂਰ ਬੈਠੇ ਹੋਣ ਕਰਕੇ ਉਹਨਾਂ ਨੇ ਇਸ ਨਾਵਲ ਨੂੰ ਛਪਵਾਉਣ ਦੀ ਜ਼ਿੰਮੇਵਾਰੀ ਮੇਰੀ ਲਾਈ ਸੀ। ਪ੍ਰਮਾਤਮਾਂ ਦੀ ਮਿਹਰ ਨਾਲ ਇਹ ਕਾਰਜ ਨਿਰਵਿਘਨ ਸੰਪੂਰਨ ਹੋਇਆ ਹੈ। ਇਸ ਨਾਵਲ ਦੀ ਛਪਾਈ ਵਿਚ ਗੁਰਮਤਿ ਪੁਸਤਕ ਭੰਡਾਰ ਦੇ ਭਾਈ ਸੁਖਦੇਵ ਸਿੰਘ ਦਾ ਵਿਸ਼ੇਸ਼ ਯੋਗਦਾਨ ਰਿਹਾ ਹੈ। ਨਾਵਲ ਦਾ ਟਾਈਟਲ ਭਾਈ ਦਿਲਬਾਗ ਸਿੰਘ ਨੇ ਮਿਹਨਤ ਨਾਲ ਬਣਾਇਆ ਹੈ। ਸੋ ਇਹਨਾਂ ਦੋਹਾਂ ਵੀਰਾ ਦਾ ਬਹੁਤ-ਬਹੁਤ ਧੰਨਵਾਦ।

ਅੰਤ ਵਿਚ ਸਮਾਪਤੀ ਮੈਂ ਬਾਈ ਅਮਨਦੀਪ ਦੇ ਉਸੇ ਹਾੜੇ ਨਾਲ ਕਰਾਂਗਾ, ਜਿਹੜਾ ਉਸ ਨੇ ਗੁਰੂ ਦੇ ਚਰਨਾਂ ਵਿਚ ਕੀਤਾ ਹੈ,

"ਕੋਈ ਡੱਲੇਵਾਲੀਏ ਪਾਲੇ ਜਿਹਾ ਚੁੱਪ-ਚਾਪ ਗੁਰੀਲਾ,
ਜਾਂ ਹੇਰਾਂ ਵਾਲੇ ਦੀਪੇ ਜਿਹਾ ਯੋਧਾ ਫੁਰਤੀਲਾ,
ਨਾ ਸੁਣ ਕੇ ਜੀਹਦਾ ਫੋਰਸਾਂ ਸੀ ਵੱਟਦੀਆਂ ਟਾਲਾ,
ਗੁਰੂ ਮੇਰਿਆ ਬਖ਼ਸ਼ ਦੇ ਕੌਮ ਨੂੰ ਇਕ ਭਿੰਡਰਾਂਵਾਲਾ..."

ਜਗਦੀਪ ਸਿੰਘ ਫਰੀਦਕੋਟ
ਅਮਰਦੀਪ ਸਿੰਘ ਅਮਰ



ਜੰਗ ਜਾਰੀ ਰਹੇਗੀ...

—ਅਮਨਦੀਪ ਸਿੰਘ 'ਅਮਨ'

ਕਾਂਡ 1

ਪੰਜਾਬ ਦੇ ਜ਼ਿਲ੍ਹੇ ਜਲੰਧਰ ਦਾ ਮਸ਼ਹੂਰ ਪਿੰਡ ਜੰਡਿਆਲਾ (ਮੰਜਕੀ) ਕਾਮਰੇਡਾਂ ਦਾ ਗੜ੍ਹ ਮੰਨਿਆ ਜਾਂਦਾ ਸੀ।

ਆਲੇ-ਦੁਆਲੇ ਦੇ ਪਿੰਡਾਂ ਬੁੰਡਾਲਾ ਤੇ ਰੁੜਕਾਂ ਕਲਾਂ ਵਿਚ ਵੀ ਕਾਮਰੇਡਾਂ ਦੀ ਪੂਰੀ ਧਾਂਕ ਸੀ।

ਪਰ 1984 ਦੇ ਹਰਿਮੰਦਰ ਸਾਹਿਬ 'ਤੇ ਹੋਏ ਹਮਲੇ ਤੋਂ ਬਾਅਦ ਲੋਕਾਂ ਦੀ ਸੋਚ ਵਿਚ ਫ਼ਰਕ ਆਉਣਾ ਸ਼ੁਰੂ ਹੋ ਗਿਆ ਸੀ। ਮੋਨੇ ਗੱਭਰੂਆਂ ਨੇ ਕੇਸ ਰੱਖਣੇ ਸ਼ੁਰੂ ਕਰ ਦਿੱਤੇ ਸਨ ਅਤੇ ਕੇਸਾਧਾਰੀ ਨੌਜਵਾਨਾਂ ਨੇ ਕੇਸਰੀ ਦਸਤਾਰਾਂ ਸਜਾਉਣੀਆਂ ਸ਼ੁਰੂ ਕਰ ਦਿੱਤੀਆਂ ਸਨ।

ਇਥੋਂ ਤਕ ਕਿ ਜੋ ਨੌਜਵਾਨ 'ਇਨਕਲਾਬ ਜ਼ਿੰਦਾਬਾਦ' ਦੇ ਨਾਅਰੇ ਲਾਉਂਦੇ ਹੁੰਦੇ ਸਨ ਜਾਂ ਇਕ-ਦੂਜੇ ਨੂੰ ਮਿਲਣ ਸਮੇਂ ਲਾਲ-ਸਲਾਮ ਬੁਲਾਉਂਦੇ ਸਨ, ਉਹ ਵੀ ਜਦੋਂ ਹੁਣ ਇਕ-ਦੂਜੇ ਨੂੰ ਮਿਲਦੇ ਤਾਂ 'ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ' ਬੁਲਾਉਂਦੇ।

ਹਰਿਮੰਦਰ ਸਾਹਿਬ 'ਤੇ ਹੋਏ ਸਰਕਾਰੀ ਹਮਲੇ ਨੇ ਨੌਜਵਾਨਾਂ ਦੇ ਸੋਚਣ ਦੇ ਢੰਗ ਵਿਚ ਜਾਦੂ ਵਰਗੀ ਤਬਦੀਲੀ ਲਿਆ ਦਿੱਤੀ ਸੀ।

ਉਹ ਆਪਸ ਵਿਚ ਜਥੇਬੰਦ ਹੋ ਕੇ ਹਿੰਦੁਸਤਾਨ ਦੀ ਸਰਕਾਰ ਦੇ ਵਿਰੁੱਧ ਲੜਨ ਲਈ ਆਪਣੀਆਂ ਜਾਨਾਂ ਤਲੀ 'ਤੇ ਰੱਖੀ ਫਿਰਦੇ ਸਨ।

ਇਹਨਾਂ ਦਿਨਾਂ ਵਿਚ ਹੀ ਭਾਈ ਸਤਪਾਲ ਸਿੰਘ ਢਿੱਲੋਂ (ਡੱਲੇਵਾਲ) ਦੇ ਸਹਿਯੋਗ ਨਾਲ ਜੰਡਿਆਲੇ ਦੇ ਗੁਰੂ ਗੋਬਿੰਦ ਸਿੰਘ ਸਰਕਾਰੀ ਕਾਲਜ ਵਿਚ ਫ਼ੈਡਰੇਸ਼ਨ ਦੀ ਬਰਾਂਚ ਕਾਇਮ ਕੀਤੀ ਗਈ।

ਕਾਮਰੇਡਾਂ ਦੇ ਗੜ੍ਹ ਵਿਚ ਫ਼ੈਡਰੇਸ਼ਨ ਦੇ ਪੈਰ ਪਾਉਣ ਲਈ ਇਹਨਾਂ ਸਿੰਘਾਂ ਨੂੰ ਕਾਫ਼ੀ ਮਿਹਨਤ ਕਰਨੀ ਪਈ।

ਕੁਝ ਸਾਲਾਂ ਵਿਚ ਹੀ ਸਿੰਘਾਂ ਦੀ ਸਖ਼ਤ ਮਿਹਨਤ, ਦ੍ਰਿੜ੍ਹ ਇਰਾਦੇ ਅਤੇ ਕੰਮ ਕਰਨ ਦੀ ਰੁਚੀ ਨੇ ਨੌਜਵਾਨਾਂ ਨੂੰ ਫ਼ੈਡਰੇਸ਼ਨ ਵੱਲ ਖਿੱਚਣਾ ਸ਼ੁਰੂ ਕਰ ਦਿੱਤਾ। ਹੁਣ ਜੰਡਿਆਲੇ ਕਾਲਜ ਵਿਚ ਸਿੱਖ ਸਟੂਡੈਂਟਸ ਫ਼ੈਡਰੇਸ਼ਨ

ਦੀ ਪੂਰੀ ਚੜ੍ਹਤ ਸੀ।

ਕੁਝ ਸਿੰਘਾਂ ਦੇ ਯੂਰਪ ਅਤੇ ਕੁਝ ਦੇ ਖ਼ਾਲਸਾ ਕਾਲਜ (ਜਲੰਧਰ) ਜਾਣ ਤੋਂ ਬਾਅਦ ਹਰਜੀਤ ਸਿੰਘ, ਮਨਜੀਤ ਸਿੰਘ, ਸਤਵੰਤ ਸਿੰਘ 'ਪਾੜ੍ਹਾ' ਅਤੇ ਬਾਕੀ ਸਿੰਘਾਂ ਨੇ ਫ਼ੈਡਰੇਸ਼ਨ ਨੂੰ ਮਜ਼ਬੂਤ ਲੀਹਾਂ 'ਤੇ ਤੋਰਿਆ।

ਹੁਣ ਗੁਰੂ ਗੋਬਿੰਦ ਸਿੰਘ ਸਰਕਾਰੀ ਕਾਲਜ ਜੰਡਿਆਲੇ ਵਿਖੇ ਰਿਜ਼ਲਟ ਆਉਣ ਤੋਂ ਬਾਅਦ ਨਵੀਆਂ ਕਲਾਸਾਂ ਲਈ ਦਾਖ਼ਲੇ ਸ਼ੁਰੂ ਹੋ ਕੇ ਵੀ ਖ਼ਤਮ ਹੋਣ ਵਾਲੇ ਸਨ।

ਕਾਲਜ ਵਿਚ ਨਵੇਂ ਸਟੂਡੈਂਟ ਆ ਰਹੇ ਸਨ ਅਤੇ ਕੁਝ ਪੁਰਾਣੇ ਸਟੂਡੈਂਟ ਕਾਲਜ ਨੂੰ ਅਲਵਿਦਾ ਆਖ ਕੇ ਜਾ ਰਹੇ ਸਨ।

ਰਾਜਵੀਰ ਕੰਟੀਨ ਦੇ ਬਾਹਰ ਖੜਾ ਆਪਣੇ ਮਿੱਤਰਾਂ ਨਾਲ ਚਾਹ ਦੀਆਂ ਚੁਸਕੀਆਂ ਭਰ ਰਿਹਾ ਸੀ ਕਿ ਕਾਲਜ ਦੇ ਗੇਟ ਰਾਹੀਂ ਉਸ ਨੂੰ ਮਨਜੀਤ ਸਿੰਘ ਮੰਗਾ ਤੁਰਿਆ ਆਉਂਦਾ ਨਜ਼ਰੀਂ ਪਿਆ।

ਮੰਗੇ ਨੂੰ ਦੇਖਦਿਆਂ ਹੀ ਉਸ ਨੇ ਕੰਟੀਨ ਵਾਲੇ ਬੱਲੂ ਨੂੰ ਇਕ ਕੱਪ ਚਾਹ ਦਾ ਹੋਰ ਬਣਾਉਣ ਲਈ ਕਹਿ ਦਿੱਤਾ। ਇੰਨੀ ਦੇਰ ਨੂੰ ਮਨਜੀਤ ਸਿੰਘ ਮੰਗਾ ਵੀ ਉਹਦੇ ਕੋਲ ਪਹੁੰਚ ਗਿਆ।

ਮਨਜੀਤ ਸਿੰਘ ਮੰਗਾ ਕਾਲਜ ਦਾ ਪੁਰਾਣਾ ਸਟੂਡੈਂਟ ਸੀ। ਕਾਲਜ ਵਿਚ ਫ਼ੈਡਰੇਸ਼ਨ ਦੀਆਂ ਜੜ੍ਹਾਂ ਲਾਉਣ ਲਈ ਉਸ ਨੇ ਕਾਫ਼ੀ ਕੰਮ ਕੀਤਾ ਸੀ।

ਉਸ ਨੂੰ ਆਇਆ ਦੇਖ ਕੇ ਰਾਜਵੀਰ ਨੂੰ ਇਕ ਚਾਅ ਜਿਹਾ ਚੜ੍ਹ ਗਿਆ ਕਿਉਂਕਿ ਮੰਗੇ ਦੇ ਆਉਣ ਦਾ ਮਤਲਬ ਸੀ ਕਿ ਹਾਈਕਮਾਂਡ ਦਾ ਕੋਈ ਸੁਨੇਹਾ ਹੈ।

ਮੰਗਾ ਕੁਝ ਥੱਕਿਆ-ਥੱਕਿਆ ਜਿਹਾ ਲੱਗਦਾ ਸੀ ਪਰ ਚਾਹ ਪੀਣ ਤੋਂ ਬਾਅਦ ਉਹ ਜ਼ਰਾ ਖਿੜ ਜਿਹਾ ਗਿਆ।

"ਮਾਰ ਲਿਆ ਮੈਨੂੰ ਤਾਂ ਤੁਹਾਡੇ ਸੁਨੇਹਿਆਂ ਨੇ।"

"ਸਾਲਿਓ, ਆਪ ਕਾਲਜ ਵਿਚ ਸੁਖੀ ਬੈਠੇ ਅੱਯਾਸ਼ੀਆਂ ਕਰਦੇ ਹੋ ਤੇ ਮੈਂ ਬੱਸਾਂ ਵਿਚ ਧੱਕੇ ਖਾਂਦਾ ਫਿਰਦਾਂ।"

ਮੰਗਾ ਰੋਡਵੇਜ਼ ਦੀ ਬੱਸ ਵਿਚ ਵਾਹਵਾ ਖੱਜਲ ਹੋ ਕੇ ਆਇਆ ਸੀ ਪਰ ਚਾਹ ਪੀ ਕੇ ਜ਼ਰਾ ਕੰਡੇ 'ਚ ਹੋ ਗਿਆ।

"ਹੁਣ ਕੀ ਹੁਕਮ ਲੈ ਕੇ ਆਇਆਂ ਸਾਡੇ ਲਈ ?"

ਰਾਜਵੀਰ ਹਾਈਕਮਾਂਡ ਦਾ ਸੁਨੇਹਾ ਸੁਣਨ ਲਈ ਕਾਹਲਾ ਸੀ।

"ਲਉ ਸੁਣੋ ਫੇਰ ਹੁਕਮ ਜਥੇਦਾਰਾਂ ਦਾ।" ਮੰਗਾ ਭਵਿੱਖਬਾਣੀ ਕਰਨ ਵਾਲਿਆਂ ਵਾਂਗ ਬੋਲਿਆ, "ਇਕ ਸਿੰਘ ਨੂੰ ਤੁਹਾਡੇ ਕਾਲਜ ਵਿਚ ਐਡਮਿਸ਼ਨ ਦਿਵਾਉਣੀ ਏ, ਬੀ.ਏ. ਪਾਰਟ ਵਨ ਵਿਚ। ਦੋ ਸਾਲ ਹੋ ਗਏ ਜਦੋਂ ਉਸ ਨੇ ਪਲੱਸ-ਟੂ ਕੀਤੀ ਸੀ। ਹੁਣ ਜਥੇਬੰਦੀ ਦਾ ਹੁਕਮ ਹੈ ਕਿ ਉਸ ਨੂੰ ਜੰਡਿਆਲੇ ਕਾਲਜ ਐਡਮੀਸ਼ਨ ਦਿਵਾਉ।"

"ਪਰ ਯਾਰ ਐਡਮਿਸ਼ਨ ਤਾਂ ਬੰਦ ਵੀ ਹੋ ਗਈ ਏ।"

"ਤੂੰ ਕੁਝ ਦਿਨ ਪਹਿਲਾਂ ਨਹੀਂ ਸੀ ਆ ਸਕਦਾ।" ਬਿਕਰਮਜੀਤ ਸਿੰਘ ਬਿੱਕਰ ਬੋਲਿਆ।

"ਨਾ ਮੈਨੂੰ ਕਿਹੜਾ ਸੁਪਨੇ ਆਉਂਦੇ ਨੇ। ਬਈ ਕਦੋਂ ਤੁਹਾਡੇ ਪਤੰਦਰਾਂ ਦਾ ਹੁਕਮ ਆ ਜਾਣਾ ਏ, ਪਤੰਦਰ ਰਾਸ਼ਨ ਲੈ ਕੇ ਮੇਰੇ 'ਤੇ ਚੜ੍ਹ ਜਾਂਦੇ ਹੋ।" ਮੰਗਾ ਆਪਣੀ ਥਾਂ ਸਤਿਆ ਬੈਠਾ ਸੀ।

"ਚੱਲ ਕੋਈ ਗੱਲ ਨਹੀਂ, ਆਪਾਂ ਕੱਢਦੇ ਆਂ ਕੋਈ ਹੱਲ। ਤੁਸੀਂ ਆਪਸ ਵਿਚ ਕਿਉਂ ਸਿੰਗ ਫਸਾਈ ਜਾਂਦੇ ਹੋ।" ਸੁਖਵੰਤ ਸਿੰਘ ਸੱਤੇ ਨੇ ਮੁਸਕੜੀਆਂ ਵਿਚ ਹੱਸਦੇ ਹੋਏ ਨੇ ਕਿਹਾ।

"ਚੰਗਾ ਫੇਰ, ਤੁਸੀਂ ਜਾਣੋ ਜਾਂ ਤੁਹਾਡਾ ਕੰਮ.....ਮੈਂ ਸੁਨੇਹਾ ਦੇ ਕੇ ਆਪਣਾ ਫ਼ਰਜ਼ ਪੂਰਾ ਕਰ ਦਿੱਤਾ ਏ। ਪਰ ਉਸ ਫ਼ਨੀਅਰ ਸੱਪ ਦਾ ਐਡਮੀਸ਼ਨ ਜ਼ਰੂਰ ਕਰਾਉਣਾ ਏ..... ਡਾਕਟਰ ਨੇ ਖ਼ਾਸ ਤਾਕੀਦ ਕੀਤੀ ਆ ਉਹਦੇ ਬਾਰੇ।" ਐਨੀ ਗੱਲ ਆਖ ਮੰਗਾ ਜਾਣ ਲਈ ਤਿਆਰ ਹੋ ਗਿਆ।

ਰਾਜਵੀਰ ਮੰਗੇ ਦੇ ਨਾਲ ਕਾਲਜ ਦੇ ਗੇਟ ਤਕ ਆਇਆ। ਉਸ ਨੇ ਮੰਗੇ ਕੋਲੋਂ ਉਸ ਨਵੇਂ ਸਿੰਘ ਬਾਰੇ ਜਾਣਨ ਲਈ ਪੁੱਛਿਆ, "ਕਿਹੜੇ ਪਿੰਡੋਂ ਏ ਤੇਰਾ ਫ਼ਨੀਅਰ ਜਿਸ ਦੀ ਡਾਕਟਰ ਨੇ ਵੀ ਖ਼ਾਸ ਤਾਕੀਦ ਕੀਤੀ ਏ?"

ਰਾਜਵੀਰ ਦੀ ਗੱਲ ਸੁਣ ਕੇ ਮੰਗੇ ਨੇ ਸਾਫ਼ ਹੀ ਮੋਢੇ ਚੁੱਕ ਦਿੱਤੇ, "ਮੈਨੂੰ ਕੁਝ ਨਹੀਂ ਪਤਾ ਭਰਾਵਾ, ਮੇਰਾ ਕੰਮ ਤਾਂ ਸਿਰਫ਼ ਤੁਹਾਨੂੰ ਸੁਨੇਹਾ ਦੇਣਾ ਹੀ ਸੀ।"

ਮੰਗੇ ਦੇ ਜਾਣ ਮਗਰੋਂ ਫ਼ੈਡਰੇਸ਼ਨ ਦੇ ਸੀਨੀਅਰ ਸਿੰਘ ਆਪਣੇ ਦਫ਼ਤਰ ਵਿਚ ਬੈਠੇ ਵਿਚਾਰ ਕਰਨ ਲੱਗ ਪਏ।

ਕਾਲਜ ਦੇ ਇਕ ਖ਼ਾਲੀ ਪਏ ਕਮਰੇ ਨੂੰ ਫ਼ੈਡਰੇਸ਼ਨ ਨੇ ਆਪਣੇ ਕਬਜ਼ੇ 'ਚ ਕੀਤਾ ਹੋਇਆ ਸੀ ਅਤੇ ਸਾਰੇ ਕਾਲਜ ਵਿਚ ਉਹ ਕਮਰਾ ਫ਼ੈਡਰੇਸ਼ਨ ਦੇ ਦਫ਼ਤਰ ਵਜੋਂ ਮਸ਼ਹੂਰ ਸੀ।

"ਹੁਣ ਇਸ ਨਵੀਂ ਬਿਪਤਾ ਦਾ ਕੀ ਕਰੀਏ ? ਐਡਮੀਸ਼ਨ ਤਾਂ ਸਾਰੇ ਹੀ ਹੋ ਚੁੱਕੀ ਏ।" ਬਿਕਰਮਜੀਤ ਸਿੰਘ ਬਿੱਕਰ ਨੇ ਆਪਣਾ ਖ਼ਿਆਲ ਰੱਖਿਆ।

"ਗੱਲ ਤਾਂ ਤੇਰੀ ਸੱਚੀ ਏ ਮਿੱਤਰਾ ਪਰ ਉਹਨਾਂ ਬਾਪੂਆਂ ਨੂੰ ਕੌਣ ਸਮਝਾਵੇ ਬਈ ਜੇ ਐਡਮੀਸ਼ਨ ਕਰਾਉਣਾ ਹੀ ਹੈ ਤਾਂ ਕੁਝ ਚਿਰ ਪਹਿਲਾਂ ਨਹੀਂ ਦੱਸ ਸਕਦੇ।" ਰੁੜਕੀ ਵਾਲਾ ਜੱਸਾ ਹਾਈਕਮਾਂਡ 'ਤੇ ਗਿਲੇ ਕਰ ਰਿਹਾ ਸੀ।

"ਹੁਣ ਰੋਸੇ ਕਰਨੇ ਛੱਡ ਕੇ ਕੋਈ ਹੱਲ ਲੱਭੋ, ਐਡਮੀਸ਼ਨ ਤਾਂ ਆਪਾਂ ਨੂੰ ਕਰਾਉਣਾ ਹੀ ਪੈਣਾ।"

"ਇਹਦੇ ਲਈ ਚਾਹੇ ਪ੍ਰਿੰਸੀਪਲ ਨੂੰ ਪਿਆਰ ਨਾਲ ਮਨਾਉ ਚਾਹੇ ਫੇਰ.....।" ਸੱਤਾ ਆਪਣੀ ਗੱਲ ਅਧੂਰੀ ਛੱਡ ਗਿਆ।

"ਚਲੋ ਦੱਸੋ ਫਿਰ ਕੀਹਦੀ ਡਿਊਟੀ ਲਾਈਏ ਪ੍ਰਿੰਸੀਪਲ ਨਾਲ ਗੱਲ ਕਰਨ ਦੀ।" ਫਗਵਾੜੇ ਵਾਲਾ ਲੰਬੜ ਰਾਜਵੀਰ ਕੰਨੀਂ ਝਾਕਦਾ ਹੋਇਆ ਬੋਲਿਆ।

"ਰਾਜਵੀਰ ਅਤੇ ਰਵਿੰਦਰ ਪ੍ਰਿੰਸੀਪਲ ਨਾਲ ਗੱਲ ਕਰਨ।" ਸੈਦੋਵਾਲੀਏ ਬੱਲੀ ਨੇ ਆਪਣਾ ਫ਼ੈਸਲਾ ਸੁਣਾ ਦਿੱਤਾ।

ਰਾਜਵੀਰ ਅਤੇ ਰਵਿੰਦਰ ਮੁਸਕੜੀਆਂ ਵਿਚ ਮੁਸਕਰਾ ਰਹੇ ਸਨ ਕਿਉਂਕਿ ਬਹੁਤ ਵਾਰੀ ਇੰਜ ਹੀ ਹੋਇਆ ਸੀ ਕਿ ਜਦੋਂ ਕੋਈ ਹੋਰ ਰਾਹ ਨਜ਼ਰ ਨਾ ਪੈਂਦਾ ਤਾਂ ਖੁੱਭੀ ਕੱਢਣ ਲਈ ਪੰਜਾਲੀ ਇਹਨਾਂ ਦੋਹਾਂ ਦੇ ਗਲ ਹੀ ਪਾਈ ਜਾਂਦੀ ਸੀ।

"ਚੰਗਾ ਫੇਰ, ਕੱਲ੍ਹ ਨੂੰ ਮੈਂ ਅਤੇ ਰਵਿੰਦਰ ਪ੍ਰਿੰਸੀਪਲ ਮੈਡਮ ਨਾਲ ਗੱਲ ਕਰ ਕੇ ਦੇਖਾਂਗੇ।" ਇੰਨੀ ਗੱਲ ਆਖ ਰਾਜਵੀਰ ਜਾਣ ਲਈ ਖੜ੍ਹਾ ਹੋ ਗਿਆ। ਬਾਕੀ ਸਾਰੇ ਜਣੇ ਵੀ ਉਸ ਦੇ ਨਾਲ ਹੀ ਜੰਡਿਆਲੇ ਬੱਸ ਅੱਡੇ ਵੱਲ ਨੂੰ ਤੁਰ ਪਏ।

ਬੱਸ ਅੱਡੇ ਤੋਂ ਆਪੋ-ਆਪਣੇ ਪਿੰਡਾਂ ਨੂੰ ਜਾਣ ਵਾਲੀਆਂ ਬੱਸਾਂ ਵਿਚ ਬੈਠ ਉਹ ਕੱਲ੍ਹ ਨੂੰ ਮਿਲਣ ਵਾਸਤੇ ਫਿਰ ਵਿੱਛੜ ਗਏ।

ਬੱਸ ਵਿਚ ਬੈਠਾ ਵੀ ਰਾਜਵੀਰ ਇਹੀ ਸੋਚ ਰਿਹਾ ਸੀ ਕਿ ਕੌਣ ਹੋਏਗਾ ਇਹ ਸਿੰਘ ?

*

ਕਾਂਡ 2

ਕਾਲਜ ਦੀ ਪ੍ਰਿੰਸੀਪਲ ਇਕ ਨੇਕ ਹਿੰਦੂ ਔਰਤ ਸੀ ਜਿਸ ਦਾ ਸੁਭਾਅ ਬਹੁਤ ਹੀ ਸ਼ਾਂਤ ਸੀ।

ਲੁਧਿਆਣੇ ਸ਼ਹਿਰ ਦੀ ਵਸਨੀਕ ਉਹ ਲੁਧਿਆਣੇ ਤੋਂ ਬੱਸ ਰਾਹੀਂ ਗੁਰਾਇਆਂ ਸ਼ਹਿਰ ਤਕ ਆਉਂਦੀ ਅਤੇ ਗੁਰਾਇਆਂ ਤੋਂ ਜੰਡਿਆਲੇ ਜਾਣ ਵਾਲੀ ਬੱਸ ਫੜਦੀ।

ਰਾਜਵੀਰ ਵੀ ਹਮੇਸ਼ਾਂ ਗੁਰਾਇਆਂ ਤੋਂ ਹੀ ਬੱਸ ਫੜਦਾ ਸੀ।

ਬਹੁਤ ਵਾਰੀ ਰਾਜਵੀਰ ਅਤੇ ਪ੍ਰਿੰਸੀਪਲ ਮੈਡਮ ਇਕ ਹੀ ਬੱਸ ਵਿਚ ਸਫ਼ਰ ਕਰਦੇ। ਪੰਤਾਲੀ ਕੁ ਸਾਲ ਉਮਰ ਹੋਵੇਗੀ ਪ੍ਰਿੰਸੀਪਲ ਮੈਡਮ ਦੀ ਪਰ ਉਸ ਨੇ ਅਜੇ ਤਕ ਵਿਆਹ ਨਹੀਂ ਸੀ ਕਰਵਾਇਆ।

ਹਰ ਰੋਜ਼ ਬੱਸ ਵਿਚ ਮਿਲਣ ਕਾਰਨ ਪ੍ਰਿੰਸੀਪਲ ਰਾਜਵੀਰ ਦੀ ਚੰਗੀ ਵਾਕਫ਼ ਹੋ ਗਈ ਸੀ।

ਬਹੁਤ ਵਾਰੀ ਉਹ ਇਕ ਹੀ ਸੀਟ 'ਤੇ ਬੈਠੇ ਗੱਲਾਂ ਕਰਦੇ-ਕਰਦੇ ਜੰਡਿਆਲੇ ਪਹੁੰਚ ਜਾਂਦੇ।

ਹਰ ਰੋਜ਼ ਸਾਰੀਆਂ ਗੱਲਾਂ ਕਰਨ ਤੋਂ ਬਾਅਦ ਪ੍ਰਿੰਸੀਪਲ ਮੈਡਮ ਇਕ ਗੱਲ ਜ਼ਰੂਰ ਕਹਿੰਦੀ, "ਮੈਂ ਤੁਹਾਡੇ ਕੌਮੀ ਜਜ਼ਬਾਤਾਂ ਦੀ ਕਦਰ ਕਰਦੀ ਹਾਂ ਪਰ ਜੀਵਨ ਲਈ ਪੜ੍ਹਾਈ ਵੀ ਬਹੁਤ ਜ਼ਰੂਰ ਹੁੰਦੀ ਏ ਬੇਟਾ ਜੀ।"

ਪ੍ਰਿੰਸੀਪਲ ਦੀਆਂ ਗੱਲਾਂ 'ਚੋਂ ਰਾਜਵੀਰ ਨੂੰ ਹਮੇਸ਼ਾਂ ਹੀ ਮਾਂ ਦੀ ਮਮਤਾ ਵਰਗੀ ਖ਼ੁਸ਼ਬੋ ਆਉਂਦੀ।

ਅੱਜ ਵੀ ਆਮ ਦਿਨਾਂ ਵਾਂਗ ਹੀ ਰਾਜਵੀਰ ਅਤੇ ਪ੍ਰਿੰਸੀਪਲ ਮੈਡਮ ਇਕ ਹੀ ਸੀਟ 'ਤੇ ਬੈਠੇ ਕਾਲਜ ਦੀਆਂ ਗੱਲਾਂ ਕਰਦੇ ਜਾ ਰਹੇ ਸਨ ਕਿ ਰਾਜਵੀਰ ਨੇ ਅਚਾਨਕ ਹੀ ਪ੍ਰਿੰਸੀਪਲ ਮੈਡਮ ਨੂੰ ਪੁੱਛ ਲਿਆ, "ਮੈਡਮ ਜੀ, ਜੇ ਐਡਮਿਸ਼ਨ ਬੰਦ ਹੋਣ ਤੋਂ ਬਾਅਦ ਕਿਸੇ ਨੂੰ ਐਡਮਿਸ਼ਨ ਦਿਵਾਉਣਾ ਹੋਵੇ ਤਾਂ.....।"

ਰਾਜਵੀਰ ਜਾਣ ਕੇ ਗੱਲ ਅਧੂਰੀ ਛੱਡ ਗਿਆ।

ਪ੍ਰਿੰਸੀਪਲ ਨੇ ਉਹਦੇ ਵੱਲ ਮੁਸਕਰਾ ਕੇ ਦੇਖਿਆ ਅਤੇ ਬੋਲੀ, "ਮੇਰੇ ਦਫ਼ਤਰ ਵਿਚ ਆ ਜਾਵੀਂ ਬੇਟਾ, ਆਪਾਂ ਉਥੇ ਬੈਠ ਕੇ ਗੱਲ ਕਰਾਂਗੇ।"

ਕਾਲਜ ਵਿਚ ਪਹੁੰਚ ਕੇ ਸਭ ਤੋਂ ਪਹਿਲਾਂ ਕੰਟੀਨ ਵਿਚ ਜੁੜ ਬੈਠੇ ਮਿੱਤਰਾਂ ਕੋਲ ਜਾ ਕੇ ਰਾਜਵੀਰ ਨੇ ਫ਼ਤਹਿ ਬੁਲਾਈ।

ਰਵਿੰਦਰ ਚਾਹ ਦਾ ਕੱਪ ਚੁੱਕੀ ਉਹਦੇ ਕੋਲ ਆ ਗਿਆ।

"ਹੁਣ ਫਿਰ ਪ੍ਰਿੰਸੀਪਲ ਨਾਲ ਕਿਵੇਂ ਗੱਲ ਤੋਰਨੀ ਏ?" ਸ਼ਸ਼ੋਪੰਜ ਵਿਚ ਪਿਆ ਰਵਿੰਦਰ ਬੋਲਿਆ।

"ਚਾਹ ਪੀ ਲੈ, ਫਿਰ ਦਫ਼ਤਰ ਵਿਚ ਜਾ ਕੇ ਹੀ ਗੱਲ ਤੋਰਾਂਗੇ।" ਰਾਜਵੀਰ ਨੇ ਹੱਸਦੇ ਹੋਏ ਜਵਾਬ ਦਿੱਤਾ।

"ਕੁਝ ਵੀ ਹੋ ਜਾਵੇ ਰਾਜਵੀਰ ਪਰ ਆਪਾਂ ਨੂੰ ਪ੍ਰਿੰਸੀਪਲ ਮੈਡਮ ਨਾਲ ਆਪਣਾ ਰਿਸ਼ਤਾ ਵਿਗਾੜਨਾ ਨਹੀਂ ਚਾਹੀਦਾ, ਨਾਲੇ ਤੈਨੂੰ ਤਾਂ ਉਹ ਪੁੱਤਾਂ ਵਾਂਗ ਸਮਝਦੀ ਏ।" ਰਵਿੰਦਰ ਨੇ ਰਾਜਵੀਰ ਨੂੰ ਅਕਲ ਦੀ ਦਵਾਈ ਦੇਣੀ ਸ਼ੁਰੂ ਕਰ ਦਿੱਤੀ।

ਚਾਹ ਖ਼ਤਮ ਕਰ ਕੇ ਉਹ ਪ੍ਰਿੰਸੀਪਲ ਦੇ ਦਫ਼ਤਰ ਵੱਲ ਨੂੰ ਚੱਲ ਪਏ।

ਚਪੜਾਸੀ ਨੂੰ ਕਿਹਾ ਕਿ ਜਾਹ ਜਾ ਕੇ ਪ੍ਰਿੰਸੀਪਲ ਨੂੰ ਆਖ ਕਿ ਫੈਡਰੇਸ਼ਨ ਵਾਲੇ ਮਿਲਣਾ ਚਾਹੁੰਦੇ ਨੇ। ਚਪੜਾਸੀ ਨੇ ਮੈਡਮ ਕੋਲੋਂ ਪੁੱਛ ਕੇ ਉਹਨਾਂ ਨੂੰ ਅੰਦਰ ਜਾਣ ਲਈ ਇਸ਼ਾਰਾ ਕਰ ਦਿੱਤਾ।

"ਆ ਗਈ ਫਿਰ ਜੋੜੀ।" ਉਹਨਾਂ ਵੱਲ ਦੇਖ ਕੇ ਪ੍ਰਿੰਸੀਪਲ ਨੇ ਵਿਅੰਗ ਕੱਸਿਆ।

"ਕੀ ਕਰੀਏ ਮੈਡਮ ਜੀ, ਕਈ ਵਾਰੀ ਅਸੀਂ ਚਾਹੁੰਦੇ ਨਹੀਂ ਕਿ ਤੁਹਾਨੂੰ ਕੋਈ ਕਸ਼ਟ ਦੇਈਏ ਪਰ ਸਾਨੂੰ ਵੀ ਹੁਕਮ ਵਜਾਉਣਾ ਪੈਂਦਾ ਹੈ।" ਰਵਿੰਦਰ ਆਪਣੀ ਮਜਬੂਰੀ ਦੇ ਰੋਣੇ ਪ੍ਰਿੰਸੀਪਲ ਕੋਲ ਰੋਣ ਬਹਿ ਗਿਆ।

"ਹੁਣ ਕੀ ਮਜਬੂਰੀ ਪੈ ਗਈ ਮੇਰੇ ਲਾਲਾਂ ਨੂੰ?" ਪ੍ਰਿੰਸੀਪਲ ਨੇ ਮਜ਼ਾਕੀਆ ਮੂਡ ਵਿਚ ਕਿਹਾ।

"ਮੈਡਮ, ਸਾਨੂੰ ਪਤਾ ਹੈ ਕਿ ਐਡਮਿਸ਼ਨ ਬੰਦ ਹੋ ਚੁੱਕੇ ਸਨ, ਪਰ ਜੇ ਸਾਡੇ ਇਕ ਸਿੰਘ ਦੀ ਐਡਮਿਸ਼ਨ ਹੋ ਜਾਵੇ ਤਾਂ.....।" ਰਾਜਵੀਰ ਨੇ ਆਪਣੀ ਗੱਲ ਨੂੰ ਪ੍ਰਿੰਸੀਪਲ ਦੇ ਸਾਹਮਣੇ ਕਿਹਾ।

ਉਹਨਾਂ ਦੀ ਗੱਲ ਸੁਣ ਕੇ ਪ੍ਰਿੰਸੀਪਲ ਵੀ ਗੰਭੀਰ ਹੋ ਗਈ।

ਕੁਝ ਚਿਰ ਸੋਚਣ ਤੋਂ ਬਾਅਦ ਮੈਡਮ ਨੇ ਕਿਹਾ, "ਠੀਕ ਹੈ ਐਡਮਿਸ਼ਨ ਤਾਂ ਮੈਂ ਦੇ ਦਿਆਂਗੀ ਪਰ ਇਕ ਗੱਲ ਦੀ ਗਾਰੰਟੀ ਤੁਸਾਂ ਦੀ ਹੋਵੇਗੀ ਕਿ

ਕਾਲਜ ਦਾ ਮਾਹੌਲ ਖ਼ਰਾਬ ਨਾ ਹੋਵੇ, ਬੇਲੋੜੀਆਂ ਸਟਰਾਈਕਾਂ ਨਾ ਹੋਣ, ਕੋਈ ਲੜਾਈ-ਝਗੜਾ ਨਾ ਹੋਵੇ।"

ਇਸ ਤੋਂ ਪਹਿਲਾਂ ਕਿ ਰਾਜਵੀਰ ਕੁਝ ਕਹਿੰਦਾ, ਰਵਿੰਦਰ ਝੱਟ ਬੋਲਿਆ, "ਤੁਸੀਂ ਇਸ ਗੱਲ ਦੀ ਜਮਾਂ ਹੀ ਫ਼ਿਕਰ ਨਾ ਕਰੋ ਜੀ।" ਰਵਿੰਦਰ ਦੀ ਕਾਹਲ ਦੇਖ ਕੇ ਰਾਜਵੀਰ ਬੁੱਲ੍ਹਾਂ ਵਿਚ ਮੁਸਕਰਾ ਪਿਆ ਕਿਉਂਕਿ ਉਸ ਨੂੰ ਪਤਾ ਸੀ ਕਿ ਰਵਿੰਦਰ ਕਦੇ ਵੀ ਇਹ ਨਹੀਂ ਸੀ ਚਾਹੁੰਦਾ ਕਿ ਪ੍ਰਿੰਸੀਪਲ ਅਤੇ ਜਥੇਬੰਦੀ ਦੇ ਰਿਸ਼ਤਿਆਂ ਵਿਚ ਕੋਈ ਵਿਗਾੜ ਪਵੇ। ਮੋਰਚਾ ਸਰ ਹੁੰਦਾ ਦੇਖ ਕੇ ਉਹ ਜ਼ਰਾ ਉਤਾਵਲਾ ਜਿਹਾ ਹੋ ਗਿਆ ਸੀ।

ਪ੍ਰਿੰਸੀਪਲ ਨੇ ਪਰੌਸਪੈਕਟਸ ਰਾਜਵੀਰ ਨੂੰ ਦੇ ਦਿੱਤਾ।

*

ਕਾਂਡ 3

ਗੁਰਾਇਆਂ ਬੱਸ ਅੱਡੇ 'ਚ ਖੜਾ ਰਾਜਵੀਰ ਕਾਲਜ ਜਾਣ ਵਾਲੀ ਬੱਸ ਦੇ ਤੁਰਨ ਦੀ ਇੰਤਜ਼ਾਰ ਵਿਚ ਸੀ ਕਿ ਪਤਾ ਨਹੀਂ ਕਿਥੋਂ ਨਿਰਮਲ ਸਿੰਘ ਨਿੰਮਾ ਆ ਪ੍ਰਗਟ ਹੋਇਆ।

"ਕਿੱਦਾਂ ਬਈ ਪਾੜ੍ਹਿਆ, ਚੱਲੀਆਂ ਨੇ ਫ਼ੌਜਾਂ ਕਾਲਜ ਨੂੰ?"

ਰਾਜਵੀਰ ਹੈਰਾਨ ਹੋਇਆ ਉਹਦੇ ਮੂੰਹ ਵੱਲ ਦੇਖ ਰਿਹਾ ਸੀ ਕਿ ਨਿੰਮਾ ਫੇਰ ਬੋਲਿਆ, "ਅਸੀਂ ਵੀ ਆਉਣਾ ਤੁਹਾਡੇ ਕਾਲਜ ਨੂੰ, ਕੱਲ ਨੂੰ ਆਵਾਂਗੇ ਨਾਲੇ ਤੁਹਾਡਾ ਧੰਨਵਾਦ ਵੀ ਕਰਨਾ ਏ ਭਰਾਵਾ।"

"ਧੰਨਵਾਦ ਕਿਹੜੀ ਗੱਲ ਦਾ ਕਰੀ ਜਾਨਾਂ ਜਥੇਦਾਰਾ, ਹਾਲੇ ਤਾਂ ਛਿੱਕੂ ਵਿਚੋਂ ਪੂਣੀ ਵੀ ਨਹੀਂ ਕੱਤੀ ਆਪਾਂ।"

ਰਾਜਵੀਰ ਖ਼ਾਲਿਸਤਾਨ ਦੀ ਲਹਿਰ ਦੇ ਸਹੀ ਲੀਹਾਂ 'ਤੇ ਨਾ ਤੁਰਨ ਦੀ ਗੱਲ ਨੂੰ ਧਿਆਨ ਵਿਚ ਰੱਖਦਿਆਂ ਬੋਲਿਆ।

"ਉਹ ਨਹੀਂ ਭਰਾਵਾ, ਧੰਨਵਾਦ ਤਾਂ ਇਸ ਗੱਲ ਦਾ ਕਰਨਾ ਕਿ ਤੁਸੀਂ ਆਪਣੇ ਉਸ ਸਿੰਘ ਦਾ ਐਡਮੀਸ਼ਨ ਕਰਵਾ ਦਿੱਤਾ ਏ।"

ਨਿੰਮੇ ਨੂੰ ਹਰ ਗੱਲ ਦੇ ਨਾਲ 'ਭਰਾਵਾ' ਸ਼ਬਦ ਬੋਲਣ ਦੀ ਪੁਰਾਣੀ ਆਦਤ ਸੀ।

"ਉਸ ਸਿੰਘ ਨੂੰ ਵੀ ਨਾਲ ਹੀ ਲੈ ਕੇ ਆਵਾਂਗੇ ਕੱਲ੍ਹ ਨੂੰ, ਨਾਲੇ ਤੁਹਾਡੀ ਚੰਗੀ ਤਰ੍ਹਾਂ ਜਾਣ-ਪਛਾਣ ਕਰਵਾ ਦਿਆਂਗੇ।"

"ਤੇਰੀ ਬੱਸ ਕਦੋਂ ਕੁ ਤੁਰਨੀ ਏ?" ਬੱਸ ਵੱਲ ਤੱਕਦੇ ਹੋਏ ਨਿੰਮੇ ਨੇ ਪੁੱਛਿਆ।

"ਹਾਲੇ ਲੱਗ ਜਾਣੇ ਨੇ ਪੰਦਰਾਂ-ਵੀਹ ਮਿੰਟ," ਰਾਜਵੀਰ ਨੇ ਗੁੱਟ 'ਤੇ ਬੱਧੀ ਘੜੀ ਵੱਲ ਦੇਖਦੇ ਹੋਏ ਜਵਾਬ ਦਿੱਤਾ।

"ਚੱਲ ਆ ਜਾ ਫੇਰ ਭਰਾਵਾ ਤੈਨੂੰ ਭਾਈਆਂ ਦੇ ਹੋਟਲ ਦੀ ਚਾਹ ਪਿਲਾਉਨੇ ਆਂ।" ਏਨੀ ਗੱਲ ਆਖ ਨਿੰਮੇ ਨੇ ਰਾਜਵੀਰ ਨੂੰ ਬਾਹੋਂ ਫੜ ਭਾਈਆਂ ਦੇ ਹੋਟਲ ਵੱਲ ਤੋਰ ਲਿਆ।

ਚਾਹ ਪੀਂਦੇ ਉਹ ਕੌਮੀ ਹਾਲਾਤ 'ਤੇ ਵਿਚਾਰ ਕਰਦੇ ਆਪਣੇ-ਆਪਣੇ ਦਿਲ ਦੀ ਭੜਾਸ ਕੱਢਦੇ ਰਹੇ।

ਚਾਹ ਦਾ ਆਖ਼ਰੀ ਘੁੱਟ ਭਰਦਿਆਂ ਰਾਜਵੀਰ ਨਿੰਮੇ ਤੋਂ ਇਜਾਜ਼ਤ ਲੈ ਕਾਲਜ ਜਾਣ ਵਾਲੀ ਬੱਸ 'ਤੇ ਚੜ੍ਹ ਗਿਆ।

ਦੂਸਰੇ ਦਿਨ ਕਾਲਜ ਦੀ ਗਰਾਊਂਡ ਵਿਚ ਫੁੱਟਬਾਲ ਖੇਡਦੇ-ਖੇਡਦੇ ਰਾਜਵੀਰ ਦੀ ਨਜ਼ਰ ਕੰਟੀਨ ਵੱਲ ਪਈ ਤਾਂ ਉਸ ਨੇ ਦੇਖਿਆ ਕਿ ਨਿਰਮਲ ਸਿੰਘ ਨਿੰਮਾ ਅਤੇ ਦੋ ਹੋਰ ਸਿੰਘ ਕੰਟੀਨ ਦੇ ਕੋਲ ਖੜੇ ਨੇ।

ਫੁੱਟਬਾਲ ਖੇਡਣਾ ਛੱਡ ਉਹ ਉਹਨਾਂ ਵੱਲ ਨੂੰ ਤੁਰ ਪਿਆ। ਇੰਨੇ ਚਿਰ ਨੂੰ ਸੱਤੇ, ਬੱਲੀ ਅਤੇ ਰਵਿੰਦਰ ਨੇ ਵੀ ਉਹਨਾਂ ਨੂੰ ਦੇਖ ਲਿਆ ਸੀ।

ਸਾਰੇ ਜਣੇ ਕੰਟੀਨ ਦੇ ਬੈਂਚਾਂ 'ਤੇ ਸੁਸ਼ੋਭਤ ਹੋ ਗਏ। ਰਵਿੰਦਰ ਨੇ ਕੰਟੀਨ ਵਾਲੇ ਬੱਲੂ ਨੂੰ ਚਾਹ ਦਾ ਆਰਡਰ ਦੇ ਦਿੱਤਾ। ਨਿੰਮੇ ਦੇ ਨਾਲ ਆਏ ਇਕ ਸਿੰਘ ਨੂੰ ਸਾਰਿਆਂ ਨੇ ਪਹਿਲੀ ਵਾਰ ਦੇਖਿਆ ਸੀ।

ਨਿੰਮੇ ਨੇ ਉਸ ਦੀ ਜਾਣ-ਪਛਾਣ ਕਰਵਾਈ।

"ਲਉ ਬਈ ਭਰਾਵੋ, ਇਹ ਜੇ ਆਪਣਾ ਬੱਬੂ, ਮਨਜਿੰਦਰ ਸਿੰਘ ਬੱਬੂ। ਇਸ ਦੇ ਐਡਮਿਸ਼ਨ ਵਾਸਤੇ ਹੀ ਤੁਹਾਨੂੰ ਕਸ਼ਟ ਦੇਣਾ ਪਿਆ।"

ਇਹ ਸੀ ਉਹਨਾਂ ਦੀ ਬੱਬੂ ਨਾਲ ਪਹਿਲੀ ਮਿਲਣੀ।

ਰੁੜਕਾਂ ਕਲਾਂ ਪਿੰਡ ਦਾ ਰਹਿਣ ਵਾਲਾ ਬੱਬੂ ਬਹੁਤ ਹੀ ਹੱਸਮੁੱਖ ਅਤੇ ਮਜ਼ਾਕੀਆ ਸੁਭਾਅ ਦਾ ਮਾਲਕ ਸੀ।

ਪੰਜ ਫ਼ੁੱਟ ਗਿਆਰਾਂ ਇੰਚ ਕੱਦ, ਗੋਰਾ ਰੰਗ, ਬੜੀ ਪੋਚ-ਪੋਚ ਕੇ ਪੱਗ ਬੰਨ੍ਹਦਾ ਅਤੇ ਫੁੱਟਬਾਲ ਖੇਡਣ ਦਾ ਪਾਗਲਪਨ ਦੀ ਹੱਦ ਤਕ ਸ਼ੌਕੀਨ।

ਰੁੜਕਾਂ ਕਲਾਂ ਪਿੰਡ ਵਿਚ 10+2 ਤੱਕ ਪੜ੍ਹਿਆ ਅਤੇ ਫਿਰ ਖ਼ਾਲਿਸਤਾਨੀ ਲਹਿਰ ਨੂੰ ਸਮਰਪਿਤ ਹੋ ਗਿਆ। ਡੌਲੇ 'ਤੇ ਲੱਗੀ ਗੋਲੀ ਦਾ ਨਿਸ਼ਾਨ ਉਹ ਅਕਸਰ ਹੀ ਦਿਖਾਉਂਦਾ। ਆਪਣੇ ਹੱਸਮੁੱਖ ਸੁਭਾਅ ਕਾਰਨ ਜਲਦੀ ਹੀ ਉਸ ਸਾਰੇ ਗਰੁੱਪ ਵਿਚ ਹਰਮਨ ਪਿਆਰਾ ਹੋ ਗਿਆ।

ਬੱਬੂ ਨੂੰ ਕਾਲਜ ਵਿਚ ਐਡਮੀਸ਼ਨ ਲਏ ਨੂੰ ਅਜੇ ਕੁਝ ਹੀ ਹਫਤੇ ਹੋਏ ਸਨ ਕਿ ਇਕ ਦਿਨ ਕੰਟੀਨ ਦੇ ਬਾਹਰ ਬੈਠੇ ਉਹ ਅਤੇ ਰਾਜਵੀਰ ਚਾਹ ਦੀਆਂ ਚੁਸਕੀਆਂ ਭਰ ਰਹੇ ਸਨ।

ਅਚਾਨਕ ਹੀ ਬੱਬੂ ਇਕਦਮ ਛਾਲ ਮਾਰ ਕੇ ਬੈਂਚ ਤੋਂ ਉੱਠਦਾ ਹੋਇਆ ਬੋਲਿਆ, "ਆਹ ਸਾਲਾ ਬੱਧੂ ਇਥੇ ਕੀ ਕਰਦਾ ਫਿਰਦਾ ?" ਗਰਾਊਂਡ ਵੱਲ ਨੂੰ ਜਾ ਰਹੇ ਇਕ ਮੁੰਡੇ ਵੱਲ ਇਸ਼ਾਰਾ ਕਰ ਕੇ ਉਸ ਨੇ ਕਿਹਾ।

"ਕਿਹੜੇ ਬੱਧੂ ਦੀ ਗੱਲ ਕਰ ਰਿਹਾ ਏਂ ਤੂੰ ?" ਰਾਜਵੀਰ ਦੇ ਕੁਝ ਵੀ ਪੱਲੇ ਨਹੀਂ ਸੀ ਪਿਆ।

"ਉਹ ਮੁੰਡਾ ਨਹੀਂ ਜਾਂਦਾ ਗਰਾਊਂਡ ਵੱਲ ਨੂੰ, ਇਹਦਾ ਨਾਂ ਬੱਧੂ ਏ। ਕਾਹਨਾ ਢੇਸੀਆਂ ਪਿੰਡ ਦਾ ਰਹਿਣ ਵਾਲਾ ਹੈ ਇਹ। ਇਹਦੇ ਨਾਲ ਕਾਫ਼ੀ ਪੁਰਾਣਾ ਹਿਸਾਬ-ਕਿਤਾਬ ਰਹਿੰਦਾ ਏ ਮੇਰਾ।" ਬੱਬੂ ਜਾਂਦੇ ਹੋਏ ਬੱਧੂ ਵੱਲ ਦੇਖਦਾ ਹੋਇਆ ਰਾਜਵੀਰ ਦੇ ਸੁਆਲ ਦਾ ਜਵਾਬ ਦੇ ਰਿਹਾ ਸੀ।

"ਤੇਰਾ ਇਹਦੇ ਨਾਲ ਕੀ ਹਿਸਾਬ-ਕਿਤਾਬ ਰਹਿੰਦਾ ਏ ?" ਰਾਜਵੀਰ ਨੇ ਸਵਾਲੀਆ ਅੰਦਾਜ਼ ਵਿਚ ਪੁੱਛਿਆ।

"ਚੱਲ ਕੰਟੀਨ 'ਚ ਬੈਠ ਕੇ ਸੁਣਾਉਨਾਂ ਸਾਰੀ ਕਹਾਣੀ," ਬੱਬੂ ਤੇ ਰਾਜਵੀਰ ਕੰਟੀਨ ਵਿਚ ਜਾ ਵੜੇ।

ਜੋ ਕਹਾਣੀ ਬੱਬੂ ਨੇ ਰਾਜਵੀਰ ਨੂੰ ਸੁਣਾਈ, ਉਹ ਕੁਝ ਇਸ ਤਰ੍ਹਾਂ ਸੀ :

ਆਪਣੇ ਪਿੰਡ ਰੁੜਕਾਂ ਕਲਾਂ ਤੋਂ 10+2 ਕਰਨ ਤੋਂ ਬਾਅਦ ਜਦ ਬੱਬੂ ਖ਼ਾਲਿਸਤਾਨ ਦੀ ਲਹਿਰ ਨੂੰ ਸਮਰਪਿਤ ਹੋ ਗਿਆ।

ਪੁਲਿਸ ਨਾਲ ਹੁੰਦੇ ਇਕ ਮੁਕਾਬਲੇ ਦੌਰਾਨ ਉਸ ਦੇ ਡੌਲੇ ਵਿਚ ਗੋਲੀ ਗੱਲ ਗਈ। ਬਾਂਹ ਦਾ ਇਲਾਜ ਕਰਾਉਣ ਤੋਂ ਬਾਅਦ ਪੁਲਿਸ ਦੀ ਖੱਜਲ-ਖ਼ੁਆਰੀ ਵੀ ਕਾਫ਼ੀ ਝੱਲਣੀ ਪਈ ਸੀ। ਜਦ ਕੁਝ ਸਮੇਂ ਬਾਅਦ ਪੁਲਿਸ ਤਸ਼ੱਦਦ ਤੋਂ ਨਿਜਾਤ ਮਿਲੀ ਤਾਂ ਘਰਦਿਆਂ ਨੇ ਬੱਬੂ ਨੂੰ ਇਕ ਟੈਂਪੂ ਲੈ ਦਿੱਤਾ। ਹੁਣ ਬੱਬੂ ਆਪਣਾ ਟੈਂਪੂ ਚਲਾਉਂਦਾ ਸੀ।

ਗੁਰਾਇਆਂ ਤੋਂ ਕਾਹਨਾ ਢੇਸੀਆਂ ਉਸ ਦਾ ਰੂਟ ਹੁੰਦਾ।

ਸਭ ਕੁਝ ਠੀਕ-ਠਾਕ ਚੱਲ ਰਿਹਾ ਸੀ ਕਿ ਇਕ ਦਿਨ ਪੰਜ-ਛੇ ਮੁੰਡੇ ਗੁਰਾਇਆਂ ਤੋਂ ਉਸ ਦੇ ਟੈਂਪੂ ਵਿਚ ਚੜ੍ਹ ਗਏ, ਜਿਨ੍ਹਾਂ ਵਿਚ ਬੱਧੂ ਵੀ ਸੀ। ਜਦ ਟੈਂਪੂ ਕਾਹਨਾ ਢੇਸੀਆਂ ਪਹੁੰਚਿਆ ਤਾਂ ਸਾਰੇ ਮੁੰਡੇ ਉਤਰ ਕੇ ਤੁਰਦੇ ਬਣੇ।

ਬੱਬੂ ਨੇ ਉਹਨਾਂ ਨੂੰ ਅੱਗਿਉਂ ਜਾ ਘੇਰਿਆ।

"ਯਾਰ, ਕਿਰਾਇਆ ਤਾਂ ਦੇ ਕੇ ਜਾਉ।" ਬੱਬੂ ਨੇ ਮੁੰਡਿਆਂ ਨੂੰ ਆਖਿਆ।

"ਕਿਹੜਾ ਕਿਰਾਇਆ, ਅਸੀਂ ਸਟੂਡੈਂਟ ਹਾਂ, ਸਾਡੇ ਕੋਲ ਪਾਸ ਨੇ।" ਮੁੰਡਿਆਂ ਨੇ ਬਦਮਾਸ਼ੀ ਲਹਿਜ਼ੇ ਵਿਚ ਜਵਾਬ ਦਿੱਤਾ।

"ਪਾਸ ਤਾਂ ਮਿੱਤਰੋ ਰੋਡਵੇਜ਼ ਦੀਆਂ ਬੱਸਾਂ ਵਿਚ ਚੱਲਦੇ ਹੁੰਦੇ ਨੇ,

ਟੈਂਪੂ ਵਿਚ ਨਹੀਂ ਚੱਲਦੇ ਹੁੰਦੇ ਪਾਸ।" ਬੱਬੂ ਨੇ ਮੁੰਡਿਆਂ ਨੂੰ ਸਮਝਾਉਣ ਲਈ ਕਿਹਾ।

"ਤੂੰ ਸਾਨੂੰ ਕਾਨੂੰਨ ਨਾ ਸਿਖਾ, ਸਾਡੇ ਪਾਸ ਤਾਂ ਟੈਂਪੂਆਂ ਵਿਚ ਵੀ ਚੱਲਦੇ ਨੇ।"

ਮੁੰਡੇ ਕਿਰਾਇਆ ਦੇਣ ਤੋਂ ਜਮਾਂ ਹੀ ਮੁਨਕਰ ਸਨ।

ਕਿਸੇ ਤਰੀਕੇ ਨਾਲ ਵੀ ਮੁੰਡੇ ਮੰਨਦੇ ਨਾ ਦੇਖ ਕੇ ਬੱਬੂ ਨੇ ਟੈਂਪੂ ਵਿਚੋਂ ਲੋਹੇ ਦੀ ਰਾਡ ਕੱਢ ਲਈ।

"ਕਿਰਾਇਆ ਦੇਣ ਤੋਂ ਬਗ਼ੈਰ ਫਿਰ ਤੁਸੀਂ ਆਪਣੇ ਪੈਰਾਂ 'ਤੇ ਤੁਰ ਕੇ ਨਹੀਂ ਜਾ ਸਕਦੇ।" ਗ਼ੁੱਸੇ ਦਾ ਭਰਿਆ ਬੱਬੂ ਡਰਾਈਵਰਾਂ ਵਾਲੀ ਬੋਲੀ ਬੋਲਿਆ।

ਕਾਹਨਾ ਢੇਸੀਆਂ ਦੇ ਬੱਸ ਅੱਡੇ ਵਿਚ ਇਕ ਯੁੱਧ ਜਿਹਾ ਛਿੜ ਪਿਆ। ਇਕ ਪਾਸੇ ਬੱਧੂ ਅਤੇ ਉਸ ਦੇ ਸਾਥੀ ਅਤੇ ਦੂਜੇ ਪਾਸੇ ਇਕੱਲਾ ਬੱਬੂ। ਦਸ ਕੁ ਮਿੰਟ ਵਾਹਵਾ ਰੌਲਾ ਪੈਂਦਾ ਰਿਹਾ।

ਫਿਰ ਅੱਡੇ ਵਿਚ ਬਣੀਆਂ ਦੁਕਾਨਾਂ ਵਾਲਿਆਂ ਨੇ ਉਹਨਾਂ ਨੂੰ ਛੁਡਾ ਦਿੱਤਾ। ਬੱਬੂ ਅਤੇ ਉਸ ਦੇ ਸਾਥੀ ਬਗ਼ੈਰ ਕਿਰਾਇਆ ਦਿੱਤਿਆਂ ਹੀ ਤੁਰਦੇ ਬਣੇ। ਬੱਬੂ ਦੰਦ ਪੀਹ ਕੇ ਰਹਿ ਗਿਆ।

ਅੱਡੇ ਵਿਚ ਬਣੀਆਂ ਦੁਕਾਨਾਂ ਵਾਲਿਆਂ ਨੇ ਵੀ ਪਿੰਡ ਦੇ ਮੁੰਡਿਆਂ ਦਾ ਹੀ ਸਾਥ ਦਿੱਤਾ।

"ਸੋ ਇਹ ਸੀ ਸਾਰੀ ਕਹਾਣੀ ਮਿੱਤਰਾ," ਬੱਬੂ ਨੇ ਰਾਜਵੀਰ ਨੂੰ ਕਿਹਾ।

"ਹੁਣ ਤੂੰ ਕੀ ਚਾਹੁੰਨਾ ਏਂ ?" ਰਾਜਵੀਰ ਨੇ ਬੱਬੂ ਨੂੰ ਪੁੱਛਿਆ।

"ਬੁੱਧੂ ਤੇ ਉਸ ਦੇ ਸਾਥੀ ਨੂੰ ਉਸ ਦੇ ਕੀਤੇ ਦਾ ਮਜ਼ਾ ਚਖਾਉਣਾ ਏ ਬੱਸ।"

ਬੱਬੂ ਨੇ ਸਾਫ਼ ਸ਼ਬਦਾਂ ਵਿਚ ਆਪਣੇ ਦਿਲ ਦੀ ਗੱਲ ਦੱਸ ਦਿੱਤੀ।

ਉਹ ਦੋਨੋਂ ਜਣੇ ਉੱਠ ਕੇ ਗਰਾਊਂਡ ਵੱਲ ਨੂੰ ਹੋ ਤੁਰੇ। ਗਰਾਊਂਡ ਵਿਚ ਬੱਧੂ ਆਪਣੇ ਮਿੱਤਰਾਂ ਨਾਲ ਬੈਠਾ ਗੱਪਾਂ ਮਾਰ ਰਿਹਾ ਸੀ।

ਅਸਲ ਵਿਚ ਬੱਧੂ ਕਾਲਜ ਵਿਚ ਪੜ੍ਹਦਾ ਨਹੀਂ ਸੀ। ਉਸ ਦੇ ਪਿੰਡ ਦੇ ਕੁਝ ਮੁੰਡੇ ਇਸ ਕਾਲਜ ਵਿਚ ਪੜ੍ਹਦੇ ਸਨ।

ਉਹ ਉਹਨਾਂ ਨੂੰ ਮਿਲਣ ਲਈ ਆਇਆ ਸੀ। ਮੁੰਡਿਆਂ ਦੀ ਟੋਲੀ ਕੋਲ ਜਾ ਕੇ ਸਭ ਤੋਂ ਪਹਿਲਾਂ ਰਾਜਵੀਰ ਬੋਲਿਆ, "ਕਿੱਦਾਂ ਬਈ ਮਿੱਤਰੋ, ਕੀ ਹਾਲ ਏ ਤੁਹਾਡਾ ?"

"ਅਸੀਂ ਠੀਕ ਹਾਂ ਰਾਜਵੀਰ ਭਾ ਜੀ, ਤੁਸੀਂ ਸੁਣਾਉ ?"

"ਅੱਜ ਸਾਡੇ ਕੰਨੀ ਕਿੱਦਾਂ ਨਜ਼ਰ ਪੈ ਗਈ ?" ਟੋਲੀ ਵਿਚੋਂ ਇਕ ਮੁੰਡਾ ਬੋਲਿਆ।

ਕਾਹਨਾ ਢੇਸੀਆਂ ਵਾਲੇ ਮੁੰਡੇ ਰਾਜਵੀਰ ਨੂੰ ਚੰਗੀ ਤਰ੍ਹਾਂ ਜਾਣਦੇ ਸਨ। ਇਕ ਤਾਂ ਰਾਜਵੀਰ ਕਾਲਜ ਵਿਚ ਫ਼ੈਡਰੇਸ਼ਨ ਦਾ ਸਰਗਰਮ ਮੈਂਬਰ ਹੋਣ ਕਰਕੇ ਅਤੇ ਦੂਸਰਾ ਉਸ ਦੇ ਕੁਝ ਕਰੀਬੀ ਦੋਸਤ ਕਾਹਨਾ ਢੇਸੀਆਂ ਪਿੰਡ ਵਿਚ ਰਹਿੰਦੇ ਸਨ ਜਿਹਨਾਂ ਵਿਚ ਲਖਵੀਰ ਸਿੰਘ 'ਲੱਖੀ' ਅਤੇ ਗੁਰਦੀਪ ਸਿੰਘ 'ਲਾਟੂ' ਪ੍ਰਮੁੱਖ ਸਨ। ਇਸ ਕਰਕੇ ਰਾਜਵੀਰ ਦਾ ਕਾਹਨਾ ਢੇਸੀਆਂ ਵਿਖੇ ਕਾਫ਼ੀ ਆਉਣ-ਜਾਣ ਸੀ।

"ਕੁਝ ਨਹੀਂ, ਆਹ ਨਵਾਂ ਮੁੰਡਾ ਤੁਹਾਡੇ ਨਾਲ ਕੌਣ ਏ ? ਬੱਸ ਇਹੀ ਪਤਾ ਕਰਨਾ ਸੀ।" ਰਾਜਵੀਰ ਨੇ ਬੱਧੂ ਵੱਲ ਇਸ਼ਾਰਾ ਕਰ ਕੇ ਪੁੱਛਿਆ।

"ਇਹ ਆਪਣਾ ਪੇਂਡੂ ਹੀ ਹੈ ਰਾਜਵੀਰ ਭਾ ਜੀ, ਇਹਦਾ ਨਾਂ ਬਿੱਟਾ ਏ।" ਟੋਲੀ ਵਿਚੋਂ ਪਹਿਲਾਂ ਵਾਲੇ ਮੁੰਡੇ ਨੇ ਹੀ ਜਵਾਬ ਦਿੱਤਾ।

"ਇਹਦਾ ਨਾਂ ਬਿੱਟਾ ਨਹੀਂ ਬੱਧੂ ਏ। ਕਿਉਂ ਓਏ ਬੱਧੂਆ, ਕੀ ਨਾਂ ਏ ਤੇਰਾ ?" ਬੱਬੂ ਸਖ਼ਤ ਲਹਿਜ਼ੇ ਵਿਚ ਬੋਲਿਆ।

"ਹਾਂ ਨਾਂ ਤੇ ਮੇਰਾ ਬੱਧੂ ਹੀ ਹੈ ਪਰ ਮੇਰੇ ਦੋਸਤ ਮੈਨੂੰ ਬਿੱਟਾ ਕਹਿ ਕੇ ਬੁਲਾਉਂਦੇ ਨੇ। ਦੱਸੋ ਕੀ ਕੰਮ ਏ ?" ਬੱਧੂ ਜ਼ਰਾ ਔਖਾ ਜਿਹਾ ਹੋ ਕੇ ਬੋਲਿਆ।

"ਕੰਮ ਤਾਂ ਤੇਰੇ 'ਤੇ ਮਿੱਤਰਾ ਬੱਸ ਏਨਾ ਹੀ ਹੈ ਕਿ ਤੂੰ ਇਸ ਕਾਲਜ ਵਿਚ ਪੜ੍ਹਦਾ ਨਹੀਂ। ਯਾਦ ਰੱਖੀਂ, ਇਸ ਕਾਲਜ ਵਿਚ ਕੋਈ ਗ਼ਲਤ ਹਰਕਤ ਨਹੀਂ ਹੋਣੀ ਚਾਹੀਦੀ, ਜੇ ਸਾਨੂੰ ਤੇਰੀ ਕੋਈ ਗ਼ਲਤ ਹਰਕਤ ਦੀ ਖ਼ਬਰ ਮਿਲ ਗਈ ਤਾਂ.....।" ਰਾਜਵੀਰ ਆਪਣੀ ਗੱਲ ਅਧੂਰੀ ਛੱਡ ਗਿਆ।

ਇਸ ਤੋਂ ਪਹਿਲਾਂ ਕਿ ਬੱਧੂ ਕੋਈ ਜਵਾਬ ਦਿੰਦਾ, ਕਾਹਨਾ ਢੇਸੀਆਂ ਵਾਲਾ ਇਕ ਮੁੰਡਾ ਸ਼ਾਦ ਪੰਜਾਬੀ ਬੋਲਿਆ, "ਯਾਰ ਰਾਜਵੀਰ, ਮੈਂ ਲੈਨਾਂ ਇਹਦੀ ਗਾਰੰਟੀ, ਇਹ ਕੋਈ ਗ਼ਲਤ ਹਰਕਤ ਨਹੀਂ ਕਰਦਾ।"

ਸ਼ਾਦ ਪੰਜਾਬੀ ਦਾ ਪੂਰਾ ਨਾਂ ਪਰਮਜੀਤ ਸਿੰਘ ਢੇਸੀ ਸੀ। ਪਰ ਸ਼ਾਇਰ ਹੋਣ ਕਰਕੇ ਉਸ ਨੇ ਆਪਣਾ ਉਪਨਾਮ 'ਸ਼ਾਦ ਪੰਜਾਬੀ' ਰੱਖਿਆ ਹੋਇਆ ਸੀ।

ਸਾਰਾ ਕਾਲਜ ਉਸ ਨੂੰ ਢੇਸੀ ਕਹਿ ਕੇ ਹੀ ਬੁਲਾਉਂਦਾ ਸੀ।

"ਠੀਕ ਹੈ ਤੇਰੀ ਜ਼ਿੰਮੇਵਾਰੀ ਰਹੀ ਫਿਰ।" ਇੰਨੀ ਆਖ ਕੇ ਰਾਜਵੀਰ

ਅਤੇ ਬੱਬੂ ਕੰਟੀਨ ਵੱਲ ਚਲੇ ਗਏ।

ਦੁਪਹਿਰ ਦੇ ਡੇਢ ਕੁ ਵਜੇ ਰਾਜਵੀਰ, ਬੱਬੂ, ਜੱਸਾ, ਰਵਿੰਦਰ ਅਤੇ ਬਲਵੀਰ ਸਿੰਘ ਬੀਰੂ ਕੰਟੀਨ ਵਿਚੋਂ ਬਾਹਰ ਨੂੰ ਆ ਰਹੇ ਸਨ ਕਿ ਵੀਹ-ਪੱਚੀ ਮੁੰਡਿਆਂ ਦੇ ਇਕ ਟੋਲੇ ਨੇ ਉਹਨਾਂ ਨੂੰ ਮੂਹਰਿਉਂ ਆ ਘੇਰਿਆ।

ਉਸ ਟੋਲੇ ਦੀ ਅਗਵਾਈ ਸਮਰਾਵਾਂ ਵਾਲੇ ਲਾਟੀ ਅਤੇ ਜਸਵਿੰਦਰ ਕਰ ਰਹੇ ਸਨ। ਬੱਧੂ ਅਤੇ ਸਾਰੀ ਟੋਲੀ ਉਹਨਾਂ ਦੇ ਨਾਲ ਸੀ।

ਸਮਰਾਵਾਂ ਪਿੰਡ ਦੇ ਕੁਝ ਮੁੰਡਿਆਂ ਦਾ ਹਮੇਸ਼ਾਂ ਹੀ ਫ਼ੈਰਡੇਸ਼ਨ ਨਾਲ ਵੈਰ ਰਿਹਾ ਸੀ। ਅਜੇ ਕੁਝ ਸਾਲ ਪਹਿਲਾਂ ਹੀ ਸਮਰਾਵਾਂ ਵਾਲੇ ਇਕ ਮੁੰਡੇ ਲੰਬੜ ਦੀਆਂ ਕੁਝ ਗ਼ਲਤ ਹਰਕਤਾਂ ਕਰ ਕੇ ਜਦ ਫ਼ੈਡਰੇਸ਼ਨ ਦੇ ਸਿੰਘਾਂ ਨੇ ਉਸ ਨੂੰ ਵਰਜਿਆ ਤਾਂ ਕੁਝ ਦਿਨਾਂ ਬਾਅਦ ਹੀ ਲੰਬੜ ਨੇ ਆਪਣੇ ਕੁਝ ਸਾਥੀਆਂ ਨਾਲ ਮਿਲ ਕੇ ਫ਼ੈਡਰੇਸ਼ਨ ਦੇ ਇਕ ਸਿੰਘ ਭੁਪਿੰਦਰ ਸਿੰਘ ਭਿੰਦੇ ਦੀ ਪੱਗ ਲਾਹ ਦਿੱਤੀ ਅਤੇ ਉਥੋਂ ਦੌੜ ਗਏ।

ਇਹ ਘਟਨਾ ਕਾਲਜ ਦੇ ਬਾਹਰ ਕੌੜੇ ਡਾਕਟਰ ਦੇ ਹਸਪਤਾਲ ਕੋਲ ਵਾਪਰੀ। ਜਦ ਇਹ ਖ਼ਬਰ ਕਾਲਜ ਦੇ ਅੰਦਰ ਪਹੁੰਚੀ ਤਾਂ ਫ਼ੈਡਰੇਸ਼ਨ ਦੇ ਸਿੰਘਾਂ ਦੇ ਸੀਨਿਆਂ ਅੰਦਰ ਅੱਗ ਦੇ ਭਾਂਬੜ ਮੱਚ ਉੱਠੇ। ਉਸੇ ਵੇਲੇ ਹੀ ਸਾਰੇ ਸਿੰਘਾਂ ਨੇ ਸਕੂਟਰਾਂ, ਮੋਟਰ-ਸਾਈਕਲਾਂ 'ਤੇ ਸਵਾਰ ਹੋ ਕੇ ਸਮਰਾਵਾਂ ਪਿੰਡ ਵੱਲ ਨੂੰ ਚੜ੍ਹਾਈ ਕਰ ਦਿੱਤੀ ਪਰ ਲੰਬੜ ਆਪਣੇ ਪਿੰਡ ਵਿਚ ਨਹੀਂ ਸੀ।

ਜਦ ਅਗਲੇ ਦਿਨ ਲੰਬੜ ਕਾਲਜ ਆਇਆ ਤਾਂ ਫ਼ੈਡਰੇਸ਼ਨ ਦੇ ਪ੍ਰਧਾਨ ਹਰਜੀਤ ਸਿੰਘ ਨੇ ਮੋਟਰ-ਸਾਈਕਲ ਦੀਆਂ ਚੇਨਾਂ ਮਾਰ-ਮਾਰ ਲੰਬੜ ਨੂੰ ਮਰਨ ਕਿਨਾਰੇ ਕਰ ਦਿੱਤਾ। ਫ਼ੈਡਰੇਸ਼ਨ ਦੇ ਸਿੰਘ ਦੀ ਪੱਗ ਨੂੰ ਹੱਥ ਪਾਉਣ ਵਾਲਾ ਸਮਰਾਵੀਆਂ ਲੰਬੜ ਲਹੂ ਦੇ ਤਾਲਾਬ ਵਿਚ ਡੁੱਬਿਆ ਪਿਆ ਸੀ।

ਉਸ ਦਿਨ ਤਾਂ ਸ਼ਾਇਦ ਹਰਜੀਤ ਸਿੰਘ ਉਸ ਨੂੰ ਜਾਨੋਂ ਹੀ ਮਾਰ ਦਿੰਦਾ ਜੇ ਜਗਤਾਰ ਸਿੰਘ ਤਾਰਾ ਉਸ ਨੂੰ ਫੜ ਕੇ ਨਾ ਰੋਕਦਾ।

ਬੱਸ ਉਸ ਘਟਨਾ ਤੋਂ ਬਾਅਦ ਸਮਰਾਵਾਂ ਵਾਲੇ ਕੁਝ ਮੁੰਡੇ ਫ਼ੈਡਰੇਸ਼ਨ ਨਾਲ ਖਾਰ ਖਾਂਦੇ ਸਨ।

ਬੱਬੂ ਹੋਰਾਂ ਨੂੰ ਘੇਰ ਕੇ ਜਸਵਿੰਦਰ ਬੋਲਿਆ, "ਤੁਸੀਂ ਕੌਣ ਹੁੰਦੇ ਹੋ ਸਾਡੇ ਯਾਰ ਨੂੰ ਪੁੱਛਣ ਵਾਲੇ ਕਿ ਉਹ ਇਸ ਕਾਲਜ ਵਿਚ ਕੀ ਕਰਨ ਆਇਆ ਹੈ ?"

"ਪਤਾ ਤੈਨੂੰ ਵੀ ਏ ਜਸਵਿੰਦਰਾ, ਅਸੀਂ ਕੌਣ ਹੁੰਦੇ ਹਾਂ, ਤੂੰ ਸਾਡੇ ਤੋਂ ਨਾਵਾਕਿਫ਼ ਨਹੀਂ।" ਰਾਜਵੀਰ ਨੇ ਸਖ਼ਤ ਲਹਿਜ਼ੇ ਵਿਚ ਜਵਾਬ ਦਿੱਤਾ।

"ਨਾ ਤੁਸੀਂ ਸਾਰੇ ਕਾਲਜ ਦਾ ਠੇਕਾ ਲਿਆ ਹੋਇਆ ਕਿ ਕੌਣ ਆਵੇ ਤੇ ਕੌਣ ਨਾ ਆਵੇ।" ਸਮਰਾਵਾਂ ਵਾਲਾ ਲਾਟੀ ਗੁੱਸੇ ਵਿਚ ਉੱਬਲ ਰਿਹਾ ਸੀ।

"ਅੱਜ ਤੁਹਾਡਾ ਫ਼ੈਡਰੇਸ਼ਨਪੁਣਾ ਅਸੀਂ ਕੱਢਦੇ ਹਾਂ। ਤੁਸੀਂ ਕਾਲਜ ਤੋਂ ਬਾਹਰ ਆਵੋ ਜ਼ਰਾ।" ਬੱਧੂ ਸਭ ਤੋਂ ਜ਼ਿਆਦਾ ਔਖਾ ਹੋ ਕੇ ਬੋਲਿਆ।

"ਆਪਣਾ ਮੂੰਹ ਬੰਦ ਰੱਖ ਓਏ ਬੱਧੂਆ। ਚਲੋ ਕਾਲਜੋਂ ਬਾਹਰ, ਹੁਣੇ ਹੀ ਦੇਖ ਲੈਨੇਂ ਆਂ ਕੌਣ ਕਿਸੇ ਦਾ ਕੀ ਕੱਢਦਾ ਏ।" ਬੱਬੂ ਵੀ ਗੁੱਸੇ ਵਿਚ ਚੰਗਿਆੜੇ ਛੱਡ ਰਿਹਾ ਸੀ।

"ਨਹੀਂ, ਅੱਜ ਨਹੀਂ, ਤੁਹਾਡੇ ਨਾਲ ਕੱਲ੍ਹ ਸਵੇਰ ਨੂੰ ਸਿੱਝਾਂਗੇ। ਫੇਰ ਇਹ ਨਾ ਆਖਿਓ ਕਿ ਵੀਹ-ਪੱਚੀ ਜਣਿਆਂ ਨੇ ਪੰਜਾਂ ਨੂੰ ਘੇਰਿਆ। ਕੱਲ੍ਹ ਨੂੰ ਆਪਣੀ ਤਿਆਰੀ ਕਰੀ ਆਇਓ।" ਸਮਰਾਵਾਂ ਵਾਲੇ ਜਸਵਿੰਦਰ ਨੇ ਧਮਕੀ ਭਰੇ ਲਹਿਜ਼ੇ ਵਿਚ ਅਣਖੀਆਂ ਵਾਲੀ ਗੱਲ ਕੀਤੀ।

"ਚੱਲ ਠੀਕ ਹੈ ਫਿਰ ਜਸਵਿੰਦਰਾ, ਕੱਲ੍ਹ ਨੂੰ ਹੀ ਦੇਖਾਂਗੇ ਕਿਹੜੇ ਭਾਅ ਵਿਕਦੀ ਏ।" ਰਾਜਵੀਰ ਨੇ ਵੀ ਉਸੇ ਲਹਿਜ਼ੇ ਵਿਚ ਜਵਾਬ ਦਿੱਤਾ।

ਫ਼ੈਡਰੇਸ਼ਨ ਦੇ ਪੰਜੇ ਸਿੰਘ ਆਪੋ-ਆਪਣੇ ਪਿੰਡਾਂ ਨੂੰ ਜਾਣ ਵਾਲੀਆਂ ਬੱਸਾਂ ਵਿਚ ਬੈਠ ਰਵਾਨਾ ਹੋ ਗਏ ਸੀ।

ਸਾਰੇ ਪਾਸੇ ਸੁਨੇਹੇ ਭਿਜਵਾ ਦਿੱਤੇ ਗਏ।

ਕੱਲ੍ਹ ਨੂੰ ਸਮਰਾਵਾਂ ਅਤੇ ਕਾਹਨਾ ਢੇਸੀਆਂ ਵਾਲੀ ਬੱਧੂ ਜੁੰਡਲੀ ਨਾਲ ਆਹਮੋ-ਸਾਹਮਣੇ ਜੰਗ ਲੜਨੀ ਸੀ। ਫ਼ੈਡਰੇਸ਼ਨ ਦੇ ਸੀਨੀਅਰ ਮੈਂਬਰਾਂ ਤਕ ਵੀ ਖ਼ਬਰਾਂ ਪਹੁੰਚਾ ਦਿੱਤੀਆਂ ਗਈਆਂ ਸਨ। ਜੰਡਿਆਲੇ ਕਾਲਜ ਦੀ ਫ਼ੈਡਰੇਸ਼ਨ ਦੀ ਯੂਨਿਟ ਨੂੰ ਲਲਕਾਰਿਆ ਗਿਆ ਸੀ। ਜੰਡਿਆਲੇ ਕਾਲਜ ਵਿਚ ਕੋਈ ਫ਼ੈਡਰੇਸ਼ਨ ਨੂੰ ਲਲਕਾਰ ਜਾਵੇ, ਇਹ ਤਾਂ ਜੱਗੋਂ ਤੇਰ੍ਹਵੀਂ ਗੱਲ ਸੀ।

ਖ਼ਾਲਸਾ ਕਾਲਜ ਜਲੰਧਰ ਤਕ ਖ਼ਬਰਾਂ ਪਹੁੰਚ ਗਈਆਂ ਕਿ ਕੱਲ੍ਹ ਨੂੰ ਜੰਡਿਆਲੇ ਕਾਲਜ ਵਿਚ ਕੁੰਡੀਆਂ ਦੇ ਸਿੰਗ ਫਸਣੇ ਨੇ।

*

ਕਾਂਡ 4

ਸਵੇਰ ਤੋਂ ਹੀ ਕਾਲਜ ਵਿਚ ਫ਼ੈਡਰੇਸ਼ਨ ਦੇ ਸਿੰਘ ਜੁੜਨੇ ਸ਼ੁਰੂ ਹੋ ਗਏ ਸਨ।

ਸਮਰਾਵਾਂ ਵਾਲਿਆਂ ਨੇ ਵੀ ਟਰਾਲੀਆਂ ਵਿਚ ਆਪਣੇ ਬੰਦੇ ਢੋਅ ਲਿਆਂਦੇ ਸਨ।

ਬੱਧੂ ਦੀ ਢਾਣੀ ਵੀ ਪੂਰੇ ਜਲੌ ਵਿਚ ਸੀ। ਫ਼ੈਡਰੇਸ਼ਨ ਦੇ ਕਈ ਸੀਨੀਅਰ ਮੈਂਬਰ ਵੀ ਆਣ ਢੁੱਕੇ ਸਨ।

ਸਤਵੰਤ ਸਿੰਘ ਪਾੜ੍ਹਾ, ਮਨਜੀਤ ਸਿੰਘ ਵੀ ਹਾਜ਼ਰ ਹੋਏ।

ਦੋਨੋਂ ਧਿਰਾਂ ਆਹਮੋ-ਸਾਹਮਣੇ ਸਨ।

ਪ੍ਰਿੰਸੀਪਲ ਨੇ ਕਾਲਜ ਵਿਚ ਛੁੱਟੀ ਕਰ ਦਿੱਤੀ ਸੀ।

ਅਜੇ ਕੁਝ ਦੇਰ ਪਹਿਲਾਂ ਹੀ ਕਾਲਜ ਵਿਚ ਪਹੁੰਚੇ ਸਟੂਡੈਂਟ ਵਾਪਸ ਘਰਾਂ ਨੂੰ ਜਾ ਰਹੇ ਸਨ।

ਕਾਲਜ ਜੰਗ ਦਾ ਅਖਾੜਾ ਬਣਨ ਜਾ ਰਿਹਾ ਸੀ। ਐਨੀ ਦੇਰ ਨੂੰ ਫ਼ੈਡਰੇਸ਼ਨ ਦੇ ਸਿੰਘਾਂ ਨੂੰ ਨਿਰਮਲ ਸਿੰਘ ਨਿੰਮਾ ਕਾਲਜ ਦੇ ਗੇਟ ਕੋਲ ਆਉਂਦਾ ਦਿੱਸਿਆ।

ਉਸ ਨੂੰ ਦੇਖਦੇ ਹੀ 'ਬੋਲੇ ਸੋ ਨਿਹਾਲ' ਦੇ ਜੈਕਾਰੇ ਗੂੰਜਣੇ ਸ਼ੁਰੂ ਹੋ ਗਏ।

ਨਿਰਮਲ ਸਿੰਘ ਨਿੰਮਾ ਤਾਂ ਫ਼ੈਡਰੇਸ਼ਨ ਦੇ ਸਿੰਘਾਂ ਦੀ ਰੀੜ੍ਹ ਸੀ। ਉਸ ਦੇ ਆਉਣ ਦੀ ਦੇਰ ਹੀ ਸੀ ਕਿ ਫ਼ੈਡਰੇਸ਼ਨ ਦੇ ਸਿੰਘਾਂ ਨੇ ਵਿਰੋਧੀ ਧਿਰ 'ਤੇ ਹੱਲਾ ਬੋਲ ਦਿੱਤਾ।

ਵਰ੍ਹਦੀਆਂ ਕਿਰਪਾਨਾਂ ਵਿਚ ਪਤਾ ਨਹੀਂ ਸੀ ਚੱਲ ਰਿਹਾ ਕਿ ਕੀ ਹੋ ਜਾਣਾ ਹੈ?

ਰਵਿੰਦਰ ਨੇ ਨਲਕੇ ਦਾ ਹੈਂਡਲ ਬੱਧੂ ਦੇ ਸਿਰ ਵਿਚ ਦੇ ਮਾਰਿਆ। ਰਾਜਵੀਰ ਨੇ ਕਿਰਚ ਬੱਧੂ ਵੱਲ ਚਲਾਈ। ਬੱਧੂ ਨੇ ਮੂਹਰੇ ਹੱਥ ਕਰ ਲਿਆ। ਕਿਰਚ ਬੱਧੂ ਦੇ ਹੱਥ ਦੇ ਆਰ-ਪਾਰ ਨਿਕਲ ਗਈ।

"ਮੈਨੂੰ ਮਾਰਿਓ ਨਾ ਭਾ ਜੀ, ਮੈਨੂੰ ਮਾਰਿਓ ਨਾ।" ਲਹੂ-ਲੁਹਾਨ ਹੋਇਆ ਬੱਧੂ ਮਿੰਨਤਾਂ ਕਰ ਰਿਹਾ ਸੀ।

ਫ਼ੈਡਰੇਸ਼ਨ ਦੇ ਵਾਰਾਂ ਅੱਗੇ ਵਿਰੋਧੀ ਧਿਰ ਬਹੁਤਾ ਚਿਰ ਅੜ ਨਾ ਸਕੀ। ਟਰਾਲੀਆਂ ਭਰ-ਭਰ ਲਿਆਂਦੇ ਹਮਾਇਤੀ ਪੈਰ ਸਿਰਾਂ 'ਤੇ ਰੱਖ ਕੇ ਭੱਜ ਨਿਕਲੇ। ਭੱਜੇ ਜਾਂਦਿਆਂ ਵਿਚੋਂ ਇਕ ਭਾਰੇ ਸਰੀਰ ਵਾਲਾ ਹਮਾਇਤੀ ਸਿੰਘਾਂ ਦੇ ਅੜਿੱਕੇ ਚੜ੍ਹ ਗਿਆ।

ਲੋਹੇ ਦੀਆਂ ਰਾਡਾਂ ਮਾਰ-ਮਾਰ ਉਸ ਦੀ ਬਾਂਹ ਤੋੜ ਦਿੱਤੀ। ਉਹਨੂੰ ਤਾਂ ਸਤਵੰਤ ਸਿੰਘ ਪਾੜ੍ਹੇ ਅਤੇ ਨਿਰਮਲ ਸਿੰਘ ਨਿੰਮੇ ਨੇ ਬਚਾਇਆ ਨਹੀਂ ਤਾਂ ਸ਼ਾਇਦ ਉਹ ਜੀਊਂਦਾ ਵਾਪਸ ਨਾ ਜਾਂਦਾ। ਨਿੰਮੇ ਦੇ ਕਹਿਣ 'ਤੇ ਉਸ ਨੂੰ ਛੱਡ ਦਿੱਤਾ ਗਿਆ। ਮੈਦਾਨ ਫ਼ੈਡਰੇਸ਼ਨ ਦੇ ਹੱਥ ਰਿਹਾ।

ਸਮਰਾਵਾਂ ਵਾਲੇ ਲਾਟੀ ਅਤੇ ਜਸਵਿੰਦਰ ਕਿਧਰੇ ਨਜ਼ਰ ਨਹੀਂ ਸੀ ਆ ਰਹੇ। ਕਾਲਜ ਵਿਚ 'ਬੋਲੇ ਸੋ ਨਿਹਾਲ' ਦੇ ਜੈਕਾਰੇ ਗੂੰਜ ਰਹੇ ਸਨ।

ਨਿੰਮੇ ਨੇ ਸਾਰੇ ਸਿੰਘ ਇਕੱਠੇ ਕੀਤੇ ਅਤੇ ਸਾਰਿਆਂ ਨੂੰ ਸੰਬੋਧਤ ਹੁੰਦਾ ਹੋਇਆ ਬੋਲਿਆ :

"ਗੱਲ ਸੁਣੋ ਬਈ ਭਰਾਵੋ, ਮੋਰਚਾ ਆਪਾ ਸਰ ਕਰ ਲਿਆ ਹੈ, ਹੁਣ ਜਿੰਨੀ ਛੇਤੀ ਹੋਵੇ, ਇਥੋਂ ਨਿਕਲੋ। ਇਹ ਨਾ ਹੋਵੇ ਕਿ ਆਪਣਾ ਕੋਈ ਭਰਾ ਪੁਲਿਸ ਦੇ ਹੱਥ ਆ ਜਾਵੇ।"

ਸਾਰੇ ਸਿੰਘ ਇਕ-ਇਕ ਦੋ-ਦੋ ਕਰ ਕੇ ਕਾਲਜ 'ਚੋਂ ਨਿਕਲ ਤੁਰੇ ਅਤੇ ਵੱਖੋ-ਵੱਖਰੀਆਂ ਬੱਸਾਂ ਵਿਚ ਬੈਠ ਰਵਾਨਾ ਹੋ ਗਏ।

ਨਿੰਮੇ ਦੀ ਗੱਲ ਸੱਚ ਹੋ ਨਿੱਬੜੀ।

ਪੰਦਰਾਂ-ਵੀਹਾਂ ਮਿੰਟਾਂ ਵਿਚ ਕਾਲਜ ਪੁਲਿਸ ਛਾਉਣੀ ਵਿਚ ਤਬਦੀਲ ਹੋ ਗਿਆ ਸੀ।

ਹੁਣ ਪੁਲਿਸ ਇਕ ਤਰ੍ਹਾਂ ਨਾਲ ਕਾਲਜ 'ਚ ਚੌਂਕੀ ਪਾ ਕੇ ਬਹਿ ਗਈ। ਫ਼ੈਡਰੇਸ਼ਨ ਦੇ ਸਿੰਘਾਂ ਦਾ ਕਾਲਜ ਆਉਣਾ ਕਾਫ਼ੀ ਘੱਟ ਗਿਆ ਸੀ।

ਰਾਜਵੀਰ ਨੇ ਗੁਰਾਇਆਂ ਬੱਸ ਅੱਡੇ 'ਤੇ ਪ੍ਰਿੰਸੀਪਲ ਨੂੰ ਮਿਲ ਕੇ ਗੱਲ ਕੀਤੀ ਅਤੇ ਫਿਰ ਪ੍ਰਿੰਸੀਪਲ ਨੇ ਕੁਝ ਕੁ ਹਫ਼ਤਿਆਂ ਵਿਚ ਹੀ ਪੁਲਿਸ ਦਾ ਕਾਲਜ ਵਿਚ ਆਉਣਾ ਬੰਦ ਕਰ ਦਿੱਤਾ।

ਫ਼ੈਡਰੇਸ਼ਨ ਦੇ ਸਿੰਘ ਹੁਣ ਫਿਰ ਆਮ ਵਾਂਗ ਕਾਲਜ ਆਉਣ ਲੱਗ ਪਏ ਸਨ।

ਕਾਲਜ ਦੀ ਚਾਰਦੀਵਾਰੀ ਅੰਦਰ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੀ ਸ਼ੁਰੂ ਤੋਂ ਹੀ ਕਾਮਰੇਡਾਂ ਨਾਲ ਖੜਕਦੀ ਰਹਿੰਦੀ ਸੀ।

ਕਾਮਰੇਡਾਂ ਕੋਲੋਂ ਇਹ ਬਰਦਾਸ਼ਤ ਨਹੀਂ ਸੀ ਹੁੰਦਾ ਕਿ ਉਹਨਾਂ ਦੇ ਗੜ੍ਹ ਵਿਚ ਖ਼ਾਲਿਸਤਾਨੀ ਵਿਚਾਰਧਾਰਾ ਸਿਰ ਚੁੱਕੇ। ਅਸਲ ਵਿਚ ਕਾਮਰੇਡ ਹਰਕਿਸ਼ਨ ਸੁਰਜੀਤ ਦਾ ਪਿੰਡ ਬੁੰਡਾਲਾ ਜੰਡਿਆਲੇ ਦੇ ਬਿਲਕੁਲ ਨਾਲ ਹੋਣ ਕਰਕੇ ਇਥੇ ਕਾਮਰੇਡਾਂ ਦਾ ਰਸੂਖ਼ ਸੀ।

ਰੁੜਕਾਂ ਕਲਾਂ ਪਿੰਡ ਦਾ ਕੁਲਜੰਤ ਸਿੰਘ ਜਾਂਤੀ ਪੰਜਾਬ ਵਿਚ ਮੰਨਿਆ ਹੋਇਆ ਕਾਮਰੇਡ ਸੀ।

ਉਸ ਨੇ ਅਤੇ ਬਾਕੀ ਹੋਰ ਕਾਮਰੇਡ ਆਗੂਆਂ ਨੇ ਕਾਲਜ ਵਿਚ ਪੜ੍ਹਦੇ ਕਾਮਰੇਡੀ ਵਿਚਾਰਧਾਰਾ ਵਾਲੇ ਮੁੰਡਿਆਂ ਨੂੰ ਸ਼ਹਿ ਦੇਣੀ ਸ਼ੁਰੂ ਕਰ ਦਿੱਤੀ ਸੀ।

ਕਾਮਰੇਡ ਜਾਂਤੀ ਬੜੀ ਦੇਰ ਤੋਂ ਖਾੜਕੂਆਂ ਦੀ ਅੱਖ ਵਿਚ ਰੜਕਦਾ ਸੀ ਪਰ ਚੰਗੇ ਭਾਗਾਂ ਕਾਰਨ ਉਹ ਬਚਦਾ ਆ ਰਿਹਾ ਸੀ।

ਖ਼ਾਲਿਸਤਾਨੀ ਜੁਝਾਰੂਆਂ ਨੂੰ ਸ਼ੱਕ ਸੀ ਕਿ ਭਾਈ ਗੁਰਦੇਵ ਸਿੰਘ ਦੇਵ ਰੁੜਕਾਂ ਕਲਾਂ ਨੂੰ ਸ਼ਹੀਦ ਕਰਵਾਉਣ ਪਿੱਛੇ ਜਾਂਤੀ ਦਾ ਹੱਥ ਹੈ। ਭਾਈ ਗੁਰਦੇਵ ਸਿੰਘ ਇਕ ਸ਼ਾਂਤ ਸਾਧੂ ਸੁਭਾਅ ਦਾ ਮਾਲਕ ਸੀ।

1984 ਦੇ ਹਰਿਮੰਦਰ ਸਾਹਿਬ 'ਤੇ ਹੋਏ ਹਮਲੇ ਤੋਂ ਬਾਅਦ ਉਹ ਵੀ ਮਹਿਸੂਸ ਕਰਨ ਲੱਗ ਪਿਆ ਸੀ ਕਿ ਹਿੰਦੁਸਤਾਨ ਦੀ ਸਰਕਾਰ ਸਿੱਖਾਂ ਦਾ ਨਾਮੋ-ਨਿਸ਼ਾਨ ਮਿਟਾਉਣਾ ਚਾਹੁੰਦੀ ਹੈ। ਖ਼ਾਲਿਸਤਾਨੀ ਜੁਝਾਰੂਆਂ ਨਾਲ ਸੰਪਰਕ ਵਿਚ ਆਉਣ ਕਰਕੇ ਭਾਈ ਗੁਰਦੇਵ ਸਿੰਘ ਦੇਵ ਜਾਂਤੀ ਦੀਆਂ ਅੱਖਾਂ ਵਿਚ ਰੜਕਦਾ ਸੀ।

ਜਲੰਧਰ ਦੇ ਲਾਗੇ ਪਿੰਡ ਬਰ੍ਹਮ ਕੋਲੋਂ ਪੁਲਿਸ ਨੇ ਭਾਈ ਗੁਰਦੇਵ ਸਿੰਘ ਨੂੰ ਫੜ ਲਿਆ ਸੀ ਅਤੇ ਫਿਰ ਤਸ਼ੱਦਦ ਕਰ-ਕਰ ਕੇ ਸ਼ਹੀਦ ਕਰ ਦਿੱਤਾ ਸੀ। ਉਸ ਨੂੰ ਸ਼ਹੀਦ ਕਰਵਾਉਣ ਪਿੱਛੇ ਜਾਂਤੀ ਦਾ ਹੱਥ ਸੀ।

ਜਾਂਤੀ ਵਰਗੇ ਹੀ ਕੁਝ ਹੋਰ ਕਾਮਰੇਡ ਆਗੂਆਂ ਦੀ ਚੁੱਕ ਵਿਚ ਆ ਕੇ ਕਾਮਰੇਡ ਮੁੰਡਿਆਂ ਨੇ ਸਿਰ ਚੁੱਕਣੇ ਸ਼ੁਰੂ ਕਰ ਦਿੱਤੇ ਸਨ।

ਪੰਥਕ ਕਮੇਟੀ ਦੇ ਹੁਕਮ ਅਨੁਸਾਰ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਨੇ ਵੀ ਕਾਲਜ ਵਿਚ ਕੋਡ ਆਫ਼ ਕੰਡਕਟ ਲਾਗੂ ਕੀਤਾ ਹੋਇਆ ਸੀ।

ਸੋਮਵਾਰ ਅਤੇ ਵੀਰਵਾਰ ਵਾਲੇ ਦਿਨ ਮੁੰਡੇ ਅਤੇ ਕੁੜੀਆਂ ਕੇਸਰੀ ਦਸਤਾਰਾਂ ਅਤੇ ਦੁਪੱਟੇ ਲੈ ਕੇ ਕਾਲਜ ਆਉਂਦੇ ਸਨ।

ਜਿਨ੍ਹਾਂ ਕੁਝ ਸਟੂਡੈਂਟਾਂ ਦੀ ਆਰਥਿਕ ਹਾਲਤ ਠੀਕ ਨਹੀਂ ਸੀ, ਉਹਨਾਂ ਨੂੰ ਜਥੇਬੰਦੀ ਵੱਲੋਂ ਦਸਤਾਰਾਂ ਲੈ ਕੇ ਦਿੱਤੀਆਂ ਗਈਆਂ ਸਨ।

ਪਰ ਕਾਮਰੇਡਾਂ ਨੇ ਕਾਲਜ ਵਿਚ ਇਕ ਨਵਾਂ ਹੀ ਕੰਮ ਸ਼ੁਰੂ ਕਰ ਦਿੱਤਾ ਸੀ। ਉਹ ਹਰ ਸੋਮਵਾਰ ਅਤੇ ਵੀਰਵਾਰ ਵਾਲੇ ਦਿਨ ਕੁੜੀਆਂ ਵਰਗੀਆਂ ਸਲਵਾਰਾਂ ਪਾ ਕੇ ਕਾਲਜ ਆਉਣ ਲੱਗ ਪਏ ਸਨ।

ਇਕ ਦਿਨ ਰਾਜਵੀਰ ਆਪਣਾ ਇਕਨਾਮਿਕਸ ਦਾ ਪੀਰੀਅਡ ਲਾ ਕੇ ਅਜੇ ਬਾਹਰ ਹੀ ਨਿਕਲ ਰਿਹਾ ਸੀ ਕਿ ਰਵਿੰਦਰ ਉਹਨੂੰ ਆਪਣੇ ਵੱਲ ਆਉਂਦਾ ਦਿਸਿਆ। ਇਸ ਤੋਂ ਪਹਿਲਾਂ ਕਿ ਰਾਜਵੀਰ ਉਸ ਨੂੰ ਕੁਝ ਪੁੱਛਦਾ, ਉਸ ਤੋਂ ਪਹਿਲਾਂ ਹੀ ਰਵਿੰਦਰ ਬੋਲ ਪਿਆ:

"ਸਾਰੇ ਦਫ਼ਤਰ ਵਿਚ ਬੈਠੇ ਤੇਰੀ ਉਡੀਕ ਕਰ ਰਹੇ ਹਨ, ਚੱਲ ਛੇਤੀ ਚੱਲ।"

ਉਹ ਦੋਨੋਂ ਜਣੇ ਕਾਹਲੇ ਕਦਮਾਂ ਨਾਲ ਦਫ਼ਤਰ ਵੱਲ ਨੂੰ ਤੁਰ ਪਏ। ਦਫ਼ਤਰ ਵਿਚ ਵੜਦਿਆਂ ਹੀ ਉਹਨਾਂ ਦੇ ਕੰਨਾਂ ਵਿਚ ਸੱਤੇ ਦੇ ਬੋਲ ਗੂੰਜੇ, "ਇਹਨਾਂ ਕਾਮਰੇਡਾਂ ਦਾ ਕੁਝ ਕਰਨਾ ਪੈਣੈ, ਸਾਲੇ ਸੁੱਥਣਾਂ ਜਿਹੀਆਂ ਪਾ ਕੇ ਐਵੇਂ ਚੌੜੇ ਹੋ ਕੇ ਤੁਰਦੇ ਨੇ।"

ਸੱਤਾ ਕੋਡ ਆਫ਼ ਕੰਡਕਟ ਦੀ ਉਲੰਘਣਾ ਤੋਂ ਦੁਖੀ ਸੀ।

"ਮੈਂ ਤਾਂ ਕਈਆਂ ਦਿਨਾਂ ਦਾ ਕਹਿੰਨਾਂ ਕਿ ਜਦ ਤਕ ਇਹਨਾਂ ਦੋ-ਚੌਹ ਦੇ ਛਿੱਤਰ ਨਹੀਂ ਫਿਰਦਾ, ਇਹਨਾਂ ਨੇ ਸੂਤ ਨਹੀਂ ਆਉਣਾ।" ਸੱਤਾ ਆਪਣੀ ਥਾਂ ਭਾਫ਼ਾਂ ਛੱਡ ਰਿਹਾ ਸੀ।

"ਮੇਰਾ ਖ਼ਿਆਲ ਏ ਆਪਾਂ ਇਕ ਵਾਰੀ ਉਹਨਾਂ ਨਾਲ ਪਿਆਰ ਨਾਲ ਗੱਲ ਕਰੀਏ, ਜੇ ਫੇਰ ਵੀ ਨਹੀਂ ਮੰਨਦੇ ਤਾਂ ਫਿਰ ਦੇਖਾਂਗੇ ਕੀ ਕਰਨਾ।" ਰਾਜਵੀਰ ਬੋਲਿਆ।

"ਠੀਕ ਏ, ਫਿਰ ਬੁਲਾਓ ਉਹਨਾਂ ਦੇ ਪ੍ਰਧਾਨ ਨੂੰ।"

ਸੈਦੋਵਾਲੀਏ ਬੱਲੀ ਨੇ ਹਮੇਸ਼ਾਂ ਵਾਂਗ ਆਪਣਾ ਫ਼ੈਸਲਾ ਸੁਣਾ ਦਿੱਤਾ।

ਜਗਤਾਰ ਸਿੰਘ ਤਾਰਾ ਅਤੇ ਜੱਸਾ ਜਾ ਕੇ ਕਾਮਰੇਡਾਂ ਦੇ ਪ੍ਰਧਾਨ ਨੂੰ ਬੁਲਾ ਲਿਆਏ। ਉਹਦੇ ਨਾਲ ਦੋ ਜਣੇ ਹੋਰ ਵੀ ਆ ਗਏ। ਪ੍ਰਧਾਨ ਦੇ ਨਾਲ ਗੱਲ ਕਰਨ ਦੀ ਜ਼ਿੰਮੇਵਾਰੀ ਸੱਤੇ ਨੇ ਲਈ।

"ਤੇਰੇ ਨਾਲ ਸਿੱਧੀ ਗੱਲ ਕਰਦੇ ਹਾਂ ਪ੍ਰਧਾਨਾ, ਬਈ ਆਹ ਜਿਹੜੀਆਂ ਤੁਸੀਂ ਸੁੱਥਣਾਂ ਜਿਹੀਆਂ ਪਾ ਕੇ ਕਾਲਜ ਆਉਂਦੇ ਹੋ, ਇਹ ਬੰਦ ਕਰ ਦੇਵੋ ਅਤੇ ਬੰਦਿਆਂ ਵਰਗੇ ਕੱਪੜੇ ਪਾ ਕੇ ਕਾਲਜ ਆਇਆ ਕਰੋ।"

ਸੱਤੇ ਨੇ ਪਿਆਰ ਨਾਲ ਗੱਲ ਕਰਨ ਦੀ ਥਾਂ ਅਫ਼ਸਰਸ਼ਾਹੀ ਹੁਕਮ ਚਾੜ੍ਹ ਦਿੱਤਾ।

"ਨਾ ਤੁਸੀਂ ਹੁਣ ਸਾਨੂੰ ਦੱਸੋਗੇ ਕਿ ਅਸੀਂ ਕਿਹੜੇ ਕੱਪੜੇ ਪਾ ਕੇ ਕਾਲਜ ਆਈਏ ? ਤੁਸੀਂ ਹੁੰਦੇ ਕੌਣ ਹੋ ਸਾਡੀ ਟੋਕਾ-ਟਾਕੀ ਕਰਨ ਵਾਲੇ ?" ਕਾਮਰੇਡਾਂ ਦਾ ਪ੍ਰਧਾਨ ਗ਼ੁੱਸੇ ਵਿਚ ਉਬਲ ਰਿਹਾ ਸੀ।

"ਪਤਾ ਤੈਨੂੰ ਵੀ ਏ ਪ੍ਰਧਾਨਾ ਕਿ ਅਸੀਂ ਕੌਣ ਹਾਂ। ਤੂੰ ਰੁੜਕੇ ਵਾਲੇ ਜਾਤੀ ਕਾਮਰੇਡ ਦੇ ਸਿਰ 'ਤੇ ਸ਼ੇਰ ਬਣਿਆ ਬੈਠਾ ਏਂ, ਪਰ ਯਾਦ ਰੱਖੀਂ, ਉਹ ਇਕ ਵਾਰੀ ਤਾਂ ਬਚ ਗਿਆ ਪਰ ਅਗਲੀ ਵਾਰ ਨਹੀਂ ਬਚਦਾ। ਤੂੰ ਉਸ ਦੀ ਸ਼ਹਿ 'ਤੇ ਸਾਡੇ ਨਾਲ ਵੈਰ ਨਾ ਪਾ ਅਤੇ ਜਿਸ ਤਰ੍ਹਾਂ ਤੈਨੂੰ ਕਹਿ ਰਹੇ ਹਾਂ, ਮੰਨ ਜਾਹ।" ਰਾਜਵੀਰ ਨੇ ਬੜੇ ਠਰ੍ਹੰਮੇ ਨਾਲ ਆਖਿਆ।

ਜਾਤੀ ਕਾਮਰੇਡ ਉੱਤੇ ਇਕ ਵਾਰੀ ਖਾੜਕੂਆਂ ਨੇ ਹਮਲਾ ਕੀਤਾ ਸੀ ਸੰਗ ਢੇਸੀਆਂ ਪਿੰਡ ਕੋਲ। ਉਸ ਹਮਲੇ ਵਿਚ ਉਸ ਦਾ ਗੰਨਮੈਨ ਮਾਰਿਆ ਗਿਆ ਸੀ ਪਰ ਜਾਤੀ ਬਚ ਗਿਆ ਸੀ।

ਇਸ ਤੋਂ ਪਹਿਲਾਂ ਕਿ ਕੋਈ ਹੋਰ ਕੁਝ ਕਹਿੰਦਾ, ਸੈਦੋਵਾਲੀਏ ਬੱਲੀ ਨੇ ਆਪਣਾ ਫ਼ੈਸਲਾ ਸੁਣਾ ਦਿੱਤਾ।

"ਗੱਲ ਸੁਣ ਲੈ ਬਈ ਪ੍ਰਧਾਨਾ, ਅਗਲੇ ਸੋਮਵਾਰ ਤੋਂ ਜੇ ਕਿਸੇ ਨੌਜਵਾਨ ਮੁੰਡੇ ਦੇ ਅਸੀਂ ਸੁੱਥਣ ਜਿਹੀ ਪਾਈ ਦੇਖ ਲਈ ਤਾਂ ਫਿਰ ਜਾਂ ਉਹ ਨਹੀਂ ਜਾਂ ਅਸੀਂ ਨਹੀਂ।"

ਬੱਲੀ ਦੀ ਗੱਲ ਸੁਣ ਕੇ ਕਾਮਰੇਡਾਂ ਦਾ ਪ੍ਰਧਾਨ ਅੱਗ-ਬਬੂਲਾ ਹੋ ਗਿਆ ਅਤੇ ਦਫ਼ਤਰ 'ਚੋਂ ਨਿਕਲਦਾ ਹੋਇਆ ਬੋਲਿਆ, "ਅਸੀਂ ਪਾਵਾਂਗੇ ਸਲਵਾਰਾਂ, ਤੁਸੀਂ ਕਰ ਲਇਓ ਜੋ ਕਰਨਾ।"

ਸੋਮਵਾਰ ਦੇ ਦਿਨ ਜਥੇਬੰਦੀ ਦੇ ਸਾਰੇ ਸਿੰਘ ਕਾਲਜ ਪਹੁੰਚ ਚੁੱਕੇ ਸਨ। ਅੱਜ ਕਾਮਰੇਡਾਂ ਨਾਲ ਦੋ-ਦੋ ਹੱਥ ਕਰਨੇ ਪੈਣੇ ਸਨ। ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੀ ਇੱਜ਼ਤ ਦਾ ਸਵਾਲ ਸੀ। ਜੰਡਿਆਲੇ ਕਾਲਜ ਵਿਚ ਕੋਈ ਫ਼ੈਡਰੇਸ਼ਨ ਦੀ ਗੱਲ ਨਾ ਮੰਨੇ, ਇਹ ਤਾਂ ਅਣਹੋਣੀ ਜਿਹੀ ਗੱਲ ਸੀ।

ਦੂਜੇ ਪਾਸੇ ਲਾਲ-ਸਲਾਮ ਵਾਲੇ ਵੀ ਪੂਰੀ ਤਿਆਰੀ ਨਾਲ ਆਣ ਢੁੱਕੇ ਸਨ।

ਦੋਨੋਂ ਗਰੁੱਪ ਆਹਮੋ-ਸਾਹਮਣੇ ਸਨ। ਉਸੇ ਵੇਲੇ ਹੀ ਪਤਾ ਨਹੀਂ ਕਿਵੇਂ ਸਤਵੰਤ ਸਿੰਘ ਪਾੜ੍ਹਾ ਆ ਪ੍ਰਗਟ ਹੋਇਆ। ਉਸ ਨੂੰ ਦੇਖ ਕੇ ਫ਼ੈਡਰੇਸ਼ਨ ਦੇ ਸਿੰਘਾਂ ਨੂੰ ਤਾਂ ਲਾਲੀਆਂ ਚੜ੍ਹ ਗਈਆਂ।

'ਬੋਲੇ ਸੋ ਨਿਹਾਲ' ਦੇ ਜੈਕਾਰਿਆਂ ਨਾਲ ਕਾਮਰੇਡਾਂ 'ਤੇ ਹੱਲਾ ਬੋਲ ਦਿੱਤਾ।

ਵਰਦੀਆਂ ਕਿਰਪਾਨਾਂ ਵਿਚ ਪਤਾ ਨਹੀਂ ਸੀ ਚੱਲ ਰਿਹਾ ਕਿ ਕੀ ਹੋ ਰਿਹਾ ਹੈ। ਕੁਝ ਮਿੰਟਾਂ ਵਿਚ ਹੀ ਲਾਲ-ਸਲਾਮ ਵਾਲਿਆਂ ਦੇ ਪੈਰ ਉੱਖੜ ਗਏ। ਉਹ ਮੈਦਾਨ ਛੱਡ ਕੇ ਭੱਜ ਨਿਕਲੇ।

ਐਨੀ ਦੇਰ ਨੂੰ ਭਿੰਦੇ ਅਤੇ ਰਾਜੇ ਨੇ ਕਾਮਰੇਡਾਂ ਦਾ ਪ੍ਰਧਾਨ ਅਰਹਰ ਦੇ ਖੇਤਾਂ ਵਿਚੋਂ ਘੜੀਸ ਕੇ ਬਾਹਰ ਕੱਢ ਲਿਆਂਦਾ। ਪ੍ਰਧਾਨ ਤਾਂ ਵਿਚਾਰਾ ਮਿੰਨਤਾਂ ਕਰ ਰਿਹਾ ਸੀ।

"ਭਾ ਜੀ, ਮੈਨੂੰ ਨਾ ਮਾਰਿਓ। ਮੈਂ ਨਹੀਂ ਮੁੜ ਕੇ ਕਦੀ ਸਲਵਾਰ ਪਾਉਂਦਾ।"

ਪਾੜ੍ਹੇ ਦੇ ਕਹਿਣ 'ਤੇ ਉਸਨੂੰ ਛੱਡ ਦਿੱਤਾ ਗਿਆ ਨਹੀਂ ਤਾਂ ਉਸ ਦੀ ਲਾਲ-ਸਲਾਮ ਤਾਂ ਹੋ ਜਾਣੀ ਸੀ।

ਕਾਮਰੇਡਾਂ ਨਾਲ ਹੋਈ ਇਸ ਝੜਪ ਤੋਂ ਬਾਅਦ ਪੰਥਕ ਕਮੇਟੀ ਦੁਆਰਾ ਲਾਗੂ ਕੀਤਾ ਕੋਡ ਆਫ਼ ਕੰਡਕਟ ਸਖ਼ਤੀ ਨਾਲ ਕਾਲਜ ਵਿਚ ਲਾਗੂ ਕਰਵਾਉਣਾ ਸ਼ੁਰੂ ਕਰ ਦਿੱਤਾ। ਜਿਹੜਾ ਕੋਈ ਨੌਜਵਾਨ ਮੁੰਡਾ ਸੋਮਵਾਰ ਅਤੇ ਵੀਰਵਾਰ ਨੂੰ ਕੇਸਰੀ ਦਸਤਾਰ ਸਜਾ ਕੇ ਨਾ ਆਉਂਦਾ ਤਾਂ ਪਹਿਲਾਂ ਉਸ ਨੂੰ ਦਫ਼ਤਰ ਲਿਜਾ ਕੇ ਜ਼ਬਾਨੀ-ਕਲਾਮੀਂ ਸਮਝਾਇਆ ਜਾਂਦਾ। ਜੇ ਫਿਰ ਵੀ ਕੋਈ ਨਾ ਮੰਨਦਾ ਤਾਂ ਬਿਕਰਮਜੀਤ ਸਿੰਘ ਬਿੱਕਰ ਦਾ ਪਟਾ ਆਪਣਾ ਜੌਹਰ ਦਿਖਾਉਂਦਾ।

✶

ਕਾਂਡ 5

ਦੁਆਬੇ ਵਿਚ ਖ਼ਾਲਿਸਤਾਨ ਕਮਾਂਡੋ ਫ਼ੋਰਸ ਦੇ ਜਰਨੈਲ ਭਾਈ ਗੁਰਦੀਪ ਸਿੰਘ ਦੀਪਾ (ਹੋਰਾਂ) ਦੇ ਨਾਨਕੇ ਪਿੰਡ ਕਾਹਨਾ ਢੇਸੀਆਂ ਸਨ।

ਉਸ ਦੇ ਰਿਸ਼ਤੇਦਾਰਾਂ 'ਚੋਂ ਲੱਗਦੀ ਇਕ ਕੁੜੀ ਜੰਡਿਆਲੇ ਕਾਲਜ ਪੜ੍ਹਦੀ ਸੀ।

ਫ਼ੈਡਰੇਸ਼ਨ ਦਾ ਸਾਰਾ ਗਰੁੱਪ ਉਸ ਨੂੰ ਭੈਣ ਜੀ ਕਹਿ ਕੇ ਬੁਲਾਉਂਦਾ ਸੀ। ਉਹਦੇ ਕਰਕੇ ਜਥੇਬੰਦੀ ਦੇ ਸਾਰੇ ਸੁਨੇਹੇ ਕੁੜੀਆਂ ਵਿਚ ਆਸਾਨੀ ਨਾਲ ਪਹੁੰਚ ਜਾਇਆ ਕਰਦੇ ਸਨ। ਕੁੜੀਆਂ ਵਿਚ ਉਹਦਾ ਆਪਣਾ ਵੀ ਚੰਗਾ ਅਸਰ-ਰਸੂਖ਼ ਸੀ।

ਇਕ ਦਿਨ ਸਾਰੇ ਸਿੰਘ ਆਪਣੇ ਦਫ਼ਤਰ ਵਿਚ ਬੈਠੇ ਸਨ ਕਿ ਸੱਤੇ ਨੇ ਬਾਹਰੋਂ ਆ ਕੇ ਦੱਸਿਆ ਕਿ ਭੈਣ ਜੀ ਆ ਰਹੇ ਹਨ।

ਭੈਣ ਜੀ ਨੇ ਆਉਂਦਿਆਂ ਹੀ ਸਾਰਿਆਂ ਨੂੰ ਫ਼ਤਹਿ ਬੁਲਾਈ। ਉਸ ਦੇ ਨਾਲ ਇਕ ਕੁੜੀ ਹੋਰ ਵੀ ਸੀ।

ਉਸ ਨੇ ਸਾਰਿਆਂ ਵੱਲ ਗਹੁ ਨਾਲ ਤੱਕਦਿਆਂ ਕਿਹਾ, "ਇਸ ਕੁੜੀ ਨੇ ਤੁਹਾਡੇ ਨਾਲ ਗੱਲ ਕਰਨੀ ਏ, ਇਸ ਕੁੜੀ ਦੀ ਗੱਲ ਧਿਆਨ ਨਾਲ ਸੁਣੋ ਅਤੇ ਜੇ ਹੋ ਸਕੇ ਤਾਂ ਇਸ ਦੀ ਮਦਦ ਕਰੋ।"

ਭੈਣ ਜੀ ਦੇ ਚੁੱਪ ਹੋਣ ਤੋਂ ਬਾਅਦ ਇਕ ਵਾਰ ਸਾਰੇ ਦਫ਼ਤਰ ਵਿਚ ਸੰਨਾਟਾ ਜਿਹਾ ਛਾ ਗਿਆ।

ਕੁਝ ਦੇਰ ਚੁੱਪ ਜਿਹੀ ਛਾਈ ਰਹੀ। ਫਿਰ ਉਸ ਚੁੱਪ ਨੂੰ ਤੋੜਦਿਆਂ ਰਾਜਵੀਰ ਨੇ ਦੂਜੀ ਕੁੜੀ ਨੂੰ ਮੁਖ਼ਾਤਿਬ ਹੋ ਕੇ ਪੁੱਛਿਆ, "ਦੱਸੋ ਭੈਣ ਜੀ, ਤੁਸੀਂ ਕੀ ਕਹਿਣਾ ਚਾਹੁੰਦੇ ਹੋ ਅਤੇ ਅਸੀਂ ਤੁਹਾਡੀ ਕੀ ਮਦਦ ਕਰ ਸਕਦੇ ਹਾਂ?"

ਇਸ ਤੋਂ ਪਹਿਲਾਂ ਕਿ ਕੁੜੀ ਕੁਝ ਬੋਲਦੀ, ਸੱਤਾ ਬੋਲ ਪਿਆ, "ਤੂੰ ਬੇਫ਼ਿਕਰ ਹੋ ਕੇ ਗੱਲ ਦੱਸ ਕੀ ਏ, ਤੂੰ ਆਪਣੇ ਭਰਾਵਾਂ ਕੋਲ ਖੜੀ ਏਂ। ਤੈਨੂੰ ਝਿਜਕਣ ਦੀ ਕੋਈ ਲੋੜ ਨਹੀਂ।"

ਸੱਤੇ ਦੀ ਗੱਲ ਸੁਣ ਕੇ ਕੁੜੀ ਨੇ ਪਹਿਲਾਂ ਸਾਰਿਆਂ ਦੇ ਚਿਹਰਿਆਂ ਵੱਲ ਦੇਖਿਆ ਅਤੇ ਬੋਲੀ, "ਭਾ ਜੀ, ਕਈ ਦਿਨ ਹੋ ਗਏ ਨੇ ਮੈਨੂੰ ਧਾਲੀਵਾਲੀਆ ਬਿੱਲੂ ਬਹੁਤ ਤੰਗ ਕਰਦਾ ਏ। ਰਾਹ ਜਾਂਦੀ ਨੂੰ ਛੇੜਦਾ ਏ ਅਤੇ ਪਤਾ ਨਹੀਂ ਕੀ ਬੋਲ-ਕੁਬੋਲ ਬੋਲਦਾ ਰਹਿੰਦਾ ਏ। ਪਹਿਲਾਂ ਤਾਂ ਮੈਂ ਨਜ਼ਰ-ਅੰਦਾਜ਼ ਕਰਦੀ ਰਹੀ ਪਰ ਹੁਣ ਬਰਦਾਸ਼ਤ ਤੋਂ ਬਾਹਰ ਏ। ਤੁਸੀਂ ਹੀ ਮੇਰੀ ਮਦਦ ਕਰੋ।"

ਇਕੋ ਸਾਹ ਵਿਚ ਹੀ ਕੁੜੀ ਨੇ ਸਾਰੀ ਵਿਥਿਆ ਸੁਣਾ ਧਰੀ।

ਰਾਜਵੀਰ ਨੀਵੀਂ ਪਾਈ ਉਹਦੀ ਸਾਰੀ ਗੱਲ ਸੁਣ ਰਿਹਾ ਸੀ। ਜਦ ਉਸ ਨੇ ਅੱਖਾਂ ਉਤਾਂਹ ਚੁੱਕ ਕੇ ਦੇਖਿਆ ਤਾਂ ਕੁੜੀ ਦੀਆਂ ਅੱਖਾਂ ਹੰਝੂਆਂ ਨਾਲ ਭਰੀਆਂ ਪਈਆਂ ਸਨ।

ਕੁੜੀ ਦੀ ਗੱਲ ਸੁਣ ਕੇ ਸਾਰਿਆਂ ਦੀਆਂ ਭਵਾਂ ਕੱਸੀਆਂ ਗਈਆਂ। ਇਸ ਤੋਂ ਪਹਿਲਾਂ ਕਿ ਕੋਈ ਹੋਰ ਕੁਝ ਬੋਲਦਾ, ਸੈਦੋਵਾਲੀਏ ਬੱਲੀ ਨੇ ਆਪਣਾ ਫ਼ੈਸਲਾ ਸੁਣਾ ਦਿੱਤਾ।

"ਠੀਕ ਹੈ ਭੈਣ ਜੀ, ਤੁਸੀਂ ਜਾਓ, ਬਿੱਲੂ ਅੱਜ ਤੋਂ ਬਾਅਦ ਤੁਹਾਨੂੰ ਕੁਝ ਨਹੀਂ ਕਹੇਗਾ।"

ਨਾਲ ਹੀ ਉਸ ਨੇ ਜਗਤਾਰ ਸਿੰਘ ਤਾਰੇ ਅਤੇ ਜੱਸੇ ਨੂੰ ਹੁਕਮ ਚਾੜ੍ਹ ਦਿੱਤਾ।

"ਜਾਓ, ਜਾ ਕੇ ਬਿੱਲੂ ਨੂੰ ਸੱਦ ਕੇ ਲਿਆਉ, ਇਸ ਸਾਲੇ ਅਮਲੀ ਨੂੰ ਸਿੱਧਾ ਕਰੀਏ ਅੱਜ।"

ਤਾਰਾ ਅਤੇ ਜੱਸਾ ਜਾ ਕੇ ਬਿੱਲੂ ਨੂੰ ਸੱਦ ਲਿਆਏ ਕਿ ਤੈਨੂੰ ਦਫ਼ਤਰ ਵਿਚ ਬੁਲਾਇਆ ਹੈ।

ਉਹਨਾਂ ਦੀ ਗੱਲ ਸੁਣ ਕੇ ਬਿੱਲੂ ਦਾ ਰੰਗ ਪੀਲਾ ਪੈ ਗਿਆ। ਉਸ ਨੂੰ ਪਤਾ ਸੀ ਕਿ ਫ਼ੈਡਰੇਸ਼ਨ ਵਾਲੇ ਕਿਸੇ ਨੂੰ ਦਫ਼ਤਰ ਕਿਉਂ ਸੱਦਦੇ ਹਨ।

ਦਫ਼ਤਰ ਵਿਚ ਆ ਕੇ ਬਿੱਲੂ ਇਕ ਪਾਸੇ ਖੜਾ ਹੋ ਗਿਆ। ਤਾਰੇ ਨੇ ਉਸ ਨੂੰ ਬੈਠਣ ਲਈ ਕਿਹਾ ਪਰ ਉਹ ਡਰਦਾ ਮਾਰਾ ਬੈਠ ਨਹੀਂ ਸੀ ਰਿਹਾ।

ਬਿੱਲੂ ਨਾਲ ਗੱਲ ਕਰਨ ਦੀ ਜ਼ਿੰਮੇਵਾਰੀ ਸੈਦੋਵਾਲੀਏ ਬੱਲੀ ਨੇ ਲਈ।

"ਹਾਂ ਬਈ ਬਿੱਲੂ, ਕੀ ਹਾਲ ਏ ਤੇਰਾ ? ਅੱਜ ਕੱਲ੍ਹ ਸੁਣਿਆ ਆਸ਼ਕੀ ਦਾ ਭੂਤ ਕੁਝ ਜ਼ਿਆਦਾ ਹੀ ਚੜ੍ਹ ਗਿਆ ਤੈਨੂੰ। ਸਾਲਿਆ,

ਆਉਂਦੀਆਂ-ਜਾਂਦੀਆਂ ਕੁੜੀਆਂ ਨੂੰ ਤੰਗ ਕਰਦਾ ਏਂ। ਤੇਰਾ ਜ਼ਿੰਦਗੀ ਨਾਲੋਂ ਮੋਹ ਤਾਂ ਨਹੀਂ ਟੁੱਟ ਗਿਆ?"

ਕੁੜੀ ਦੇ ਹੰਝੂਆਂ ਨੇ ਬੱਲੀ ਦੇ ਅੰਦਰ ਗ਼ੁੱਸੇ ਦੇ ਭਾਂਬੜ ਬਾਲ ਦਿੱਤੇ ਸਨ। ਬੱਲੀ ਦਾ ਗ਼ੁੱਸਾ ਦੇਖ ਕੇ ਬਿੱਲੂ ਦਾ ਸਾਰਾ ਸਰੀਰ ਕੰਬ ਰਿਹਾ ਸੀ। ਬੱਲੀ ਨੇ ਬਿਕਰਮਜੀਤ ਸਿੰਘ ਬਿੱਕਰ ਵਾਲਾ ਪਟਾ ਚੁੱਕ ਲਿਆ।

ਸੱਤੇ ਅਤੇ ਰਾਜਵੀਰ ਨੇ ਬਿੱਲੂ ਨੂੰ ਢਾਹ ਲਿਆ।

ਦੱਸ ਕੁ ਮਿੰਟ ਬੱਲੀ ਪੂਰੇ ਜ਼ੋਰ ਨਾਲ ਬਿੱਲੂ ਦੇ ਪਟੇ ਵਰ੍ਹਾਉਂਦਾ ਰਿਹਾ। ਬਿੱਲੂ ਥੱਲੇ ਪਿਆ ਮਿੰਨਤਾਂ ਕਰਦਾ, ਚੀਕਾਂ ਮਾਰਦਾ, ਵਾਰ-ਵਾਰ ਆਪਣੀਆਂ ਗ਼ਲਤੀਆਂ ਦੀਆਂ ਮਾਫ਼ੀਆਂ ਮੰਗ ਰਿਹਾ ਸੀ।

ਰਵਿੰਦਰ ਜਾ ਕੇ ਭੈਣ ਜੀ ਅਤੇ ਦੂਜੀ ਕੁੜੀ ਨੂੰ ਬੁਲਾ ਲਿਆਇਆ।

ਬਿੱਲੂ ਹੱਥ ਜੋੜ ਕੇ ਉਸ ਕੁੜੀ ਕੋਲੋਂ ਮਾਫ਼ੀ ਮੰਗ ਰਿਹਾ ਸੀ।

"ਮੈਨੂੰ ਮਾਫ਼ ਕਰ ਦਿਉ ਭੈਣ ਜੀ, ਮੈਂ ਮੁੜ ਕੇ ਇਹੋ ਜਿਹੀ ਗ਼ਲਤੀ ਕਦੀ ਨਹੀਂ ਕਰਦਾ।"

ਕੁੜੀ ਨੇ ਸਾਰੀ ਜਥੇਬੰਦੀ ਦਾ ਧੰਨਵਾਦ ਕੀਤਾ ਅਤੇ ਭੈਣ ਜੀ ਨਾਲ ਚਲੀ ਗਈ।

ਕੁਝ ਮਿੰਟਾਂ ਬਾਅਦ ਤਾਰਾ ਅਤੇ ਸੱਤਾ, ਬਿੱਲੂ ਨੂੰ ਵੀ ਬਾਹਰ ਛੱਡ ਆਏ।

ਕੁਝ ਦਿਨ ਬੜੇ ਆਰਾਮ ਨਾਲ ਲੰਘੇ।

ਫ਼ੈਡਰੇਸ਼ਨ ਦੇ ਸਿੰਘ ਦਫ਼ਤਰ ਵਿਚ ਬੈਠੇ ਗੱਪਾਂ ਮਾਰ ਰਹੇ ਸਨ ਕਿ ਬਾਹਰ ਇਕ ਲਲਕਾਰੇ ਮਾਰਦੀ ਆਵਾਜ਼ ਸੁਣਾਈ ਦਿੱਤੀ।

"ਬਾਹਰ ਨਿਕਲੋ ਓਏ ਵੱਡੇ ਫ਼ੈਡਰੇਸ਼ਨ ਵਾਲਿਉ, ਤੁਹਾਡੀ ਮਾਂ ਦੀ.....।"

ਇੰਨੀ ਗੱਲ ਸੁਣਦਿਆਂ ਹੀ ਉਹ ਆਪਣੀਆਂ ਹਾਕੀਆਂ ਅਤੇ ਕਿਰਪਾਨਾਂ ਚੁੱਕ ਕੇ ਬਾਹਰ ਨਿਕਲੇ ਤਾਂ ਬਾਹਰ ਦਸ-ਪੰਦਰਾਂ ਮੁੰਡਿਆਂ ਨਾਲ ਬਿੱਲੂ ਲਲਕਾਰੇ ਮਾਰ ਰਿਹਾ ਸੀ।

ਫ਼ੈਡਰੇਸ਼ਨ ਦੇ ਸਿੰਘ ਗਿਣਤੀ ਵਿਚ ਅੱਠ ਜਣੇ ਸਨ। 'ਬੋਲੇ ਸੋ ਨਿਹਾਲ' ਦੇ ਜੈਕਾਰੇ ਛੱਡਦੇ ਉਹ ਬਿੱਲੂ ਐਂਡ ਪਾਰਟੀ 'ਤੇ ਟੁੱਟ ਕੇ ਪੈ ਗਏ।

ਕੁਝ ਮਿੰਟਾਂ ਵਿਚ ਹੀ ਬਿੱਲੂ ਦੀ ਢਾਣੀ ਭੱਜ ਨਿਕਲੀ।

ਫ਼ੈਡਰੇਸ਼ਨ ਦੇ ਸਿੰਘਾਂ ਨੇ ਕਾਲਜ ਤੋਂ ਬਾਹਰ ਜਾ ਕੇ ਵੀ ਉਹਨਾਂ ਦਾ ਪਿੱਛਾ ਕੀਤਾ ਪਰ ਕੋਈ ਵੀ ਉਹਨਾਂ ਦੇ ਹੱਥ ਨਾ ਆਇਆ।

ਸਾਰੇ ਜਣੇ ਮੁੜ ਦਫ਼ਤਰ ਆ ਜੁੜੇ।

"ਮੈਨੂੰ ਇਹਨਾਂ ਵਿਚੋਂ ਬਿੱਲੂ ਤੋਂ ਬਗ਼ੈਰ ਆਪਣੇ ਕਾਲਜ ਦਾ ਹੋਰ ਤਾਂ ਕੋਈ ਨਹੀਂ ਸੀ ਲੱਗਦਾ," ਰਵਿੰਦਰ ਬੋਲਿਆ।

"ਆਪਣੇ ਕਾਲਜ ਵਿਚ ਕਿਸੇ ਦੀ ਹਿੰਮਤ ਨਹੀਂ ਕਿ ਜਥੇਬੰਦੀ ਨੂੰ ਗਾਲ੍ਹ ਕੱਢ ਸਕੇ।" ਜੱਸਾ ਆਪਣਾ ਵਿਚਾਰ ਦੇ ਗਿਆ।

"ਸਾਨੂੰ ਛੇਤੀ ਤੋਂ ਛੇਤੀ ਇਹ ਪਤਾ ਕਰਨਾ ਚਾਹੀਦਾ ਹੈ ਕਿ ਇਹ ਕੌਣ ਸਨ ਅਤੇ ਕਿਥੋਂ ਆਏ ਸਨ ?" ਰਾਜਵੀਰ ਨੇ ਆਪਣੀ ਸਲਾਹ ਦਿੱਤੀ।

"ਇਹ ਕੌਣ ਸਨ ਅਤੇ ਕਿਥੋਂ ਆਏ ਸਨ, ਇਹ ਪਤਾ ਮੈਂ ਲਗਾ ਲਵਾਂਗਾ।" ਬੱਬੂ ਬੜੀ ਜ਼ਿੰਮੇਵਾਰੀ ਨਾਲ ਬੋਲਿਆ।

"ਚੰਗਾ ਠੀਕ ਹੈ ਫਿਰ, ਪਹਿਲਾਂ ਤੂੰ ਇਹ ਪਤਾ ਕਰ, ਉਸ ਤੋਂ ਬਾਅਦ ਕੋਈ ਰਣਨੀਤੀ ਬਣਾਵਾਂਗੇ।" ਸੱਤੇ ਨੇ ਬੱਬੂ ਨੂੰ ਆਖਿਆ।

"ਨਹੀਂ ਯਾਰ, ਮੈਂ ਤੁਹਾਡੀ ਗੱਲ ਨਾਲ ਸਹਿਮਤ ਨਹੀਂ, ਆਪਾਂ ਨੂੰ ਅੱਜ ਰਾਤ ਨੂੰ ਹੀ ਬਿੱਲੂ ਦੇ ਪਿੰਡ ਧਾਲੀਵਾਲ ਹਮਲਾ ਕਰਨਾ ਚਾਹੀਦਾ ਹੈ। ਸਾਲੇ ਅਮਲੀ ਦੀ ਇੰਨੀ ਹਿੰਮਤ, ਸਾਡੇ 'ਤੇ ਗੁੰਡੇ ਚਾੜ੍ਹ ਲਿਆਵੇ।" ਬੱਲੀ ਗ਼ੁੱਸੇ ਵਿਚ ਕਚੀਚੀਆਂ ਵੱਟ ਰਿਹਾ ਸੀ।

"ਮੇਰਾ ਖ਼ਿਆਲ ਏ ਆਪਾਂ ਨੂੰ ਕੁਝ ਉਡੀਕ ਕਰ ਲੈਣੀ ਚਾਹੀਦੀ ਏ। ਨਾਲੇ ਫੇਰ ਬਿੱਲੂ ਦਾ ਕੀ ਏ, ਉਹਦੇ ਘਰ ਤਾਂ ਆਪਾਂ ਜਦੋਂ ਮਰਜ਼ੀ ਜਾ ਹੱਲਾ ਬੋਲੀਏ।" ਜਗਤਾਰ ਸਿੰਘ ਤਾਰੇ ਨੇ ਸਿਆਣੀ ਗੱਲ ਕੀਤੀ।

ਸੋ ਸਾਰੀ ਗੱਲ ਦਾ ਪਤਾ ਲਾਉਣ ਦੀ ਜ਼ਿੰਮੇਵਾਰੀ ਬੱਬੂ ਨੂੰ ਸੌਂਪ ਸਾਰੇ ਜਣੇ ਆਪੋ-ਆਪਣੇ ਪਿੰਡਾਂ ਨੂੰ ਰਵਾਨਾ ਹੋ ਗਏ।

ਕੁਝ ਦਿਨਾਂ ਬਾਅਦ ਜਿਹੜੀ ਖ਼ਬਰ ਬੱਬੂ ਨੂੰ ਸੁਣਾਈ, ਉਹ ਚੌਂਕਾ ਦੇਣ ਵਾਲੀ ਸੀ।

ਜਿਹਨਾਂ ਮੁੰਡਿਆਂ ਨੂੰ ਨਾਲ ਲੈ ਕੇ ਬਿੱਲੂ ਫ਼ੈਡਰੇਸ਼ਨ ਨਾਲ ਲੜਨ ਆਇਆ ਸੀ, ਉਹ ਖ਼ਾਲਸਾ ਕਾਲਜ ਜਲੰਧਰ ਤੋਂ ਸਨ ਅਤੇ ਉਹਨਾਂ ਨੂੰ ਭੇਜਣ ਵਾਲਾ ਅਮਰਜੀਤ ਸਿੰਘ ਜੀਤਾ ਸੀ ਜੋ ਕਿ ਬੱਬਰ ਖ਼ਾਲਸਾ ਜਥੇਬੰਦੀ ਨਾਲ ਸੰਬੰਧਿਤ ਸੀ।

ਸਾਰੇ ਗਰੁੱਪ ਵਿਚ ਸੰਨਾਟਾ ਛਾ ਗਿਆ। ਇਸ ਚੁੱਪ ਨੂੰ ਤੋੜਦਾ ਹੋਇਆ ਸੈਦੋਵਾਲੀਆ ਬੋਲਿਆ, "ਮੈਨੂੰ ਲੱਗਦੈ, ਇਹ ਸਾਲਾ ਅਮਲੀ ਬਿੱਲੂ ਹੁਣ ਸਾਡੀ ਭਰਾ-ਮਾਰੂ ਜੰਗ ਕਰਵਾਊਗਾ।"

"ਯਾਰ ਇਹ ਬੱਬਰ ਖ਼ਾਲਸਾ ਵਾਲਿਆਂ ਦਾ ਦਿਮਾਗ਼ ਕੰਮ ਨਹੀਂ

ਕਰਦਾ, ਬਈ ਜੋ ਇਕ ਅਮਲੀ ਆਸ਼ਕ ਦੀ ਮਦਦ 'ਤੇ ਆਣ ਢੁੱਕੇ ਨੇ।" ਸੱਤਾ ਬੱਬਰ ਖ਼ਾਲਸਾ ਦੇ ਸਿੰਘਾਂ ਦੀ ਸੋਚ 'ਤੇ ਹੈਰਾਨ ਸੀ।

"ਹੁਣ ਅੱਗੋਂ ਕੀ ਕਰਨਾ ਏ, ਉਹਦੇ ਬਾਰੇ ਸੋਚੋ।" ਬਿਕਰਮਜੀਤ ਸਿੰਘ ਬਿੱਕਰ ਆਉਣ ਵਾਲੇ ਸਮੇਂ ਬਾਰੇ ਚਿੰਤਤ ਸੀ।

"ਮੇਰਾ ਖ਼ਿਆਲ ਹੈ ਕਿ ਆਪਾਂ ਨੂੰ ਬੱਬਰ ਖ਼ਾਲਸਾ ਦੇ ਸਿੰਘਾਂ ਨੂੰ ਮਿਲਣਾ ਚਾਹੀਦਾ ਏ।" ਜਗਤਾਰ ਸਿੰਘ ਤਾਰੇ ਨੇ ਆਪਣੀ ਸਲਾਹ ਦਿੱਤੀ।

ਪਰ ਉਹਨਾਂ ਤਕ ਪਹੁੰਚ ਕੌਣ ਕਰੂ ? ਮਾੜੇ-ਮੋਟੇ ਨੂੰ ਤਾਂ ਬੱਬਰ ਖ਼ਾਲਸੇ ਵਾਲੇ ਮੂੰਹ ਵੀ ਨਹੀਂ ਲਾਉਂਦੇ।" ਜੱਸਾ ਬੱਬਰਾਂ ਦੇ ਸਖ਼ਤ ਕਾਨੂੰਨ ਤੋਂ ਜਾਣੂ ਸੀ।

ਰਾਜਵੀਰ ਕਾਫ਼ੀ ਦੇਰ ਤੋਂ ਚੁੱਪ ਬੈਠਾ ਸਾਰਿਆਂ ਦੇ ਵਿਚਾਰ ਸੁਣ ਰਿਹਾ ਸੀ। ਉਸ ਦੀ ਚੁੱਪ ਦੇਖ ਕੇ ਸੈਦੋਵਾਲੀਆ ਬੱਲੀ ਉਹਦੇ ਦੁਆਲੇ ਹੋ ਗਿਆ।

"ਨਾ ਤੂੰ ਹੁਣ ਚੁੱਪ ਹੋਇਆ ਬੈਠਾ ਏਂ, ਕੁਝ ਮੂੰਹੋਂ ਫੁੱਟ ਕਿ ਕੀ ਕਰੀਏ ?"

"ਮੇਰੇ ਖ਼ਿਆਲ ਵਿਚ ਆਪਾਂ ਨੂੰ ਤਾਰੇ ਦੀ ਸਲਾਹ ਮੰਨ ਲੈਣੀ ਚਾਹੀਦੀ ਏ।" ਰਾਜਵੀਰ ਤਾਰੇ ਨਾਲ ਸਹਿਮਤ ਸੀ।

"ਓਏ ਡੁੱਬੀ ਤਾਂ ਤਾਹੀਓਂ ਜੇ ਸਾਹ ਨਾ ਆਇਆ। ਉਹਨਾਂ ਬਾਪੂਆਂ ਤਕ ਪਹੁੰਚ ਕੌਣ ਕਰੂ ? ਆਪਾਂ ਸਾਰਿਆਂ ਨੂੰ ਪਤਾ ਏ ਕਿ ਬੱਬਰਾਂ ਦੇ ਅਸੂਲ ਬੜੇ ਸਖ਼ਤ ਨੇ।" ਬੱਲੀ ਸੱਚਮੁੱਚ ਹੀ ਕਾਫ਼ੀ ਚਿੰਤਤ ਸੀ।

"ਬੱਬਰ ਖ਼ਾਲਸਾ ਦੇ ਸਿੰਘਾਂ ਤਕ ਪਹੁੰਚ ਮੈਂ ਤੇ ਬੱਬੂ ਕਰਾਂਗੇ।" ਰਾਜਵੀਰ ਨੇ ਬੱਬੂ ਵੱਲ ਦੇਖਦਿਆਂ ਹੋਇਆਂ ਆਖਿਆ।

ਕੁਝ ਦਿਨਾਂ ਵਿਚ ਹੀ ਰਾਜਵੀਰ ਅਤੇ ਬੱਬੂ ਨੇ ਅਮਰਜੀਤ ਸਿੰਘ ਜੀਤੇ ਬੱਬਰ ਨਾਲ ਸੰਪਰਕ ਕਰ ਲਿਆ।

ਉਸ ਨਾਲ ਮਿਲਣ ਲਈ ਗੁਰਦੁਆਰਾ ਸੰਗ ਢੇਸੀਆਂ ਵਿਖੇ ਥਾਂ ਮੁਕੱਰਰ ਕਰ ਲਈ। ਸਾਰੇ ਸਿੰਘਾਂ ਨੂੰ ਉਸ ਦਿਨ ਗੁਰਦੁਆਰਾ ਸੰਗ ਢੇਸੀਆਂ ਵਿਖੇ ਪਹੁੰਚਣ ਲਈ ਕਹਿ ਦਿੱਤਾ ਗਿਆ।

ਅਮਰਜੀਤ ਸਿੰਘ ਜੀਤਾ ਵੀ ਦਿੱਤੇ ਹੋਏ ਸਮੇਂ 'ਤੇ ਪਹੁੰਚ ਗਿਆ।

ਉਹ ਵੀ ਤਕਰੀਬਨ ਸਾਰੇ ਜਣੇ ਪਹੁੰਚ ਗਏ।

ਅਜੇ ਉਹ ਗੱਲਬਾਤ ਸ਼ੁਰੂ ਹੀ ਕਰਨ ਲੱਗੇ ਸਨ ਕਿ ਪਤਾ ਨਹੀਂ ਕਿਥੋਂ ਨਿਰਮਲ ਸਿੰਘ ਨਿੰਮਾ ਆ ਪ੍ਰਗਟ ਹੋਇਆ।

ਸਾਰਿਆਂ ਨਾਲ ਫ਼ਤਹਿ ਸਾਂਝੀ ਕਰਨ ਤੋਂ ਬਾਅਦ ਉਹ ਬੋਲਿਆ, "ਮੈਂ ਕਿਹਾ ਕਿ ਚਲੋ ਸਾਰੇ ਭਰਾਵਾਂ ਦੇ ਦਰਸ਼ਨ ਇਕ ਥਾਂ ਹੀ ਕਰ ਲੈਨੇ ਆਂ।"

ਇਸ ਤੋਂ ਪਹਿਲਾਂ ਕਿ ਉਹ ਕੁਝ ਸਮਝਦੇ, ਜੀਤਾ ਅਤੇ ਨਿੰਮਾ ਗਲਵਕੜੀ ਪਾ ਕੇ ਮਿਲ ਰਹੇ ਸਨ।

"ਜਥੇਦਾਰਾ, ਇਹ ਕੀ ਬੁਝਾਰਤ ਏ, ਤੂੰ ਜਾਣਦਾ ਏਂ ਜੀਤੇ ਨੂੰ?" ਰਾਜਵੀਰ ਨੇ ਹੈਰਾਨ ਹੋ ਕੇ ਨਿੰਮੇ ਨੂੰ ਪੁੱਛਿਆ।

"ਓਏ ਇਹ ਤਾਂ ਆਪਣਾ ਭਰਾ ਏ ਭਰਾਵਾ," ਨਿੰਮਾ ਬੋਲਿਆ।

"ਚੰਗਾ ਠੀਕ ਹੈ, ਫਿਰ ਪੁੱਛ ਇਸ ਭਰਾ ਨੂੰ ਬਈ ਆਸ਼ਕਾਂ ਦੀ ਮਦਦ ਕਰਨੀ ਕਦੋਂ ਤੋਂ ਸ਼ੁਰੂ ਕਰ ਦਿੱਤੀ ਏ ਬੱਬਰਾਂ ਨੇ?"

ਸੈਦੋਵਾਲੀਆ ਬੱਲੀ ਤਪਿਆ ਬੈਠਾ ਸੀ।

ਇਸ ਤੋਂ ਪਹਿਲਾਂ ਕਿ ਨਿੰਮਾ ਕੁਝ ਬੋਲਦਾ, ਜੀਤਾ ਬੱਬਰ ਦੋਨੋਂ ਹੱਥ ਜੋੜ ਕੇ ਖੜਾ ਹੋ ਗਿਆ।

"ਖ਼ਾਲਸਾ ਜੀ, ਮੇਰੇ ਕੋਲੋਂ ਗ਼ਲਤੀ ਹੋ ਗਈ ਏ, ਮੈਨੂੰ ਨਹੀਂ ਸੀ ਪਤਾ ਕਿ ਬਿੱਲੂ ਆਸ਼ਕੀ ਦੇ ਚੱਕਰ ਵਿਚ ਤੁਹਾਡੇ ਕੋਲੋਂ ਛਿੱਤਰ ਖਾ ਕੇ ਗਿਆ ਸੀ। ਨਾ ਹੀ ਉਸ ਨੇ ਮੈਨੂੰ ਦੱਸਿਆ ਕਿ ਫ਼ੈਡਰੇਸ਼ਨ ਵਾਲਿਆਂ ਨਾਲ ਲੜਨਾ ਏ। ਉਸ ਨੇ ਤਾਂ ਮੈਨੂੰ ਕਹਾਣੀ ਕੁਝ ਹੋਰ ਹੀ ਦੱਸੀ ਸੀ ਕਿ ਕੁਝ ਮੁੰਡਿਆਂ ਨੂੰ ਉਸ ਨੇ ਕੁੜੀਆਂ ਛੇੜਨ ਤੋਂ ਰੋਕਿਆ ਤਾਂ ਉਹਨਾਂ ਨੇ ਉਸ ਨੂੰ ਕੁੱਟਿਆ। ਇਹ ਸੁਣ ਕੇ ਮੈਂ ਇਥੋਂ ਕਾਲਜ 'ਚੋਂ ਉਹਦੇ ਵਰਗੇ ਚਾਰ ਮੁੰਡੇ ਉਹਦੇ ਨਾਲ ਭੇਜ ਦਿੱਤੇ। ਮੈਨੂੰ ਨਹੀਂ ਪਤਾ ਸੀ ਕਿ ਉਹ ਅਮਲੀ ਖ਼ਰਾਬ ਬੰਦਾ ਐ। ਬੱਸ ਸਾਰੀ ਗ਼ਲਤੀ ਗ਼ਲਤ ਫ਼ਹਿਮੀ ਵਿਚ ਹੋਈ ਏ, ਆਪਣੀ ਇਸ ਗ਼ਲਤੀ ਦੀ ਮੈਂ ਆਪ ਸਭਨਾਂ ਤੋਂ ਮਾਫ਼ੀ ਮੰਗਦਾ ਹਾਂ।"

ਇਕੋ ਸਾਹ ਵਿਚ ਹੀ ਜੀਤੇ ਬੱਬਰ ਨੇ ਸਾਰੀ ਗੱਲ ਕਹਿ ਸੁਣਾਈ। ਜੀਤੇ ਬੱਬਰ ਦੀ ਐਨੀ ਨਿਰਮਾਣਤਾ ਦੇਖ ਕੇ ਸਾਰੇ ਜਣੇ ਸ਼ਾਂਤ ਹੋ ਗਏ।

ਬੱਲੀ ਨੇ ਉੱਠ ਕੇ ਜੀਤੇ ਨੂੰ ਸੀਨੇ ਨਾਲ ਲਾ ਲਿਆ।

"ਮੇਰੀ ਕੁਰੱਖ਼ਤ ਭਾਸ਼ਾ ਲਈ ਮੈਨੂੰ ਮਾਫ਼ ਕਰੀਂ ਬੱਬਰਾ।" ਬੱਲੀ ਦੀ ਗੱਲ ਸੁਣ ਕੇ ਸਾਰੇ ਮੁਸਕਰਾ ਪਏ।

"ਹੁਣ ਫੇਰ ਬਿੱਲੂ ਦਾ ਕੀ ਕਰਨਾ ਏ?" ਸੱਤੇ ਨੇ ਸਵਾਲੀਆ ਨਜ਼ਰਾਂ ਨਾਲ ਜੀਤੇ ਬੱਬਰ ਨੂੰ ਪੁੱਛਿਆ।

"ਮੈਂ ਆਪ ਉਸ ਨੂੰ ਲੈ ਕੇ ਕਾਲਜ ਆਵਾਂਗਾ ਅਤੇ ਤੁਹਾਡੀ ਸਾਰੀ ਜਥੇਬੰਦੀ ਕੋਲੋਂ ਜੇ ਉਸ ਨੇ ਕੰਨ ਫੜ ਕੇ ਮਾਫ਼ੀ ਨਾ ਮੰਗੀ ਤਾਂ ਮੈਂ ਖ਼ੁਦ ਉਸ ਨੂੰ ਗੋਲੀ ਮਾਰ ਦਿਆਂਗਾ।"

ਜੀਤੇ ਬੱਬਰ ਨੇ ਸਪੱਸ਼ਟ ਗੱਲ ਕੀਤੀ।

ਦੂਜੇ ਹੀ ਦਿਨ ਜੀਤਾ ਬੱਬਰ ਬਿੱਲੂ ਨੂੰ ਲੈ ਕੇ ਕਾਲਜ ਆ ਪਹੁੰਚਿਆ। ਬਿੱਲੂ ਕੰਨ ਫੜ ਕੇ ਸਾਰੇ ਗਰੁੱਪ ਕੋਲੋਂ ਮਾਫ਼ੀ ਮੰਗ ਰਿਹਾ ਸੀ।

*

ਕਾਂਡ 6

ਬਿੱਲੂ ਵਾਲੀ ਘਟਨਾ ਤੋਂ ਬਾਅਦ ਬੱਬੂ ਅਤੇ ਰਾਜਵੀਰ ਦੀ ਨੇੜਤਾ ਜੀਤੇ ਬੱਬਰ ਨਾਲ ਕਾਫ਼ੀ ਵਧ ਗਈ ਸੀ।

ਦੁਆਬੇ ਵਿਚ ਹਰਜੋਨ ਸਿੰਘ (ਜੋਨਾ) ਜੋ ਕਿ ਹੇਲਰਾਂ ਪਿੰਡ ਦਾ ਰਹਿਣ ਵਾਲਾ ਸੀ, ਬੱਬਰ ਖ਼ਾਲਸਾ ਜਥੇਬੰਦੀ ਦਾ ਆਗੂ ਸੀ।

ਜੀਤਾ ਅਤੇ ਜੋਨਾ ਇਕ ਦੂਜੇ ਦੇ ਕਾਫ਼ੀ ਨੇੜੇ ਸਨ। ਭਾਈ ਹਰਜੋਨ ਸਿੰਘ ਜੋਨੇ ਨੂੰ ਪੁਲਿਸ ਨੇ ਭਗੌੜਾ ਕਰਾਰ ਦਿੱਤਾ ਹੋਇਆ ਸੀ ਪਰ ਜੀਤਾ ਆਪਣੇ ਪਿੰਡ ਖੇੜੇ ਹੀ ਰਹਿੰਦਾ ਸੀ।

ਖੇੜੇ ਪਿੰਡ ਦਾ ਰਹਿਣ ਵਾਲਾ ਅਮਰਜੀਤ ਸਿੰਘ ਜੀਤਾ ਬਹੁਤ ਹੀ ਠੰਡੇ ਸੁਭਾਅ ਦਾ ਮਾਲਕ ਸੀ।

ਗੁਰਬਾਣੀ ਦਾ ਪੂਰਾ ਨਿੱਤਨੇਮੀ ਸੀ।

ਹਾਲਾਤ ਕੁਝ ਵੀ ਹੋਣ, ਜੀਤੇ ਨੇ ਕਦੀ ਆਪਣਾ ਨਿੱਤਨੇਮ ਭੰਗ ਨਹੀਂ ਸੀ ਹੋਣ ਦਿੱਤਾ।

ਹਰ ਰੋਜ਼ ਅੰਮ੍ਰਿਤ ਵੇਲੇ ਸਣਕੇਸੀ ਇਸ਼ਨਾਨ ਕਰ ਕੇ ਨਿੱਤਨੇਮ ਕਰਦਾ, ਮਿੱਠ-ਬੋਲੜਾ ਇੰਨਾ ਕਿ ਪਲਾਂ ਵਿਚ ਹੀ ਹਰ ਇਕ ਨੂੰ ਆਪਣਾ ਬਣਾ ਲੈਂਦਾ।

ਜੀਤੇ ਦਾ ਇਕ ਹੋਰ ਦੋਸਤ ਸੀ ਪਰਗਟ ਸਿੰਘ ਜੋ ਕਿ ਜੀਤੇ ਦੇ ਨੇੜਲੇ ਪਿੰਡ ਜਮਸ਼ੇਰ ਦਾ ਰਹਿਣ ਵਾਲਾ ਸੀ। ਛੇ ਫ਼ੁੱਟ ਉੱਚੇ ਕੱਦ ਵਾਲਾ ਪਰਗਟ ਸਿੰਘ ਪੂਰਾ ਦਰਸ਼ਨੀ ਗੱਭਰੂ ਸੀ।

ਹੁਣ ਅਕਸਰ ਹੀ ਬੱਬੂ ਅਤੇ ਰਾਜਵੀਰ ਕਦੀ ਜਮਸ਼ੇਰ, ਕਦੀ ਖੇੜੇ ਆਏ ਹੁੰਦੇ।

ਇਹਨਾਂ ਦਿਨਾਂ ਵਿਚ ਹੀ ਕਾਲਜ ਦੇ ਡੀ.ਪੀ. ਨੇ ਦੱਸਿਆ ਕਿ ਕਾਲਜ ਵਿਚ ਐਨ.ਐਸ.ਐਸ. ਦਾ ਕੈਂਪ ਲੱਗਣਾ ਹੈ।

ਜਥੇਬੰਦੀ ਵੱਲੋਂ ਰਾਜਵੀਰ ਤੇ ਬੱਬੂ ਨੇ ਕੈਂਪ ਲਾਉਣ ਲਈ ਹਾਮੀ ਭਰ ਦਿੱਤੀ।

ਕੈਂਪ ਤਾਂ ਇਕ ਬਹਾਨਾ ਸੀ, ਇਸ ਬਹਾਨੇ ਘਰੋਂ ਬਾਹਰ ਰਹਿ ਕੇ ਜਥੇਬੰਦੀ ਦੇ ਕੁਝ ਜ਼ਰੂਰੀ ਕੰਮ ਕਰਨੇ ਸਨ। ਸੋ ਘਰਦਿਆਂ ਤੋਂ ਦੋ ਹਫ਼ਤਿਆਂ ਦੀਆਂ ਛੁੱਟੀਆਂ ਲੈ ਕੇ ਦੋਵੇਂ ਜਣੇ ਕੈਂਪ ਵਿਚ ਆ ਹਾਜ਼ਰ ਹੋਏ।

ਇਹਨਾਂ ਦਿਨਾਂ ਵਿਚ ਹੀ ਇਕ ਦਿਨ ਜਦੋਂ ਉਹ ਪਰਗਟ ਸਿੰਘ ਦੇ ਘਰ ਜਮਸ਼ੇਰ ਵਿਖੇ ਬੈਠੇ ਸਨ, ਬੱਬਰ ਖ਼ਾਲਸਾ ਵੱਲੋਂ ਆਈਆਂ ਏ.ਕੇ. 56 ਅਸਾਲਟ ਰਾਈਫ਼ਲਾਂ ਜੀਤਾ ਦਿਖਾ ਰਿਹਾ ਸੀ।

ਉਹ ਆਪਸ ਵਿਚ ਬੈਠੇ ਗੱਲਾਂ ਕਰਦੇ ਚੀਨ ਦੀਆਂ ਬਣੀਆਂ ਏ.ਕੇ. 56 ਅਸਾਲਟਾਂ ਦੀਆਂ ਸਿਫ਼ਤਾਂ ਕਰ ਰਹੇ ਸਨ।

"ਇਸ ਬੰਦੇ ਖਾਣੀ ਦਾ ਕੋਈ ਜਵਾਬ ਨਹੀਂ।" ਪਰਗਟ ਸਿੰਘ ਹੱਥ ਵਿਚ ਫੜੀ ਏ.ਕੇ. 56 ਨੂੰ ਸਲਾਹੁੰਦਾ ਹੋਇਆ ਬੋਲਿਆ।

"ਗੱਲ ਤੇਰੀ ਜਮਾਂ ਸੋਲਾਂ ਆਨੇ ਸੱਚੀ ਏ ਪਰਗਟਾ, ਹੱਥ ਵਿਚ ਫੜੀ ਹੋਵੇ ਤਾਂ ਬੰਦਾ ਧਰਤੀ ਤੋਂ ਗਿੱਠ-ਗਿੱਠ ਉੱਚਾ ਤੁਰਦਾ ਏ।" ਰਾਜਵੀਰ ਅਸਾਲਟਾਂ ਨੂੰ ਨਿਹਾਰਦਾ ਹੋਇਆ ਬੋਲਿਆ।

ਗੱਲਾਂ ਕਰਦੇ-ਕਰਦੇ ਉਹ ਇਕ-ਦਮ ਠਾਅੜ.... ਦੀ ਆਵਾਜ਼ ਨਾਲ ਚੌਂਕ ਗਏ।

ਬੱਬੂ ਕੋਲੋਂ ਅਚਾਨਕ ਹੀ ਹੱਥ ਵਿਚ ਫੜੀ ਅਸਾਲਟ ਦਾ ਘੋੜਾ ਦੱਬਿਆ ਗਿਆ ਸੀ। ਗੋਲੀ ਉਪਰ ਛੱਤ ਵਿਚ ਜਾ ਲੱਗੀ ਸੀ।

ਪਰਗਟ ਜਲਦੀ ਨਾਲ ਬੈਠਕ ਵਿਚੋਂ ਨਿਕਲ ਕੇ ਬਾਹਰ ਵਿਹੜੇ ਵੱਲ ਨੂੰ ਦੌੜਿਆ। ਇਸ ਤੋਂ ਪਹਿਲਾਂ ਕਿ ਕੋਈ ਕੁਝ ਸਮਝਦਾ, ਪਰਗਟ ਵਿਹੜੇ ਵਿਚ ਖੜੇ ਸਾਈਕਲ ਦੀ ਹਵਾ ਕੱਢ ਰਿਹਾ ਸੀ।

ਬੱਬੂ, ਰਾਜਵੀਰ ਤੇ ਜੀਤਾ ਪਰਗਟ ਦੀ ਸਿਆਣਪ ਦੇਖ ਕੇ ਮੁਸਕਰਾ ਪਏ।

ਜੇ ਗੋਲੀ ਦੇ ਖੜਾਕ ਸੁਣ ਕੇ ਕੋਈ ਗਵਾਂਢੀ ਆ ਵੀ ਜਾਵੇ ਤਾਂ ਕਿਹਾ ਜਾ ਸਕਦਾ ਸੀ ਕਿ ਸਾਈਕਲ ਦੇ ਟਾਇਰ ਦਾ ਪਟਾਕਾ ਪੈ ਗਿਆ ਸੀ।

ਜੀਤੇ ਅਤੇ ਪਰਗਟ ਕੋਲੋਂ ਛੁੱਟੀਆਂ ਲੈ ਕੇ ਰਾਜਵੀਰ ਅਤੇ ਬੱਬੂ ਕਾਹਨਾ ਢੇਸੀਆਂ ਪਿੰਡ ਦੇ ਇਕ ਘਰ ਵਿਚ ਪਹੁੰਚੇ।

ਇਹ ਬੱਬੂ ਦੇ ਇਕ ਦੋਸਤ ਦਾ ਘਰ ਸੀ ਜਿਸ ਨੂੰ ਸਾਰੇ 'ਪੱਟੀ' ਕਹਿ ਕੇ ਬੁਲਾਉਂਦੇ ਸਨ।

'ਪੱਟੀ' ਹੁਣਾਂ ਦਾ ਪਰਿਵਾਰ ਪੱਟੀ ਤੋਂ ਆ ਕੇ ਇਥੇ ਰਹਿਣ ਲੱਗਾ ਸੀ। ਇਸੇ ਕਰਕੇ ਉਸ ਦਾ ਨਾਂ ਵੀ 'ਪੱਟੀ' ਪੈ ਗਿਆ ਸੀ।

'ਪੱਟੀ' ਦੀ ਬੋਲੀ ਅੰਮ੍ਰਿਤਸਰੀ ਭਾਊਆਂ ਵਰਗੀ ਸੀ।

ਜਥੇਬੰਦੀ ਦੀਆਂ ਦੋ ਏ.ਕੇ. 56 ਅਸਾਲਟਾਂ ਇਥੇ ਪਈਆਂ ਸਨ।

ਬੱਬੂ ਦਾ ਇਰਾਦਾ ਸੀ ਕਿ ਇਹ ਬੰਦੂਕਾਂ ਇੱਥੋਂ ਚੁੱਕ ਕੇ ਰਾਜਵੀਰ ਦੇ ਡੇਰੇ ਲੈ ਜਾਈਏ ਪਰ ਉਥੇ ਜਾ ਕੇ ਬੱਬੂ ਨੇ ਆਪਣਾ ਇਰਾਦਾ ਬਦਲ ਲਿਆ। 'ਪੱਟੀ' ਦੇ ਘਰੋਂ ਚਾਹ-ਪਾਣੀ ਪੀਣ ਤੋਂ ਬਾਅਦ ਸਮਾਨ ਕਿਸੇ ਹੋਰ ਦਿਨ ਦੀ ਸਕੀਮ ਬਣਾ ਕੇ ਲਿਜਾਣ ਲਈ ਸਹਿਮਤ ਹੋਣ ਮਗਰੋਂ ਉਹ ਮੁੜ ਕਾਲਜ ਦੇ ਕੈਂਪ ਵਿਚ ਪਹੁੰਚ ਗਏ।

ਕੈਂਪ ਦੀ ਸਮਾਪਤੀ ਤੋਂ ਬਾਅਦ ਇਕ ਦਿਨ ਪ੍ਰਿੰਸੀਪਲ ਨੇ ਰਾਜਵੀਰ ਤੇ ਰਵਿੰਦਰ ਨੂੰ ਆਪਣੇ ਦਫ਼ਤਰ ਵਿਚ ਬੁਲਾਇਆ।

ਕਾਲਜ ਵਿਚ ਹੋਈਆਂ ਲੜਾਈਆਂ ਕਾਰਨ ਉਹ ਦੋਨੋਂ ਜਣੇ ਸ਼ਰਮਿੰਦਾ ਹੋਏ ਨੀਵੀਆਂ ਪਾਈ ਪ੍ਰਿੰਸੀਪਲ ਮੈਡਮ ਦੇ ਸਾਹਮਣੇ ਬੈਠੇ ਸਨ।

ਪ੍ਰਿੰਸੀਪਲ ਨੇ ਆਪ ਹੀ ਗੱਲ ਤੋਰੀ।

"ਬੀਤੇ ਸਮੇਂ ਨੂੰ ਆਪਾਂ ਵਾਪਸ ਨਹੀਂ ਲਿਆ ਸਕਦੇ ਬੇਟਾ, ਜੋ ਹੋ ਗਿਆ ਉਸ ਨੂੰ ਭੁੱਲ ਜਾਓ। ਅੱਜ ਤਾਂ ਮੈਂ ਤੁਹਾਨੂੰ ਹੋਰ ਗੱਲ ਕਰਨ ਲਈ ਸੱਦਿਆ ਏ।"

ਪ੍ਰਿੰਸੀਪਲ ਦੀ ਗੱਲ ਸੁਣ ਕੇ ਹੋਈਆਂ ਲੜਾਈਆਂ ਕਾਰਨ ਪ੍ਰਿੰਸੀਪਲ ਉਹਨਾਂ ਨਾਲ ਨਰਾਜ਼ ਨਹੀਂ ਸੀ, ਰਵਿੰਦਰ ਅਤੇ ਰਾਜਵੀਰ ਜ਼ਰਾ ਸੌਖੇ ਜਿਹੇ ਹੋ ਕੇ ਬੈਠ ਗਏ।

"ਹੁਕਮ ਕਰੋ ਮੈਡਮ ਜੀ, ਸਾਡੇ ਲਈ ਕੀ ਹੁਕਮ ਹੈ ?" ਰਵਿੰਦਰ ਕੁਝ ਉਤਾਵਲਾ ਰਿਹਾ ਹੋ ਕੇ ਬੋਲਿਆ।

"ਹੁਕਮ ਨਹੀਂ, ਬੱਸ ਇਕ ਸਲਾਹ ਦੇਣੀ ਹੈ ਤੁਹਾਨੂੰ। ਕਾਲਜ ਵਿਚ ਪੁਲਿਸ ਕੈਟਾਂ ਦਾ ਕਾਫ਼ੀ ਆਉਣ-ਜਾਣ ਹੈ। ਤੁਹਾਡੇ ਸਾਰਿਆਂ 'ਤੇ ਉਹਨਾਂ ਦੀ ਨਜ਼ਰ ਹੈ। ਖ਼ਾਸ ਕਰਕੇ ਜਦੋਂ ਤੁਸੀਂ ਸਾਰੇ ਕੰਟੀਨ ਵਿਚ ਹੁੰਦੇ ਹੋ ਤਾਂ ਜ਼ਰਾ ਖ਼ਬਰਦਾਰ ਰਿਹਾ ਕਰੋ।"

ਪ੍ਰਿੰਸੀਪਲ ਨੇ ਇਕੋ ਸਾਹ ਵਿਚ ਸਾਰੀ ਗੱਲ ਮੁਕਾ ਦਿੱਤੀ।

"ਜੀ ਠੀਕ ਹੈ, ਅਸੀਂ ਧਿਆਨ ਰੱਖਾਂਗੇ," ਰਾਜਵੀਰ ਬੋਲਿਆ।

ਜਦੋਂ ਉਹ ਪ੍ਰਿੰਸੀਪਲ ਤੋਂ ਇਜਾਜ਼ਤ ਲੈ ਕੇ ਜਾਣ ਲੱਗੇ ਤਾਂ ਪ੍ਰਿੰਸੀਪਲ ਨੇ ਫੇਰ ਆਖਿਆ, "ਸਾਰੇ ਜਣੇ ਆਪੋ-ਆਪਣੇ ਆਇਡੈਂਟਿਟੀ

ਕਾਰਡ ਆਪਣੇ ਕੋਲ ਰੱਖਿਆ ਕਰੋ, ਫਿਰ ਮੈਂ ਵੀ ਤੁਹਾਡੀ ਕੁਝ ਮਦਦ ਕਰ ਸਕਦੀ ਹਾਂ।"

ਮੈਡਮ ਦਾ ਧੰਨਵਾਦ ਕਰ ਕੇ ਉਹ ਦਫ਼ਤਰੋਂ ਬਾਹਰ ਹੋ ਗਏ।

ਫ਼ੈਡਰੇਸ਼ਨ ਦੇ ਸਾਰੇ ਸਿੰਘਾਂ ਨੂੰ ਖ਼ਬਰਦਾਰ ਕਰ ਦਿੱਤਾ ਗਿਆ। ਸਾਰਿਆਂ ਨੂੰ ਆਖਿਆ ਗਿਆ ਕਿ ਸਾਰੇ ਜਣੇ ਇਕੱਠੇ ਹੋ ਕੇ ਕੰਟੀਨ ਵਿਚ ਨਾ ਬੈਠੇ ਅਤੇ ਜਿਨ੍ਹਾਂ 'ਤੇ ਸ਼ੱਕ ਹੋਵੇ ਕਿ ਉਹ ਪੁਲਿਸ ਦੇ ਕੈਟ ਹੋ ਸਕਦੇ ਹਨ, ਉਹਨਾਂ 'ਤੇ ਖ਼ਾਸ ਨਿਗ੍ਹਾ ਰੱਖਣ ਦੀ ਤਾਕੀਦ ਵੀ ਕਰ ਦਿੱਤੀ।

ਦਫ਼ਤਰ ਵਿਚ ਬੈਠੇ ਫ਼ੈਡਰੇਸ਼ਨ ਦੇ ਸੀਨੀਅਰ ਮੈਂਬਰ ਹਾਲਾਤ 'ਤੇ ਵਿਚਾਰ ਕਰ ਰਹੇ ਸਨ।

ਗੱਲਾਂ ਕਰਦੇ-ਕਰਦੇ ਹੀ ਬੱਬੂ ਬੋਲਿਆ, "ਯਾਰ ਰਾਜਵੀਰ, ਆਪਣਾ ਸਾਮਾਨ ਪਿਆ ਏ ਪੱਟੀ ਕੋਲ, ਉਹ ਯਾਰ ਆਪਾਂ ਚੁੱਕਣਾ ਏ ਉਥੋਂ। ਮੈਂ ਸੋਚਦਾਂ ਅੱਜ ਸ਼ਾਮ ਨੂੰ ਇਹ ਕੰਮ ਵੀ ਨਿਬੇੜ ਹੀ ਲਈਏ।"

ਇਸ ਤੋਂ ਪਹਿਲਾਂ ਕਿ ਬੱਬੂ ਆਪਣੀ ਗੱਲ ਖ਼ਤਮ ਕਰਦਾ, ਸੱਤਾ ਉਹਦੀ ਗੱਲ ਕੱਟਦਿਆਂ ਵਿਚੋਂ ਹੀ ਬੋਲ ਪਿਆ, "ਬੱਬੂ, ਤੇਰੇ ਨਾਲ ਉਥੋਂ ਸਾਮਾਨ ਚੁੱਕਣ ਮੈਂ ਜਾਵਾਂਗਾ।"

"ਨਹੀਂ ਸੱਤਿਆ, ਤੂੰ ਫ਼ਿਕਰ ਨਾ ਕਰ, ਉਹ ਕੰਮ ਅਸੀਂ ਕਰ ਲਵਾਂਗੇ," ਰਾਜਵੀਰ ਬੋਲਿਆ।

"ਤੁਹਾਨੂੰ ਸਾਲਿਓ ਮੇਰੇ 'ਤੇ ਯਕੀਨ ਨਹੀਂ, ਮੈਂ ਹਰ ਸਮੇਂ ਤੁਹਾਡੇ ਨਾਲ ਮੋਢੇ ਨਾਲ ਮੋਢਾ ਲਾ ਕੇ ਖੜਦਾਂ ਪਰ ਜਦੋਂ ਵੀ ਕਦੀ ਕੋਈ ਹਥਿਆਰਾਂ ਨਾਲ ਸੰਬੰਧਿਤ ਕੰਮ ਹੁੰਦਾ ਤੁਸੀਂ ਮੈਨੂੰ ਨਾਲ ਨਹੀਂ ਲੈ ਕੇ ਜਾਂਦੇ।"

ਰਾਜਵੀਰ ਦੀ ਗੱਲ ਸੁਣ ਕੇ ਸੱਤਾ ਗ਼ੁੱਸੇ ਵਿਚ ਉਬਲਣ ਲੱਗ ਪਿਆ ਸੀ।

"ਇਹੋ ਜਿਹੀ ਕੋਈ ਗੱਲ ਨਹੀਂ ਯਾਰ ਸੱਤਿਆ, ਤੂੰ ਤਾਂ ਐਵੇਂ ਹੀ ਨਾਰਾਜ਼ ਹੋ ਗਿਆ। ਚੰਗਾ ਬਾਪੂ, ਤੂੰ ਚੱਲ ਚੱਲੀਂ ਮੇਰੇ ਨਾਲ।" ਬੱਬੂ ਨੇ ਸੱਤੇ ਨੂੰ ਮਨਾਉਣ ਲਈ ਆਖਿਆ।

ਸੱਤਾ ਬੱਬੂ ਦੀ ਗੱਲ ਸੁਣ ਕੇ ਖਿੜ ਗਿਆ ਸੀ। ਉਸੇ ਸ਼ਾਮ 'ਪੱਟੀ' ਦੇ ਪਿੰਡ ਕਾਹਨਾ ਢੇਸੀਆਂ ਤੋਂ ਦੋ ਏ.ਕੇ. 56 ਰਾਈਫ਼ਲਾਂ ਅਤੇ ਤਿੰਨ ਸੌ ਕਾਰਤੂਸ ਰਾਜਵੀਰ ਦੇ ਡੇਰੇ 'ਤੇ ਪਹੁੰਚ ਗਏ ਸਨ।

ਰਾਜਵੀਰ ਦੇ ਪਿੰਡ ਦਾ ਲੰਬੜਦਾਰ ਪੁਲਿਸ ਦਾ ਟਾਊਟ ਸੀ। ਉਹ ਆਪਣੇ ਮਤਲਬ ਲਈ ਲੋਕਾਂ ਨੂੰ ਪੁਲਿਸ ਕੋਲ ਫੜਾ ਦਿੰਦਾ ਅਤੇ ਫਿਰ

ਆਪ ਹੀ ਲੋਕਾਂ ਕੋਲੋਂ ਚੰਗੇ ਪੈਸੇ ਲੈ ਕੇ ਛੁਡਵਾ ਵੀ ਲਿਆਉਂਦਾ।

ਸਾਰਾ ਪਿੰਡ ਉਸ ਦੀਆਂ ਹਰਕਤਾਂ ਤੋਂ ਦੁਖੀ ਸੀ। ਪਿੰਡ ਦੇ ਲੋਕੀਂ ਅਕਸਰ ਹੀ ਇਹ ਗੱਲਾਂ ਕਰਦੇ ਕਿ ਆਹ ਖਾੜਕੂਆਂ ਨੂੰ ਸਾਡੇ ਪਿੰਡ ਵਾਲਾ ਲੰਬੜ ਪਤਾ ਨਹੀਂ ਕਿਉਂ ਨਜ਼ਰੀਂ ਨਹੀਂ ਪੈਂਦਾ। ਸਾਰੇ ਪਿੰਡ ਦੀ ਜਾਨ ਲੰਬੜਦਾਰ ਨੇ ਸੂਲੀ 'ਤੇ ਟੰਗੀ ਹੋਈ ਸੀ।

ਆਪਣੇ ਪਿੰਡ ਵਿਚ ਰਾਜਵੀਰ ਇਕ ਚੁੱਪ-ਚਾਪ ਰਹਿਣ ਵਾਲੇ ਨੌਜਵਾਨ ਦੇ ਰੂਪ ਵਿਚ ਜਾਣਿਆ ਜਾਂਦਾ ਸੀ।

ਲੋਕਾਂ ਦੀਆਂ ਗੱਲਾਂ ਸੁਣ ਕੇ ਉਸ ਨੇ ਸਾਰੀ ਗੱਲ ਬੱਬੂ ਨਾਲ ਸਾਂਝੀ ਕੀਤੀ।

"ਯਾਰ ਬੱਬੂ, ਸਾਡੇ ਪਿੰਡ ਵਾਲੇ ਲੰਬੜਦਾਰ ਦਾ ਕੁਝ ਕਰਨਾ ਪੈਣੈ, ਸਾਰਾ ਪਿੰਡ ਦੁਖੀ ਏ ਉਹਦੇ ਕੋਲੋਂ।"

ਕਾਲਜ ਦੀ ਗਰਾਊਂਡ ਵਿਚ ਬੈਠਿਆਂ ਰਾਜਵੀਰ ਨੇ ਬੱਬੂ ਨਾਲ ਗੱਲ ਤੋਰੀ।

"ਤੂੰ ਯਾਰ ਰਾਜਵੀਰ, ਹੁਕਮ ਕਰ ਕਿ ਕਰਨਾ ਕੀ ਏ, ਆਪਾਂ ਇਹ ਹਥਿਆਰ ਲੋਕਾਂ ਦੇ ਦੁੱਖ ਦੂਰ ਕਰਨ ਲਈ ਹੀ ਸਾਂਭੀ ਫਿਰਦੇ ਆਂ।" ਬੱਬੂ ਨੇ ਜਵਾਬ ਦਿੱਤਾ।

"ਚੰਗਾ ਠੀਕ ਏ ਫਿਰ, ਮੈਂ ਪਤਾ ਕਰਦਾਂ ਲੰਬੜਦਾਰ ਦਾ।" ਇੰਨੀ ਆਖ ਕੇ ਰਾਜਵੀਰ ਆਪਣਾ ਪੀਰੀਅਡ ਲਾਉਣ ਉਠ ਖੜਾ ਹੋਇਆ।

ਰਾਜਵੀਰ ਦਾ ਘਰ ਬਾਹਰ ਖੇਤਾਂ ਵਿਚ ਬਣਿਆ ਹੋਇਆ ਸੀ।

ਇਕ ਸ਼ਾਮ ਦੇ ਘੁਸਮੁਸੇ ਵਿਚ ਬੱਬੂ, ਸਤਵੰਤ ਸਿੰਘ ਪਾੜ੍ਹਾ ਅਤੇ ਰਾਜੂ ਰਾਜਵੀਰ ਦੇ ਡੇਰੇ 'ਤੇ ਪਹੁੰਚ ਗਏ।

ਬੱਬੂ ਤੇ ਪਾੜ੍ਹੇ ਨਾਲ ਆਏ ਰਾਜੂ ਨੂੰ ਰਾਜਵੀਰ ਪਹਿਲੀ ਵਾਰ ਮਿਲ ਰਿਹਾ ਸੀ।

ਰੋਟੀ-ਪਾਣੀ ਖਾਣ ਤੋਂ ਬਾਅਦ ਰਾਜਵੀਰ ਤੇ ਬੱਬੂ ਸਾਈਕਲ 'ਤੇ ਪਿੰਡ ਨੂੰ ਚਲੇ ਗਏ।

ਰਾਜਵੀਰ ਨੇ ਚੰਗੀ ਤਰ੍ਹਾਂ ਨਾਲ ਬੱਬੂ ਨੂੰ ਲੰਬੜਦਾਰ ਦਾ ਘਰ ਦਿਖਾ ਦਿੱਤਾ।

ਉਹ ਦੋਨੋਂ ਜਣੇ ਵਾਪਸ ਡੇਰੇ 'ਤੇ ਆ ਗਏ।

ਲੋਕੀਂ ਆਪੋ-ਆਪਣੇ ਘਰੀਂ ਆਹਰੀਂ ਲੱਗੇ ਹੋਏ ਸਨ।

ਬੱਬੂ, ਰਾਜੂ ਤੇ ਪਾੜ੍ਹਾ ਏ.ਕੇ. 56 ਰਾਈਫ਼ਲਾਂ ਮੋਢੇ 'ਤੇ ਟੰਗ, ਲੋਈਆਂ

ਦੀਆਂ ਬੁੱਕਲਾਂ ਮਾਰ ਲੰਬੜ ਦੇ ਘਰ ਦਾ ਬੂਹਾ ਖੜਕਾ ਰਹੇ ਸਨ।

ਲੰਬੜਦਾਰ ਦਾ ਘਰ ਹਵੇਲੀ-ਨੁਮਾ ਸੀ।

ਲੋਕਾਂ ਦੇ ਖ਼ੂਨ-ਪਸੀਨੇ ਦੀ ਕਮਾਈ ਲੁੱਟ-ਲੁੱਟ ਕੇ ਲੰਬੜ ਨੇ ਇਹ ਘਰ ਬਣਾਇਆ ਸੀ।

ਬੂਹਾ ਲਗਾਤਾਰ ਖੜਕ ਰਿਹਾ ਸੀ।

"ਕੌਣ ਏ ਓਏ ਐਸ ਵੇਲੇ?" ਅੰਦਰੋਂ ਲੰਬੜਦਾਰ ਦੀ ਆਵਾਜ਼ ਆਈ।

"ਅਸੀਂ ਥਾਣਿਉਂ ਆਏ ਹਾਂ, ਸਰਦਾਰ ਨੇ ਘੱਲਿਆ ਸਾਨੂੰ।" ਬੱਬੂ ਨੇ ਪੁਲਸੀਆ ਅੰਦਾਜ਼ ਵਿਚ ਜਵਾਬ ਦਿੱਤਾ।

ਲੰਬੜਦਾਰ ਸੱਤਾਂ ਪੱਤਣਾਂ ਦਾ ਤਾਰੂ ਸੀ। ਉਸ ਨੂੰ ਪਤਾ ਸੀ ਕਿ ਇਸ ਵੇਲੇ ਥਾਣਿਉਂ ਕੋਈ ਨਹੀਂ ਆ ਸਕਦਾ।

ਲੰਬੜਦਾਰ ਘਰ ਵਿਚ ਬਣੀਆਂ ਪੱਕੀਆਂ ਪੌੜੀਆਂ ਰਾਹੀਂ ਕੋਠੇ ਨੂੰ ਚੜ੍ਹ ਗਿਆ ਅਤੇ ਕੰਧ ਦੇ ਉਹਲਿਉਂ ਸਿਰ ਕੱਢ ਕੇ ਬੋਲਿਆ, "ਕੀ ਕੰਮ ਏ ਤੁਹਾਨੂੰ ਓਏ?"

ਉਹਦੀ ਆਵਾਜ਼ ਸੁਣ ਕੇ ਬੱਬੂ ਨੇ ਏ.ਕੇ. 56 ਦਾ ਬਰੱਸਟ ਮਾਰਿਆ। ਗੋਲੀਆਂ ਕੰਧ ਵਿਚ ਜਾ ਲੱਗੀਆਂ। ਲੰਬੜਦਾਰ ਕੰਧ ਦੇ ਉਹਲੇ ਹੋਣ ਕਾਰਨ ਬਚ ਗਿਆ।

ਪੌੜੀਆਂ ਉਤਰਦਾ ਉਹ ਰੌਲਾ ਪਾਉਂਦਾ ਜਾ ਰਿਹਾ ਸੀ, "ਮਾਰਤਾ ਓਏ ਲੋਕੋ, ਬਚਾਓ ਓਏ ਲੋਕੋ। ਅੱਤਵਾਦੀ ਆ ਗਏ ਓਏ।"

ਲੰਬੜਦਾਰ ਨੇ ਘਰ ਵਿਚ ਲੱਗੇ ਫ਼ੋਨ ਤੋਂ ਥਾਣੇ ਨੂੰ ਫ਼ੋਨ ਖੜਕਾ ਦਿੱਤਾ।

ਅੱਧੇ ਘੰਟੇ ਵਿਚ ਹੀ ਪੁਲਿਸ ਦੀਆਂ ਕਈ ਗੱਡੀਆਂ ਪਿੰਡ ਪਹੁੰਚ ਗਈਆਂ ਪਰ ਉਦੋਂ ਤਕ ਬੱਬੂ, ਰਾਜੂ, ਪਾੜ੍ਹਾ ਖੇਤਾਂ ਵਿਚ ਵਿਚ ਤੁਰਦੇ-ਤੁਰਦੇ ਕਾਫ਼ੀ ਦੂਰ ਨਿਕਲ ਗਏ ਸਨ।

*

ਕਾਂਡ 7

ਸਵੇਰੇ ਸਾਝਰੇ ਹੀ ਉੱਠ ਕੇ ਰਾਜਵੀਰ ਨੇ ਮੋਟਰ ਚਲਾ ਦਿੱਤੀ।

ਸਵੇਰੇ-ਸਵੇਰੇ ਕੋਸੇ ਪਾਣੀ ਨਾਲ ਇਸ਼ਨਾਨ ਕਰ ਕੇ ਅਜੇ ਉਹ ਚਲ੍ਹੇ 'ਚੋਂ ਬਾਹਰ ਹੀ ਨਿਕਲ ਰਿਹਾ ਸੀ ਕਿ ਉਸ ਨੂੰ ਦੂਰੋਂ ਹੀ ਇਕ ਮੋਟਰ-ਸਾਈਕਲ ਸਵਾਰ ਆਪਣੇ ਡੇਰੇ ਵੱਲ ਆਉਂਦਾ ਦਿਸਿਆ।

ਸਾਝਰੇ ਹੀ ਮੋਟਰ-ਸਾਈਕਲ 'ਤੇ ਆਉਣ ਵਾਲਾ ਨੌਜਵਾਨ ਲਖਵੀਰ ਸਿੰਘ ਲੱਖੀ ਸੀ ਜੋ ਕਿ ਕਾਹਨਾ ਢੇਸੀਆਂ ਪਿੰਡ ਦਾ ਰਹਿਣ ਵਾਲਾ ਸੀ। ਲੱਖੀ ਤੇ ਰਾਜਵੀਰ ਤਾਂ ਇਕ-ਦੂਜੇ ਦੇ ਜਿਗਰੀ ਦੋਸਤ ਸਨ।

ਮੋਟਰ-ਸਾਈਕਲ ਸਟੈਂਡ 'ਤੇ ਲਾ ਕੇ ਆਉਂਦਿਆਂ ਹੀ ਜਿਹੜੀ ਖ਼ਬਰ ਲੱਖੀ ਨੇ ਸੁਣਾਈ, ਉਹ ਚੌਂਕਾ ਦੇਣ ਵਾਲੀ ਸੀ।

ਪਿਛਲੀ ਰਾਤ ਪੁਲਿਸ ਨੇ ਕਾਹਨਾ ਢੇਸੀਆਂ ਪਿੰਡ ਵਿਖੇ 'ਪੱਟੀ' ਦੇ ਘਰ ਛਾਪਾ ਮਾਰ ਕੇ 'ਪੱਟੀ' ਨੂੰ ਚੁੱਕ ਲਿਆ ਸੀ।

ਰਾਜਵੀਰ ਨੂੰ ਪੱਟੀ ਤੋਂ ਕੋਈ ਖ਼ਤਰਾ ਨਹੀਂ ਸੀ ਕਿਉਂਕਿ ਪੱਟੀ ਨਹੀਂ ਸੀ ਜਾਣਦਾ ਕਿ ਰਾਜਵੀਰ ਕਿਥੋਂ ਦਾ ਰਹਿਣ ਵਾਲਾ ਹੈ।

ਰਾਜਵੀਰ ਤੇ ਲੱਖੀ ਨੇ ਉਸੇ ਵੇਲੇ ਮੋਟਰ-ਸਾਈਕਲ ਬੱਬੂ ਦੇ ਪਿੰਡ ਨੂੰ ਪਾ ਲਿਆ ਤਾਂ ਕਿ ਉਸ ਨੂੰ ਖ਼ਬਰਦਾਰ ਕੀਤਾ ਜਾ ਸਕੇ, ਪਰ ਬੱਬੂ ਘਰੇ ਨਾ ਮਿਲਿਆ।

ਉਸ ਦੇ ਘਰਦਿਆਂ ਨੂੰ ਸੁਨੇਹਾ ਦੇ ਕੇ ਉਹਨਾਂ ਨੇ ਮੋਟਰ-ਸਾਈਕਲ ਸੱਤੇ ਦੇ ਪਿੰਡ ਕੰਨੀ ਮੋੜ ਲਿਆ।

ਪਰ ਸੱਤੇ ਦੇ ਘਰ ਉਹਨਾਂ ਨੂੰ ਕੋਈ ਵੀ ਨਾ ਮਿਲਿਆ। ਸਾਰਾ ਟੱਬਰ ਵਿਆਹ 'ਤੇ ਗਏ ਹੋਏ ਸਨ।

ਐਤਵਾਰ ਹੋਣ ਕਾਰਨ ਕਾਲਜ ਜਾਣ ਦੀ ਕੋਈ ਤੁਕ ਨਹੀਂ ਸੀ।

ਉਸੇ ਰਾਤ ਹੀ ਪੁਲਿਸ ਨੇ ਸੱਤੇ ਨੂੰ ਵੀ ਚੁੱਕ ਲਿਆ। ਬੱਬੂ ਦੇ ਘਰ ਜਦ ਅੱਧੀ ਰਾਤ ਨੂੰ ਪੁਲਿਸ ਨੇ ਛਾਪਾ ਮਾਰਿਆ ਤਾਂ ਉਹ ਪਹਿਲਾਂ ਹੀ

ਚੁਕੰਨਾ ਹੋਣ ਕਾਰਨ ਘਰ ਦੇ ਪਿਛਵਾੜੇ ਛਾਲ ਮਾਰ ਕੇ ਭੱਜ ਗਿਆ ਅਤੇ ਪੁਲਿਸ ਦੇ ਹੱਥ ਨਾ ਲੱਗਾ।

ਉਸੇ ਰਾਤ ਹੀ ਪੁਲਿਸ ਨੇ ਜਥੇਦਾਰ ਨਿਰਮਲ ਸਿੰਘ ਨਿੰਮਾ ਨੂੰ ਵੀ ਚੁੱਕ ਲਿਆ।

ਪੂਰਾ ਹਫ਼ਤਾ ਸੱਤੇ ਦੇ ਪਿੰਡ ਦੀ ਪੰਚਾਇਤ ਉਹਦਾ ਪਤਾ ਕਰਨ ਲਈ ਥਾਣੇ ਵਿਚ ਗੇੜੇ ਮਾਰਦੀ ਰਹੀ ਪਰ ਪੁਲਿਸ ਵਾਲੇ ਕੋਈ ਹੱਥ ਸਿਰਾ ਨਹੀਂ ਸੀ ਫੜਾ ਰਹੇ।

ਆਖ਼ਿਰ ਦੋ ਹਫ਼ਤਿਆਂ ਬਾਅਦ ਸੱਤੇ ਦੇ ਘਰਦਿਆਂ ਨੇ ਰਿਸ਼ਵਤਖ਼ੋਰ ਪੁਲਿਸ ਨੂੰ ਦੋ ਲੱਖ ਰੁਪਿਆ ਦੇ ਕੇ ਸੱਤੇ ਨੂੰ ਛੁਡਵਾਇਆ।

ਪੁਲਿਸ ਨੇ ਸੱਤੇ 'ਤੇ ਘੋਰ ਤਸ਼ੱਦਦ ਕੀਤਾ ਸੀ ਪਰ ਉਸ ਸਿਦਕੀ ਸਿੰਘ ਨੇ ਆਪਣੇ ਕਿਸੇ ਵੀ ਸਾਥੀ ਸਿੰਘ ਦਾ ਨਾਂ ਤਕ ਨਹੀਂ ਲਿਆ।

ਜਦ ਸੱਤਾ ਪੁਲਿਸ ਦੇ ਘੋਰ ਜਬਰ ਤੋਂ ਬਾਅਦ ਵੀ ਉਹ ਕੁਝ ਬੋਲਣ ਲਈ ਤਿਆਰ ਨਾ ਹੋਇਆ ਜੋ ਕੁਝ ਪੁਲਿਸ ਵਾਲੇ ਸੁਣਨਾ ਚਾਹੁੰਦੇ ਸਨ ਤਾਂ ਥਾਣੇਦਾਰ ਨੇ 'ਪੱਟੀ' ਨੂੰ ਸੱਤੇ ਦੇ ਸਾਹਮਣੇ ਲਿਆ ਕੇ ਖੜਾ ਕਰ ਦਿੱਤਾ।

'ਪੱਟੀ' ਨੇ ਸਾਫ਼ ਕਹਿ ਦਿੱਤਾ ਕਿ ਬੱਬੂ ਤੇ ਸੱਤਾ ਮੇਰੇ ਘਰੋਂ ਅਸਲਾ ਲੈ ਕੇ ਗਏ ਸਨ ਤਾਂ ਸੱਤੇ ਨੂੰ ਮੰਨਣਾ ਪਿਆ ਕਿ ਹਾਂ, ਅਸੀਂ ਅਸਲਾ ਲੈ ਕੇ ਜ਼ਰੂਰ ਗਏ ਸੀ ਪਰ ਬੱਬੂ ਮੈਨੂੰ ਮੇਰੇ ਪਿੰਡ ਛੱਡ ਕੇ ਆਪ ਅਸਲਾ ਲੈ ਕੇ ਕਿਥੇ ਗਿਆ, ਇਸ ਬਾਰੇ ਮੈਨੂੰ ਕੁਝ ਨਹੀਂ ਜੇ ਪਤਾ।

ਭ੍ਰਿਸ਼ਟਾਚਾਰੀ ਪੁਲਿਸ ਦਾ ਈਮਾਨ ਦੋ ਲੱਖ ਰੁਪਏ ਵਿਚ ਖ਼ਰੀਦ ਕੇ ਸੱਤੇ ਨੂੰ ਪੁਲਿਸ ਤਸ਼ੱਦਦ ਤੋਂ ਨਿਜਾਤ ਮਿਲੀ।

ਕੁਝ ਦਿਨਾਂ ਬਾਅਦ ਨਿੰਮੇ ਦੇ ਪਿੰਡ ਦੀ ਪੰਚਾਇਤ ਨੇ ਵੀ ਕਿਸੇ ਤਰ੍ਹਾਂ ਉਸ ਨੂੰ ਪੁਲਿਸ ਤੋਂ ਛੁਡਵਾ ਲਿਆਂਦਾ।

ਪੁਲਿਸ ਦੇ ਹੱਥੋਂ ਤਸ਼ੱਦਦ ਜਰਨ ਨਾਲੋਂ ਬੱਬੂ ਨੇ ਖਾੜਕੂ ਜੀਵਨ ਨੂੰ ਤਰਜੀਹ ਦਿੱਤੀ।

ਕੁਝ ਦਿਨਾਂ ਬਾਅਦ ਹੀ ਉਹ ਖ਼ਾਲਿਸਤਾਨ ਕਮਾਂਡੋ ਫ਼ੋਰਸ ਦੇ ਜਰਨੈਲ ਭਾਈ ਗੁਰਦੀਪ ਸਿੰਘ ਦੀਪਾ ਹੁਰਾਂ ਕੋਲ ਪਹੁੰਚ ਗਿਆ।

ਭਾਈ ਦੀਪੇ ਨੇ ਬੱਬੂ ਨੂੰ ਭਾਈ ਰਣਜੀਤ ਸਿੰਘ ਬਿੱਟੂ ਢੰਡਵਾੜ ਨਾਲ ਸੇਵਾ ਕਰਨ ਲਈ ਕਹਿ ਦਿੱਤਾ।

ਰਣਜੀਤ ਸਿੰਘ ਬਿੱਟੂ ਦਾ ਅਸਲੀ ਪਿੰਡ ਰੁੜਕਾਂ ਖ਼ੁਰਦ ਸੀ ਪਰ ਆਪਣੇ ਨਾਨਕੇ ਪਿੰਡ ਢੰਡਵਾੜ ਵਿਖੇ ਰਹਿਣ ਕਾਰਨ ਉਸ ਦੇ ਨਾਮ ਨਾਲ

ਛੰਡਵਾੜ ਜੁੜ ਗਿਆ ਸੀ।

ਬਿੱਟੂ ਬਹੁਤ ਹੀ ਖੁੱਲ੍ਹੇ-ਡੁੱਲ੍ਹੇ ਸੁਭਾਅ ਦਾ ਮਾਲਕ ਸੀ। ਖ਼ਾਸ ਕਰ ਨੌਜਵਾਨਾਂ ਵਿਚ ਉਹ ਬਹੁਤ ਮਕਬੂਲ ਸੀ।

ਦੁਆਬੇ ਵਿਚ ਖਾੜਕੂ ਧਿਰਾਂ ਵਿਚ ਇਹ ਗੱਲ ਆਮ ਮੰਨੀ ਜਾਂਦੀ ਸੀ ਕਿ ਜਿੰਨੀਆਂ ਠਾਹਰਾਂ ਬਿੱਟੂ ਕੋਲ ਹਨ, ਓਨੀਆਂ ਤਾਂ ਸ਼ਾਇਦ ਭਾਈ ਦੀਪੇ ਕੋਲ ਵੀ ਨਹੀਂ ਹੋਣੀਆਂ।

ਇਕਹਿਰੇ ਜਿਹੇ ਸਰੀਰ ਦਾ ਮਾਲਕ ਬਿੱਟੂ ਡੀ.ਏ.ਵੀ. ਕਾਲਜ ਫਿਲੌਰ ਵਿਚ ਪੜ੍ਹਦਾ-ਪੜ੍ਹਦਾ ਹੀ ਖ਼ਾਲਿਸਤਾਨੀ ਲਹਿਰ ਵੱਲ ਝੁਕ ਗਿਆ। ਬਿੱਟੂ ਹੋਰੀਂ ਦੋ ਭਰਾ ਸਨ।

ਬਿੱਟੂ ਦੇ ਬਾਪ ਨੂੰ ਪਿੰਡ ਵਿਚ ਲੱਗਦੀ ਵਾਲਿਆਂ ਨੇ ਉਦੋਂ ਕਤਲ ਕਰ ਦਿੱਤਾ ਸੀ ਜਦੋਂ ਅਜੇ ਬਿੱਟੂ ਅਤੇ ਉਸ ਦਾ ਛੋਟਾ ਭਰਾ ਬਚਪਨ ਵਿਚ ਹੀ ਸਨ। ਜਦ ਬਿੱਟੂ ਗੱਭਰੂ ਹੋਇਆ ਤਾਂ ਉਹੀ ਲੋਕ ਉਸ ਦੀ ਜਾਨ ਦੇ ਵੀ ਵੈਰੀ ਬਣ ਗਏ ਜਿਹਨਾਂ ਨੇ ਉਸ ਦੇ ਬਾਪ ਨੂੰ ਕਤਲ ਕੀਤਾ ਸੀ। ਨਿੱਤ ਨਵੇਂ ਰੋਜ਼ ਉਹ ਪੁਲਿਸ ਕੋਲ ਰਿਪੋਰਟਾਂ ਕਰਦੇ ਕਿ ਬਿੱਟੂ ਕੋਲ ਅੱਤਵਾਦੀ ਆਉਂਦੇ ਨੇ, ਇਸ ਦੇ ਅੱਤਵਾਦੀਆਂ ਨਾਲ ਸੰਬੰਧ ਹਨ।

ਪੁਲਿਸ ਨਿੱਤ ਨਵੇਂ ਸੂਰਜ ਬਿੱਟੂ ਨੂੰ ਚੁੱਕ ਲਿਜਾਂਦੀ। ਉਸ ਉੱਤੇ ਘੋਰ ਤਸ਼ੱਦਦ ਹੁੰਦਾ ਪਰ ਜਦ ਉਸ ਕੋਲੋਂ ਕੁਝ ਵੀ ਨਾ ਮਿਲਦਾ ਤਾਂ ਕੁਝ ਦਿਨ ਰੱਖ ਕੇ ਉਸ ਨੂੰ ਘਰ ਭੇਜ ਦਿੱਤਾ ਜਾਂਦਾ ਅਤੇ ਕੁਝ ਦਿਨਾਂ ਬਾਅਦ ਫਿਰ ਉਹੀ ਚੱਕਰ ਸ਼ੁਰੂ ਹੋ ਜਾਂਦਾ।

ਥਾਣੇਦਾਰ ਮਾਨ ਸਿੰਘ ਨੇ ਬਿੱਟੂ 'ਤੇ ਬਹੁਤ ਤਸ਼ੱਦਦ ਕੀਤਾ। ਜਥੇਬੰਦੀ ਦੇ ਸਿੰਘਾਂ ਨੇ ਕਈ ਵਾਰੀ ਆਖਿਆ ਕਿ ਚੱਲ ਬਿੱਟੂ, ਤੇਰੇ ਪਿੰਡ ਵਾਲੇ ਮੁਖ਼ਬਰ ਦਾ ਸੋਧਾ ਲਾ ਦਈਏ ਪਰ ਬਿੱਟੂ ਹਰ ਵਾਰੀ ਇਹੀ ਜਵਾਬ ਦਿੰਦਾ ਕਿ ਜੇ ਆਪਾਂ ਉਸ ਨੂੰ ਹੁਣ ਸੋਧ ਦਿੱਤਾ ਤਾਂ ਲੋਕਾਂ ਨੇ ਇਹੀ ਸਮਝਣਾ ਏ ਕਿ ਬਿੱਟੂ ਨੇ ਆਪਣੀ ਨਿੱਜੀ ਦੁਸ਼ਮਣੀ ਕਾਰਨ ਉਸ ਨੂੰ ਮਾਰਿਆ ਏ।

ਇਕ ਵਾਰੀ ਇਕ ਠਾਹਰ 'ਤੇ ਭਾਈ ਸਤਪਾਲ ਸਿੰਘ ਢਿੱਲੋਂ (ਡੱਲੇਵਾਲ) ਅਤੇ ਕੁਝ ਹੋਰ ਸਿੰਘ ਬੈਠੇ ਸਨ।

ਬਿੱਟੂ ਵੀ ਉਥੇ ਮੌਜੂਦ ਸੀ।

"ਯਾਰ ਬਿੱਟੂ, ਤੇਰੇ ਪਿੰਡ ਵਾਲੇ ਮੁਖ਼ਬਰ ਦਾ ਕੰਮ ਨਾ ਨਿਬੇੜ ਦੇਈਏ?" ਭਾਈ ਢਿੱਲੋਂ ਨੇ ਬਿੱਟੂ ਨੂੰ ਅਚਨਚੇਤ ਹੀ ਪੁੱਛ ਲਿਆ।

"ਨਹੀਂ ਭਾ ਜੀ, ਤੁਸੀਂ ਉਹਦਾ ਫ਼ਿਕਰ ਨਾ ਕਰੋ, ਆਪਣੀ ਜਥੇਬੰਦੀ

ਦੇ ਹਥਿਆਰਾਂ ਦੀ ਵਰਤੋਂ ਕੌਮੀ ਦੁਸ਼ਟਾਂ ਨੂੰ ਸੋਧਣ ਲਈ ਹੋਣੀ ਚਾਹੀਦੀ ਹੈ। ਜੇ ਆਪਾਂ ਮੇਰੇ ਪਿੰਡ ਵਾਲੇ ਮੁਖ਼ਬਰ ਦਾ ਕੰਮ ਕਰ ਦਿੱਤਾ ਤਾਂ ਲੋਕਾਂ ਵਿਚ ਇਹ ਗ਼ਲਤ ਸੁਨੇਹਾ ਜਾਵੇਗਾ ਕਿ ਬਿੱਟੂ ਨੇ ਬਾਪ ਦਾ ਬਦਲਾ ਲੈਣ ਲਈ ਜਥੇਬੰਦੀ ਦੇ ਹਥਿਆਰਾਂ ਦੀ ਨਾਜਾਇਜ਼ ਵਰਤੋਂ ਕੀਤੀ ਏ।" ਬਿੱਟੂ ਨੇ ਭਾਈ ਢਿੱਲੋਂ ਨੂੰ ਜੁਆਬ ਦਿੱਤਾ।

ਭਾਈ ਢਿੱਲੋਂ ਬਿੱਟੂ ਦੀ ਦੂਰ-ਅੰਦੇਸ਼ੀ ਦੇਖ ਕੇ ਹੈਰਾਨ ਰਹਿ ਗਿਆ।

ਕੁਝ ਸਮੇਂ ਬਾਅਦ ਪੁਲਿਸ ਦੇ ਤਸ਼ੱਦਦ ਨੇ ਬਿੱਟੂ ਨੂੰ ਘਰ ਛੱਡਣ ਲਈ ਮਜਬੂਰ ਕਰ ਦਿੱਤਾ। ਪਿੰਡ ਰੁੜਕਾਂ ਖੁਰਦ ਦੇ ਇਸ ਮੁਖ਼ਬਰ ਜਿਸ ਦਾ ਨਾਂ ਸਰਵਣ ਸਿੰਘ ਸੀ ਨੇ ਬਿੱਟੂ ਦੇ ਭਗੌੜੇ ਹੋਣ ਤੋਂ ਬਾਅਦ ਉਸ ਦੇ ਛੋਟੇ ਭਰਾ 'ਤੇ ਪੁਲਿਸ ਤਸ਼ੱਦਦ ਕਰਾਉਣਾ ਸ਼ੁਰੂ ਕਰ ਦਿੱਤਾ।

ਜਥੇਬੰਦੀ ਦੀ ਮੀਟਿੰਗ ਵਿਚ ਸੀਨੀਅਰ ਆਗੂਆਂ ਨੇ ਫ਼ੈਸਲਾ ਕਰ ਲਿਆ ਕਿ ਜੇ ਬਿੱਟੂ ਨਾ ਵੀ ਮੰਨੇ ਤਾਂ ਵੀ ਸਰਵਣ ਸਿੰਘ ਨੂੰ ਸੋਧ ਦਿੱਤਾ ਜਾਏ। ਜਥੇਬੰਦੀ ਦੇ ਫ਼ੈਸਲੇ ਅੱਗੇ ਬਿੱਟੂ ਨੇ ਵੀ ਸਿਰ ਝੁਕਾ ਦਿੱਤਾ।

ਅੱਧੀ ਰਾਤ ਦੇ ਸਮੇਂ ਰਣਜੀਤ ਸਿੰਘ ਬਿੱਟੂ, ਦੀਪਾ ਅਤੇ ਕੁਝ ਹੋਰ ਸਿੰਘ ਸਰਵਣ ਸਿੰਘ ਦੇ ਘਰ ਜਾ ਵੜੇ।

ਸੁੱਤੇ ਪਏ ਸਾਰੇ ਟੱਬਰ ਨੂੰ ਜਗਾ ਲਿਆ ਗਿਆ। ਮੌਤ ਸਿਰ 'ਤੇ ਖੜੀ ਦੇਖ ਕੇ ਮੁਖ਼ਬਰ ਸਰਵਣ ਸਿੰਘ ਨੂੰ ਸਿਆਲ ਦੇ ਮੌਸਮ ਵਿਚ ਵੀ ਤਰੇਲੀਆਂ ਆ ਰਹੀਆਂ ਸਨ।

ਇਸ ਤੋਂ ਪਹਿਲਾਂ ਕਿ ਸਰਵਣ ਸਿੰਘ ਦਾ ਕੀਰਤਨ ਸੋਹਿਲਾ ਪੜ੍ਹਿਆ ਜਾਂਦਾ, ਉਸ ਦੇ ਮੁੰਡੇ ਨੇ ਬਿੱਟੂ ਹੋਰਾਂ ਨਾਲ ਹੱਥੋਪਾਈ ਸ਼ੁਰੂ ਕਰ ਦਿੱਤੀ।

ਬਿੱਟੂ ਨੇ ਏ.ਕੇ. ਸੰਤਾਲੀ ਨੂੰ ਆਪਣੀ ਉਂਗਲ ਦਾ ਇਸ਼ਾਰਾ ਕਰ ਦਿੱਤਾ। ਇਸ਼ਾਰਾ ਮਿਲਦਿਆਂ ਹੀ ਏ.ਕੇ. ਸੰਤਾਲੀ ਨੇ ਆਪਣਾ ਜੌਹਰ ਦਿਖਾ ਦਿੱਤਾ।

ਏ.ਕੇ. ਸੰਤਾਲੀ ਦੇ ਮੂੰਹ 'ਚੋਂ ਨਿਕਲੀ ਖ਼ੌਫ਼ਨਾਕ ਅੱਗ ਨੇ ਸਰਵਣ ਸਿੰਘ ਤੇ ਉਸ ਦਾ ਮੁੰਡਾ ਅਗਲੇ ਜਹਾਨ ਲਈ ਰਵਾਨਾ ਕਰ ਦਿੱਤੇ।

ਬਿੱਟੂ ਹੋਰਾਂ ਦਾ ਸਰਵਣ ਸਿੰਘ ਦੇ ਮੁੰਡੇ ਨੂੰ ਮਾਰਨ ਦਾ ਕੋਈ ਇਰਾਦਾ ਨਹੀਂ ਸੀ। ਆਪਣੇ ਬਾਪ ਨੂੰ ਬਚਾਉਣ ਲਈ ਉਹ ਬਿੱਟੂ ਹੋਰਾਂ ਨਾਲ ਹੱਥੋਪਾਈ 'ਤੇ ਉਤਰ ਆਇਆ ਸੀ। ਇਸੇ ਕਰਕੇ ਆਪਣੇ ਬਚਾਅ ਲਈ ਉਸ ਨੂੰ ਵੀ ਨਿਸ਼ਾਨਾ ਬਣਾਉਣਾ ਪਿਆ।

ਉਸ ਦੀ ਮੌਤ ਦਾ ਬਿੱਟੂ ਨੂੰ ਸਾਰੀ ਜ਼ਿੰਦਗੀ ਅਫ਼ਸੋਸ ਰਿਹਾ ਸੀ।

ਬਿੱਟੂ ਦੇ ਪਿੰਡ ਰੁੜਕਾਂ ਖੁਰਦ ਦੇ ਕੋਲ ਹੀ ਇਕ ਪਿੰਡ ਹੈ ਬੜਾ ਪਿੰਡ। ਇਸ ਪਿੰਡ ਦਾ ਰਹਿਣ ਵਾਲਾ ਠੇਕੇਦਾਰ ਤੀਰਥ ਪੁਲਿਸ ਦਾ ਮੁਖ਼ਬਰ ਸੀ। ਖਾੜਕੂਆਂ ਨੇ ਉਸ ਨੂੰ ਬਹੁਤ ਵਾਰੀ ਸਮਝਾਇਆ ਪਰ ਉਹ ਆਪਣੀਆਂ ਹਰਕਤਾਂ ਤੋਂ ਬਾਜ਼ ਨਹੀਂ ਸੀ ਆ ਰਿਹਾ।

ਘਰੀਂ ਬੈਠੇ ਗੁਪਤ ਰੂਪ ਵਿਚ ਸੇਵਾ ਨਿਭਾ ਰਹੇ ਸਿੰਘਾਂ ਨੂੰ ਤੀਰਥ ਪੁਲਿਸ ਕੋਲ ਫੜਾਉਂਦਾ ਅਤੇ ਫਿਰ ਆਪ ਕੋਲ ਖੜੋ ਕੇ ਤਸ਼ੱਦਦ ਕਰਾਉਂਦਾ ਸੀ। ਬੜੇ ਪਿੰਡ ਦੇ ਕੁਲਬੀਰ ਸਿੰਘ 'ਤੇ ਪੁਲਿਸ ਨੇ ਤੀਰਥ ਦੇ ਕਹਿਣ 'ਤੇ ਅੰਨ੍ਹਾ ਤਸ਼ੱਦਦ ਢਾਹਿਆ।

ਜਦ ਤੀਰਥ ਆਪਣੀਆਂ ਕੋਝੀਆਂ ਹਰਕਤਾਂ ਤੋਂ ਬਾਜ਼ ਨਾ ਆਇਆ ਤਾਂ ਇਕ ਦਿਨ ਭਾਈ ਗੁਰਦੀਪ ਸਿੰਘ ਦੀਪਾ, ਰਣਜੀਤ ਸਿੰਘ ਬਿੱਟੂ ਤੇ ਪ੍ਰਧਾਨ ਨੇ ਤੀਰਥ ਨੂੰ ਸੋਧਣ ਲਈ ਉਸ ਦਾ ਰਸਤਾ ਆਣ ਮੱਲਿਆ।

ਠੇਕੇਦਾਰ ਤੀਰਥ ਆਪਣੀ ਜੀਪ ਵਿਚ ਆ ਰਿਹਾ ਸੀ। ਆਪਣੇ ਗੰਨਮੈਨਾਂ ਵਿਚ ਚੌੜਾ ਹੋਇਆ ਬੈਠਾ ਤੀਰਥ ਇਸ ਗੱਲ ਤੋਂ ਬੇਖ਼ਬਰ ਸੀ ਕਿ ਮੌਤ ਉਸ ਦਾ ਰਸਤਾ ਮੱਲੀ ਬੈਠੀ ਹੈ।

ਦੀਪੇ ਅਤੇ ਬਿੱਟੂ ਨੇ ਏ.ਕੇ. 56 ਦੇ ਬਰੱਸਟ ਮਾਰ-ਮਾਰ ਤੀਰਥ ਦੀ ਜੀਪ ਛਾਨਣੀ ਵਰਗੀ ਕਰ ਦਿੱਤੀ।

ਤੀਰਥ ਆਪਣੇ ਗੰਨਮੈਨਾਂ ਨਾਲ ਲਹੂ ਦੇ ਤਲਾਬ ਵਿਚ ਡੁੱਬਿਆ ਪਿਆ ਸੀ ਅਤੇ ਖਾੜਕੂ 'ਬੋਲੇ ਸੋ ਨਿਹਾਲ' ਦੇ ਜੈਕਾਰੇ ਲਾਉਂਦੇ ਉਥੋਂ ਜਾ ਚੁੱਕੇ ਸਨ।

ਠੇਕੇਦਾਰ ਤੀਰਥ ਦੇ ਘਰਦਿਆਂ ਨੇ ਉਸ ਦੀ ਯਾਦ ਵਿਚ ਇਕ ਨਲਕਾ ਉਸ ਥਾਂ 'ਤੇ ਲੁਆ ਦਿੱਤਾ, ਜਿਥੇ ਤੀਰਥ ਮਾਰਿਆ ਗਿਆ ਸੀ। ਥੋੜ੍ਹੇ ਜਿਹੇ ਉੱਚੇ ਥਾਂ ਲੱਗੇ ਨਲਕੇ ਦਾ ਪਾਣੀ ਨੀਵੇਂ ਪਾਸੇ ਨੂੰ ਰੁੜ੍ਹ ਕੇ ਇਕ ਰੁੱਖ ਦੀ ਜੜ੍ਹੀਂ ਪੈਂਦਾ ਸੀ। ਰੱਬ ਦੀ ਕਰਨੀ, ਉਹ ਰੁੱਖ ਕੁਝ ਸਾਲਾਂ ਵਿਚ ਹੀ ਸੁੱਕ ਗਿਆ। ਸ਼ਾਇਦ ਉਸ ਰੁੱਖ ਨੇ ਇਕ ਮੁਖ਼ਬਰ ਦੀ ਯਾਦ ਵਿਚ ਲੱਗੇ ਨਲਕੇ ਦੇ ਪਾਣੀ ਨੂੰ ਵੀ ਸਵੀਕਾਰਿਆ ਨਹੀਂ ਸੀ।

ਭਾਈ ਰਣਜੀਤ ਸਿੰਘ ਬਿੱਟੂ ਦਾ ਕਰੀਬੀ ਸਾਥੀ ਭਾਈ ਬਲਜੀਤ ਸਿੰਘ (ਚੱਕ ਮਾਜਰਾ) ਇਕ ਪੁਲਿਸ ਮੁਕਾਬਲੇ ਵਿਚ ਸ਼ਹੀਦ ਹੋ ਗਿਆ ਸੀ। ਉਸ ਦੀ ਸ਼ਹੀਦੀ ਤੋਂ ਬਾਅਦ ਬਿੱਟੂ ਆਪਣੇ ਆਪ ਨੂੰ ਇਕੱਲਾ ਜਿਹਾ ਮਹਿਸੂਸ ਕਰਦਾ ਸੀ। ਪਰ ਬੱਬੂ ਨੂੰ ਮਿਲਣ ਮਗਰੋਂ ਉਹ ਆਪਸ ਵਿਚ ਕਾਫ਼ੀ ਘੁਲ-ਮਿਲ ਗਏ ਸਨ।

ਇਹਨਾਂ ਦਿਨਾਂ ਵਿਚ ਹੀ ਬੱਬੂ ਇਹ ਪਤਾ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ ਕਿ ਪੱਟੀ ਦਾ ਪੁਲਿਸ ਨੂੰ ਕਿਸ ਤਰ੍ਹਾਂ ਪਤਾ ਲੱਗਾ ਅਤੇ ਜੋ ਸੱਚ ਸਾਹਮਣੇ ਆਇਆ ਉਹ ਸੁਣ ਕੇ ਬੱਬੂ ਹੈਰਾਨ-ਪਰੇਸ਼ਾਨ ਹੋ ਗਿਆ।

ਜਥੇਬੰਦੀ ਦੇ ਹਥਿਆਰ ਵਰਤ ਕੇ ਪੱਟੀ ਕੁਝ ਲੁਟੇਰਿਆਂ ਨਾਲ ਰਲ ਕੇ ਲੁੱਟਾਂ-ਖੋਹਾਂ ਕਰਦਾ ਰਿਹਾ ਸੀ।

ਕਾਹਨਾ ਢੇਸੀਆਂ ਪਿੰਡ ਵਿਚੋਂ ਉਹਨਾਂ ਇਕ ਘਰੋਂ ਬੰਦੂਕ ਦੀ ਨੋਕ 'ਤੇ ਅੱਸੀ ਹਜ਼ਾਰ ਰੁਪਏ ਲੁੱਟੇ, ਚੱਕ ਧੇਖੜਾਂ ਪਿੰਡ ਦੇ ਸਰਪੰਚ ਦੇ ਘਰ ਜਾ ਡਾਕਾ ਮਾਰਿਆ ਅਤੇ ਉਥੇ ਚੱਲੀ ਗੋਲੀ ਵਿਚ ਪੱਟੀ ਅਤੇ ਉਸ ਦੇ ਲੁਟੇਰੇ ਸਾਥੀਆਂ ਨੇ ਸਰਪੰਚ ਦੇ ਬਾਪ ਨੂੰ ਮਾਰ ਦਿੱਤਾ। ਬਾਅਦ ਵਿਚ ਜਦ ਇਕ ਲੁਟੇਰਾ ਫੜਿਆ ਗਿਆ ਤਾਂ ਉਸ ਨੇ ਪੁਲਿਸ ਨੂੰ ਦੱਸ ਦਿੱਤਾ ਕਿ ਬੰਦੂਕਾਂ ਤਾਂ ਪੱਟੀ ਦੇ ਕੋਲ ਹਨ।

ਉਹ ਤਾਂ ਚੰਗੀ ਕਿਸਮਤ ਦੇ ਨਾਲ ਕੁਝ ਸਮਾਂ ਪਹਿਲਾਂ ਹੀ ਬੱਬੂ ਪੱਟੀ ਦੇ ਕੋਲੋਂ ਲੈ ਆਇਆ ਸੀ। ਨਹੀਂ ਤਾਂ ਜਥੇਬੰਦੀ ਦੇ ਹਥਿਆਰ ਪੁਲਿਸ ਦੇ ਹੱਥ ਲੱਗ ਜਾਣੇ ਸਨ।

ਪੱਟੀ ਅਤੇ ਉਸ ਦੇ ਲੁਟੇਰੇ ਸਾਥੀਆਂ ਨੂੰ ਪੁਲਿਸ ਨੇ ਲੁੱਟ-ਖੋਹ ਦੇ ਕੇਸ ਪਾ ਕੇ ਜੇਲ੍ਹ ਭੇਜ ਦਿੱਤਾ।

*

ਕਾਂਡ 8

ਮਨਜਿੰਦਰ ਸਿੰਘ ਬੱਬੂ ਦੇ ਭਗੌੜੇ ਹੋਣ ਤੋਂ ਬਾਅਦ ਬਾਕੀ ਦੇ ਫ਼ੈਡਰੇਸ਼ਨ ਦੇ ਸਿੰਘ ਆਮ ਵਾਂਗ ਕਾਲਜ ਆ ਰਹੇ ਸਨ।

ਫ਼ੈਡਰੇਸ਼ਨ ਵੱਲੋਂ ਹਰ ਸਾਲ ਜੰਡਿਆਲੇ ਕਾਲਜ ਵਿਚ ਗੁਰੂ ਗੋਬਿੰਦ ਸਿੰਘ ਜੀ ਦਾ ਗੁਰਪੁਰਬ ਮਨਾਇਆ ਜਾਂਦਾ ਸੀ।

ਇਸ ਸਾਲ ਵੀ ਉਸ ਪ੍ਰੋਗਰਾਮ ਬਾਰੇ ਵਿਚਾਰ ਕਰਨ ਲਈ ਫ਼ੈਡਰੇਸ਼ਨ ਦੇ ਸੀਨੀਅਰ ਮੈਂਬਰ ਦਫ਼ਤਰ ਵਿਚ ਬੈਠੇ ਵਿਚਾਰਾਂ ਕਰ ਰਹੇ ਸਨ।

"ਇਸ ਸਾਲ ਪ੍ਰੋਗਰਾਮ ਦੀ ਰੂਪ-ਰੇਖਾ ਕਿਸ ਤਰ੍ਹਾਂ ਦੀ ਰੱਖਣੀ ਏ ?" ਰਵਿੰਦਰ ਦੀ ਆਵਾਜ਼ ਗੂੰਜ ਰਹੀ ਸੀ।

"ਮੇਰੇ ਖ਼ਿਆਲ ਵਿਚ ਇਸ ਸਾਲ ਆਪਾਂ ਨੂੰ ਇਲਾਕੇ ਦੇ ਸਮੂਹ ਸ਼ਹੀਦਾਂ ਦੇ ਪਰਿਵਾਰਾਂ ਨੂੰ ਸਨਮਾਨਿਤ ਕਰਨਾ ਚਾਹੀਦਾ ਏ।" ਬਿਕਰਮਜੀਤ ਸਿੰਘ ਬਿੱਕਰ ਨੇ ਆਪਣਾ ਖ਼ਿਆਲ ਦੱਸਿਆ।

"ਜੇ ਮੇਰੀ ਮੰਨੋ ਤਾਂ ਇਸ ਸਾਲ ਪ੍ਰੋਗਰਾਮ ਨੂੰ ਸਾਦਾ ਜਿਹਾ ਹੀ ਰੱਖੋ ਕਿਉਂਕਿ ਆਪਾਂ ਸਾਰੇ ਹੀ ਪੁਲਿਸ ਦੀ ਨਿਗ੍ਹਾ ਵਿਚ ਚੜ੍ਹੇ ਹੋਏ ਹਾਂ। ਇਕ ਤਾਂ ਬੱਬੂ ਵਾਲਾ ਮਾਮਲਾ ਵੀ ਅਜੇ ਨਵਾਂ-ਨਵਾਂ ਹੈ। ਕਿਤੇ ਇਹ ਨਾ ਹੋਏ ਕਿ ਆਪਣਾ ਕੋਈ ਸਿੰਘ ਫੜਿਆ ਜਾਏ।" ਗੁਰਦੀਪ ਸਿੰਘ ਲਾਟੂ ਆਪਣੀ ਸਲਾਹ ਦੇ ਗਿਆ।

"ਲੰਮੀ ਦੌੜ ਦੇ ਘੋੜਿਆਂ ਨੂੰ ਸਬਰ ਨਾਲ ਦੌੜਨਾ ਚਾਹੀਦਾ ਏ, ਮੈਂ ਗੁਰਦੀਪ ਸਿੰਘ ਲਾਟੂ ਦੀ ਸਲਾਹ ਨਾਲ ਸਹਿਮਤ ਹਾਂ।" ਰਾਜਵੀਰ ਨੇ ਆਪਣੇ ਵਿਚਾਰ ਪ੍ਰਗਟ ਕੀਤੇ।

"ਚਲੋ ਫਿਰ ਹੋ ਗਿਆ ਫ਼ੈਸਲਾ।" ਹਮੇਸ਼ਾਂ ਵਾਂਗ ਸੈਦੋਂਵਾਲੀਆ ਬੱਲੀ ਬੋਲਿਆ।

"ਐਤਕੀਂ ਪ੍ਰੋਗਰਾਮ ਸਾਦਾ ਜਿਹਾ ਹੀ ਕਰ ਲੈਨੇਂ ਆਂ। ਅਰਦਾਸ ਵਿਚ ਸਮੂਹ ਸ਼ਹੀਦਾਂ ਦਾ ਜ਼ਿਕਰ ਤਾਂ ਹੋਵੇਗਾ ਹੀ ਪਰ ਆਪਣੇ ਇਲਾਕੇ ਦੇ ਜੋ ਸਿੰਘ ਸ਼ਹੀਦ ਹੋਏ ਹਨ, ਉਹਨਾਂ ਦੇ ਨਾਵਾਂ ਦਾ ਜ਼ਿਕਰ ਹਰ ਹਾਲ 'ਚ

ਕਰਨਾ ਹੋਵੇਗਾ। ਖ਼ਾਸ ਤੌਰ 'ਤੇ ਭਾਈ ਸਤਪਾਲ ਸਿੰਘ ਢਿੱਲੋਂ ਡੱਲੇਵਾਲੀਏ ਦਾ।" ਇਹਨਾਂ ਵਿਚਾਰਾਂ ਨਾਲ ਹੀ ਮੀਟਿੰਗ ਸਮਾਪਤ ਹੋ ਗਈ।

ਭਾਈ ਸਤਪਾਲ ਸਿੰਘ ਢਿੱਲੋਂ ਪਿੰਡ ਡੱਲੇਵਾਲ ਦਾ ਰਹਿਣ ਵਾਲਾ ਸੀ। ਡੱਲੇਵਾਲ ਪਿੰਡ ਗੁਰਾਇਆਂ ਸ਼ਹਿਰ ਤੋਂ ਕੁਝ ਕੁ ਮੀਲਾਂ ਦੀ ਵਿੱਥ 'ਤੇ ਹੀ ਹੈ।

ਸੰਸਾਰ ਵਿਚ ਬਹੁਤ ਥੋੜ੍ਹੇ ਲੋਕ ਹੁੰਦੇ ਹਨ ਜੋ ਕੁਦਰਤ ਵੱਲੋਂ ਹੀ ਕਾਫ਼ੀ ਸੂਝ-ਬੂਝ ਦੇ ਮਾਲਕ ਹੁੰਦੇ ਹਨ।

ਭਾਈ ਸਤਪਾਲ ਸਿੰਘ ਉਹਨਾਂ ਵਿਚੋਂ ਇਕ ਸੀ। ਪੁਲਿਸ ਦੇ ਵੱਡੇ-ਵੱਡੇ ਅਫ਼ਸਰ ਵੀ ਇਹ ਗੱਲ ਮੰਨਦੇ ਸਨ ਕਿ ਸਤਪਾਲ ਸਿੰਘ ਢਿੱਲੋਂ ਦੁਆਬੇ ਦੇ ਖਾੜਕੂਆਂ ਦੀ ਮਾਂ ਏ।

ਦੁਆਬੇ ਦੇ ਬਹੁਤੇ ਖਾੜਕੂ ਭਾਈ ਢਿੱਲੋਂ ਨੂੰ ਆਪਣਾ ਆਦਰਸ਼ ਮੰਨਦੇ ਸਨ।

ਆਪਣੇ ਵਿਚਾਰਾਂ ਨਾਲ ਦੂਸਰੇ ਇਨਸਾਨ ਨੂੰ ਕਾਇਲ ਕਰਨ ਦੀ ਅਜਬ ਸ਼ਕਤੀ ਸੀ ਭਾਈ ਢਿੱਲੋਂ ਵਿਚ।

ਉਸ ਦੇ ਇਕ ਇਸ਼ਾਰੇ 'ਤੇ ਨੌਜਵਾਨ ਆਪਣੀਆਂ ਜਾਂਨਾਂ ਕੁਰਬਾਨ ਕਰਨ ਤਕ ਚਲੇ ਜਾਂਦੇ ਸਨ।

1990 ਦੇ ਸਤੰਬਰ ਮਹੀਨੇ ਵਿਚ ਪੁਲਿਸ ਦੀਆਂ ਕਾਲੀਆਂ ਬਿੱਲੀਆਂ ਨੇ ਭਾਈ ਢਿੱਲੋਂ ਨੂੰ ਦਿਨ-ਦਿਹਾੜੇ ਗੋਲੀਆਂ ਮਾਰ ਕੇ ਸ਼ਹੀਦ ਕਰ ਦਿੱਤਾ ਸੀ, ਜਦੋਂ ਉਹ ਸਕੂਟਰ 'ਤੇ ਜਲੰਧਰ ਸ਼ਹਿਰ ਵਿਚ ਆਪਣੇ ਇਕ ਐਡਵੋਕੇਟ ਦੋਸਤ ਕੋਲ ਜਾ ਰਹੇ ਸਨ।

ਇਸੇ ਤਰ੍ਹਾਂ ਭਾਈ ਸੁਖਦੇਵ ਸਿੰਘ ਸੋਢੀ (ਰੁਕੜਾ ਕਲਾਂ) ਵੀ ਜੰਡਿਆਲੇ ਕਾਲਜ ਪੜ੍ਹਦਾ ਰਿਹਾ ਸੀ ਜੋ ਕਿ ਗੁਰਾਇਆਂ ਸ਼ਹਿਰ ਵਿਖੇ ਸ਼ਹੀਦ ਹੋ ਗਿਆ ਸੀ ਅਤੇ ਸ਼ਹੀਦ ਭਾਈ ਮਨਜੀਤ ਸਿੰਘ ਮੰਨਾ (ਬਿਲਗਾ) ਵੀ ਕਿਸੇ ਸਮੇਂ ਜੰਡਿਆਲੇ ਕਾਲਜ ਦਾ ਸਟੂਡੈਂਟ ਸੀ। ਇਹਨਾਂ ਸ਼ਹੀਦਾਂ ਦੀ ਯਾਦ ਵਿਚ ਫ਼ੈਡਰੇਸ਼ਨ ਦੇ ਸਮਾਗਮ ਵਿਚ ਅਰਦਾਸਾਂ ਕੀਤੀਆਂ ਗਈਆਂ।

ਹਿੰਦੁਸਤਾਨ ਦੀ ਕੇਂਦਰ ਸਰਕਾਰ ਨੇ ਪੰਜਾਬ ਵਿਚ ਚੋਣਾਂ ਕਰਾਉਣ ਦਾ ਐਲਾਨ ਕਰ ਦਿੱਤਾ ਸੀ। ਪੰਜਾਬ ਦੀਆਂ ਸਾਰੀਆਂ ਰਾਜਨੀਤਕ ਪਾਰਟੀਆਂ ਕਮਰ-ਕੱਸੇ ਕਰ ਰਹੀਆਂ ਸਨ। ਪਰ ਪੰਜ ਜਥੇਬੰਦੀਆਂ ਦੀ ਬਣੀ ਪੰਥਕ ਕਮੇਟੀ ਨੇ ਚੋਣਾਂ ਦੇ ਬਾਈਕਾਟ ਦਾ ਮਤਾ ਪਾਸ ਕਰ ਦਿੱਤਾ।

ਸਮੂਹ ਪੰਜਾਬੀਆਂ ਨੂੰ ਚੋਣਾਂ ਵਿਚ ਹਿੱਸਾ ਨਾ ਲੈਣ ਦੀ ਤਾਕੀਦ ਕਰ ਦਿੱਤੀ ਗਈ। ਬਾਈਕਾਟ ਦੇ ਕਾਫ਼ੀ ਵੱਡੇ-ਵੱਡੇ ਪੋਸਟਰ ਪਿੰਡਾਂ ਤੇ ਸ਼ਹਿਰਾਂ ਵਿਚ ਲਾਉਣ ਦੀ ਡਿਊਟੀ ਫ਼ੈਡਰੇਸ਼ਨ ਦੇ ਨੌਜਵਾਨਾਂ ਦੀ ਲਾਈ ਗਈ। ਜੰਡਿਆਲੇ ਕਾਲਜ ਵਿਚ ਵੀ ਪੋਸਟਰਾਂ ਦੇ ਬੰਡਲ ਪਹੁੰਚ ਗਏ ਸਨ।

ਸਾਰੇ ਸਿੰਘਾਂ ਨੇ ਸਲਾਹ ਕੀਤੀ ਕਿ ਬਾਈਕਾਟ ਦੇ ਪੋਸਟਰ ਰਾਤ ਵੇਲੇ ਲਾਏ ਜਾਣ ਕਿਉਂਕਿ ਕੁਝ ਸਾਲ ਪਹਿਲਾਂ ਹੀ ਫ਼ੈਡਰੇਸ਼ਨ ਦਾ ਇਕ ਸਿੰਘ ਭਾਈ ਰਾਜੇਸ਼ਵਰਰਾਜ ਸਿੰਘ ਖਿੱਟਾ (ਗੁਰਾਇਆਂ) ਦਿਨ-ਦਿਹਾੜੇ ਪੋਸਟਰ ਲਾਉਂਦਾ ਪੁਲਿਸ ਦੀਆਂ ਗੋਲੀਆਂ ਨਾਲ ਸ਼ਹੀਦ ਹੋ ਚੁੱਕਾ ਸੀ।

ਚੋਣਾਂ ਦੇ ਬਾਈਕਾਟ ਦੇ ਪੋਸਟਰਾਂ ਨੇ ਪੰਜਾਬ ਦੇ ਲੋਕਾਂ 'ਤੇ ਜਾਦੂ ਵਰਗਾ ਅਸਰ ਕੀਤਾ। ਲੋਕ ਸੱਥਾਂ, ਦਰਵਾਜ਼ਿਆਂ ਵਿਚ ਬੈਠੇ ਆਮ ਹੀ ਇਹ ਚਰਚਾ ਛੇੜ ਲੈਂਦੇ ਕਿ "ਬਈ ਐਤਕੀਂ ਵੋਟਾਂ ਨਹੀਂ ਪਾਉਣੀਆਂ, ਆਪਣੇ ਖ਼ਾਲਸਿਆਂ ਦਾ ਹੁਕਮ ਹੈ।"

ਪਰ ਕੁਝ ਸਿਆਸੀ ਲੋਕ ਚੋਣਾਂ ਵਿਚ ਹਿੱਸਾ ਲੈਣ ਦੀਆਂ ਤਿਆਰੀਆਂ ਕਰ ਰਹੇ ਸਨ।

ਫਿਲੌਰ ਦੇ ਲਾਗੇ ਪਿੰਡ ਸ਼ਾਹਪੁਰ ਦਾ ਰਹਿਣ ਵਾਲਾ ਅਮੀਰ ਚੰਦ ਇਕ ਸਿਆਸੀ ਬੰਦਾ ਸੀ। ਉਹ ਆਪ ਵੀ ਚੋਣਾਂ ਵਿਚ ਇਕ ਉਮੀਦਵਾਰ ਸੀ ਅਤੇ ਲੋਕਾਂ ਵਿਚ ਵੀ ਇਹ ਪ੍ਰਚਾਰ ਕਰਦਾ ਸੀ ਕਿ ਖਾੜਕੂ ਸਿੰਘਾਂ ਦੇ ਹੁਕਮ ਮੰਨਣ ਦੀ ਲੋੜ ਨਹੀਂ, ਤੁਸੀਂ ਵੱਧ-ਚੜ੍ਹ ਕੇ ਚੋਣਾਂ ਵਿਚ ਹਿੱਸਾ ਲਵੋ।

ਭਾਈ ਰਣਜੀਤ ਸਿੰਘ ਢੰਡਵਾੜ ਅਤੇ ਬੱਬੂ ਅਮੀਰ ਚੰਦ ਨਾਲ ਗੱਲ ਕਰਨ ਲਈ ਉਹਦੇ ਘਰ ਸ਼ਾਹਪੁਰ ਪਹੁੰਚ ਗਏ।

ਉਹਨਾਂ ਦੀ ਮਨਸ਼ਾ ਸੀ ਕਿ ਆਪਾਂ ਅਮੀਰ ਚੰਦ ਨੂੰ ਸਮਝਾ ਲਵਾਂਗੇ ਅਤੇ ਉਹ ਵੀ ਚੋਣਾਂ ਵਿਚ ਹਿੱਸਾ ਨਹੀਂ ਲਵੇਗਾ।

ਅਮੀਰ ਚੰਦ ਦੇ ਘਰ ਦੇ ਵਿਹੜੇ ਵਿਚ ਖੜੇ ਰਣਜੀਤ ਸਿੰਘ ਢੰਡਵਾੜ ਅਤੇ ਬੱਬੂ ਬੜੇ ਪਿਆਰ ਨਾਲ ਅਮੀਰ ਚੰਦ ਦੇ ਪਰਿਵਾਰ ਨਾਲ ਗੱਲਾਂ ਕਰ ਰਹੇ ਸਨ ਕਿ ਅਮੀਰ ਚੰਦ ਦੇ ਭਰਾ ਨੇ ਪਿੱਛਿਉਂ ਆਣ ਕੇ ਛੱਤਾਂ 'ਤੇ ਪਾਉਣ ਵਾਲਾ ਬਾਲਾ ਪੂਰੇ ਜ਼ੋਰ ਨਾਲ ਭਾਈ ਰਣਜੀਤ ਸਿੰਘ ਦੇ ਸਿਰ ਵਿਚ ਮਾਰਿਆ।

ਰਣਜੀਤ ਸਿੰਘ ਤਾਂ ਥਾਂ 'ਤੇ ਹੀ ਡਿੱਗ ਪਿਆ। ਘਰ ਦੇ ਬਾਕੀ ਦੇ ਮੈਂਬਰਾਂ ਨੇ ਜੱਫਾ ਮਾਰ ਕੇ ਬੱਬੂ ਨੂੰ ਸੁੱਟ ਲਿਆ।

ਬੜੀ ਮੁਸ਼ਕਲ ਨਾਲ ਉਹਨਾਂ ਤੋਂ ਛੁੱਟ ਕੇ ਬੱਬੂ ਬਾਹਰ ਵੱਲ ਨੂੰ ਦੌੜਿਆ।

ਬਾਹਰ ਗਲੀ ਵਿਚ ਖੜੇ ਕੀਤੇ ਸਕੂਟਰ ਦੇ ਮੈਟ ਥੱਲੇ ਰੱਖੀ ਏ.ਕੇ. 56 ਰਾਈਫਲ ਚੁੱਕ ਕੇ ਉਹ ਵਾਪਸ ਮੁੜਿਆ ਤਾਂ ਘਰ ਦੀਆਂ ਕੁਝ ਔਰਤਾਂ ਬੂਹਾ ਬੰਦ ਕਰਨ ਦੀ ਕੋਸ਼ਿਸ਼ ਕਰ ਰਹੀਆਂ ਸਨ।

ਬੂਹਾ ਬੰਦ ਹੁੰਦਾ ਦੇਖ ਕੇ ਬੱਬੂ ਨੇ ਏ.ਕੇ. 56 ਦਾ ਬਰੱਸਟ ਮਾਰਿਆ।

ਗੜਿਆਂ ਵਾਂਗ ਵਰ੍ਹਦੀਆਂ ਗੋਲੀਆਂ ਨਾਲ ਔਰਤਾਂ ਜ਼ਖ਼ਮੀ ਹੋ ਕੇ ਡਿੱਗ ਪਈਆਂ। ਇਸ ਤੋਂ ਪਹਿਲਾਂ ਕਿ ਬੱਬੂ ਘਰ ਵੜਦਾ, ਘਰ ਵਾਲਿਆਂ ਦਾ ਰੌਲਾ ਅਤੇ ਗੋਲੀਆਂ ਦਾ ਖੜਾਕ ਸੁਣ ਕੇ ਬਹੁਤ ਸਾਰੇ ਲੋਕੀਂ ਕੋਠਿਆਂ 'ਤੇ ਆ ਚੜ੍ਹੇ ਸਨ।

ਕੋਠਿਆਂ 'ਤੇ ਚੜ੍ਹੇ ਲੋਕਾਂ ਨੇ ਬਨੇਰਿਆਂ ਤੋਂ ਇੱਟਾਂ ਪੁੱਟ-ਪੁੱਟ ਬੱਬੂ ਨੂੰ ਮਾਰਨੀਆਂ ਸ਼ੁਰੂ ਕਰ ਦਿੱਤੀਆਂ।

ਜੇ ਬੱਬੂ ਚਾਹੁੰਦਾ ਤਾਂ ਉਹਨਾਂ ਵਿਚੋਂ ਬਹੁਤਿਆਂ ਨੂੰ ਗੋਲੀਆਂ ਮਾਰ ਕੇ ਮਾਰ ਸਕਦਾ ਸੀ ਪਰ ਸਿੰਘ ਬੇਗੁਨਾਹਾਂ ਦੇ ਕਤਲਾਂ ਵਿਚ ਯਕੀਨ ਨਹੀਂ ਰੱਖਦੇ। ਬੱਬੂ ਹਵਾਈ ਫ਼ਾਇਰ ਕਰਦਾ ਉਥੋਂ ਨਿਕਲ ਗਿਆ।

ਆਪਣੇ ਲੋਕਾਂ ਲਈ ਕੌਮੀ ਘਰ ਦੀ ਸਥਾਪਤੀ ਲਈ ਤੁਰੇ ਸਿੰਘ ਨੂੰ ਅੱਜ ਉਹਨਾਂ ਦੇ ਆਪਣੇ ਹੀ ਅਕ੍ਰਿਤਘਣ ਲੋਕਾਂ ਨੇ ਪਿੱਛਿਉਂ ਵਾਰ ਕਰ ਕੇ ਸ਼ਹੀਦ ਕਰ ਦਿੱਤਾ ਸੀ।

ਆਪਣੀ ਕੌਮ ਦੀ ਅਣਖ ਅਤੇ ਗ਼ੈਰਤ ਨੂੰ ਜਿਉਂਦਾ ਰੱਖਣ ਲਈ ਆਪਣਾ ਘਰ-ਬਾਰ ਤਿਆਗ ਕੇ ਕੌਮੀ ਘਰ ਲਈ ਜੂਝਣ ਵਾਲੇ ਰਣਜੀਤ ਸਿੰਘ ਨੂੰ ਬੇਗ਼ੈਰਤਾਂ ਨੇ ਪਿੱਛਿਉਂ ਵਾਰ ਕਰ ਕੇ ਸ਼ਹੀਦ ਕਰ ਦਿੱਤਾ ਜਦ ਕਿ ਉਹ ਸਿਰਫ਼ ਅਮੀਰ ਚੰਦ ਨੂੰ ਸਮਝਾਉਣ ਗਏ ਸਨ ਕਿ ਚੋਣਾਂ ਦੇ ਬਾਈਕਾਟ ਵਿਚ ਸਾਡਾ ਸਾਥ ਦਿਉ ਅਤੇ ਲੋਕਾਂ ਵਿਚ ਸਾਡੇ ਵਿਰੁੱਧ ਪ੍ਰਚਾਰ ਨਾ ਕਰੋ ਪਰ ਅਮੀਰ ਚੰਦ ਦੇ ਪਰਿਵਾਰ ਨੇ ਖਾੜਕੂਆਂ ਨੂੰ ਇਕ ਭਾਜੀ ਪਾ ਦਿੱਤੀ ਸੀ।

ਕਾਲਜ ਵਿਚ ਕੁਝ ਛੁੱਟੀਆਂ ਸਨ ਅਤੇ ਛੁੱਟੀਆਂ ਤੋਂ ਅਗਲੇ ਦਿਨ ਹੀ ਟੈਸਟ ਪੇਪਰ ਸਨ। ਭਾਈ ਰਣਜੀਤ ਸਿੰਘ ਢੰਡਵਾੜ ਦੀ ਸ਼ਹੀਦੀ ਦੀ ਖ਼ਬਰ ਜੰਗਲ ਦੀ ਅੱਗ ਵਾਂਗ ਸਾਰੇ ਪਾਸੇ ਫੈਲ ਚੁੱਕੀ ਸੀ।

ਛੁੱਟੀਆਂ ਤੋਂ ਬਾਅਦ ਜਦ ਕਾਲਜ ਖੁੱਲ੍ਹੇ ਤਾਂ ਫ਼ੈਡਰੇਸ਼ਨ ਦੇ ਸਾਰੇ ਸਿੰਘ ਕਾਲਜ ਦੀ ਗਰਾਊਂਡ ਵਿਚ ਇਕੱਠੇ ਹੋਏ। ਰਣਜੀਤ ਸਿੰਘ ਦੀ

ਸ਼ਹੀਦੀ ਦੀ ਖ਼ਬਰ ਸਭ ਨੂੰ ਮਿਲ ਚੁੱਕੀ ਸੀ।

ਸੋ ਰੋਸ ਵਜੋਂ ਕਾਲਜ ਵਿਚ ਸਟਰਾਈਕ ਕਰਨ ਦਾ ਮਤਾ ਝੱਟ ਪਾਸ ਕਰ ਦਿੱਤਾ ਗਿਆ। ਸੈਦੋਵਾਲੀਏ ਬੱਲੀ ਨੇ ਘੰਟੀ ਖੜਕਾ ਦਿੱਤੀ ਅਤੇ ਸਾਰੇ ਸਿੰਘ 'ਖ਼ਾਲਿਸਤਾਨ ਜ਼ਿੰਦਾਬਾਦ', 'ਭਾਈ ਰਣਜੀਤ ਸਿੰਘ ਢੰਡਵਾੜ ਅਮਰ ਰਹੇ' ਦੇ ਨਾਅਰੇ ਲਾਉਂਦੇ ਕਲਾਸਾਂ ਵੱਲ ਨੂੰ ਤੁਰ ਪਏ ਜਿਥੇ ਟੈਸਟ ਪੇਪਰਾਂ ਦੀਆਂ ਸ਼ੀਟਾਂ ਵੰਡੀਆਂ ਜਾ ਰਹੀਆਂ ਸਨ।

ਪਹਿਲੇ ਕਮਰੇ ਵਿਚ ਰਾਜਵੀਰ ਅਤੇ ਸੈਦੋਵਾਲੀਆ ਬੱਲੀ ਜਾ ਵੜੇ। ਲਾਇਬਰੇਰੀਅਨ 'ਸ਼ਾਰੀ' ਉਥੇ ਸ਼ੀਟਾਂ ਵੰਡ ਰਿਹਾ ਸੀ। ਰਾਜਵੀਰ ਨੇ ਉਸ ਨੂੰ ਆਖਿਆ ਕਿ ਕਾਲਜ ਵਿਚ ਫ਼ੈਡਰੇਸ਼ਨ ਨੇ ਹੜਤਾਲ ਕਰ ਦਿੱਤੀ ਹੈ ਇਸ ਕਰਕੇ ਸ਼ੀਟਾਂ ਵੰਡਣੀਆਂ ਬੰਦ ਕਰ ਦੇਵੇ।

ਲਾਇਬਰੇਰੀਅਨ ਸ਼ਾਰੀ ਅੱਗੋਂ ਗ਼ੁੱਸੇ ਵਿਚ ਬੋਲਿਆ, "ਤੁਸੀਂ ਜਾ ਕੇ ਪ੍ਰਿੰਸੀਪਲ ਨਾਲ ਗੱਲ ਕਰੋ।"

ਇਸ ਤੋਂ ਪਹਿਲਾਂ ਕਿ ਸ਼ਾਰੀ ਕੁਝ ਹੋਰ ਬੋਲਦਾ, ਰਾਜਵੀਰ ਅਤੇ ਬੱਲੀ ਨੇ ਧੱਕੇ ਮਾਰ ਕੇ ਉਸ ਨੂੰ ਕਮਰਿਉਂ ਬਾਹਰ ਕੱਢ ਦਿੱਤਾ।

ਰਣਜੀਤ ਸਿੰਘ ਦੀ ਸ਼ਹੀਦੀ ਕਰਕੇ ਉਹਨਾਂ ਦਾ ਗ਼ੁੱਸਾ ਅਸਮਾਨ ਛੂਹ ਰਿਹਾ ਸੀ।

ਸ਼ਾਰੀ ਨੂੰ ਕਮਰਿਉਂ ਬਾਹਰ ਕੱਢਣ ਤੋਂ ਬਾਅਦ ਰਾਜਵੀਰ ਸਾਰੀ ਕਲਾਸ ਨੂੰ ਸੰਬੋਧਿਤ ਹੋ ਗਿਆ:

"ਵਾਹਿਗੁਰੂ ਜੀ ਕਾ ਖ਼ਾਲਸਾ॥

ਵਾਹਿਗੁਰੂ ਜੀ ਕੀ ਫ਼ਤਹਿ॥

ਸਾਰੇ ਨੌਜਵਾਨ ਭੈਣਾਂ ਤੇ ਭਰਾਵਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਭਾਈ ਰਣਜੀਤ ਸਿੰਘ ਢੰਡਵਾੜ ਖ਼ਾਲਿਸਤਾਨ ਦੀ ਲਹਿਰ ਵਿਚ ਆਪਣਾ ਯੋਗਦਾਨ ਪਾਉਂਦੇ ਹੋਏ ਸ਼ਹਾਦਤ ਦਾ ਜਾਮ ਪੀ ਗਏ ਹਨ, ਇਸ ਕਰਕੇ ਫ਼ੈਡਰੇਸ਼ਨ ਵੱਲੋਂ ਕਾਲਜ ਵਿਚ ਸਟਰਾਈਕ ਕੀਤੀ ਜਾ ਰਹੀ ਹੈ। ਸੋ ਤੁਹਾਨੂੰ ਸਾਰਿਆਂ ਨੂੰ ਬੇਨਤੀ ਹੈ ਕਿ ਇਸ ਸਟਰਾਈਕ ਵਿਚ ਤੁਸੀਂ ਸਾਡਾ ਸਾਥ ਦਿਉ।

ਵਾਹਿਗੁਰੂ ਜੀ ਕਾ ਖ਼ਾਲਸਾ॥

ਵਾਹਿਗੁਰੂ ਜੀ ਕੀ ਫ਼ਤਹਿ॥"

ਕੁਝ ਇਸ ਤਰ੍ਹਾਂ ਦੀਆਂ ਸਪੀਚਾਂ ਬਾਕੀ ਕਲਾਸਾਂ ਵਿਚ ਵੀ ਕੀਤੀਆਂ ਗਈਆਂ। ਸਾਰੇ ਸਟੂਡੈਂਟ ਪੇਪਰ ਸ਼ੀਟਾਂ ਛੱਡ ਉਠ ਤੁਰੇ।

ਪੂਰੇ ਕਾਲਜ ਨੇ ਸਟਰਾਈਕ ਵਿਚ ਫ਼ੈਡਰੇਸ਼ਨ ਦਾ ਸਾਥ ਦਿੱਤਾ।

ਅਜੇ ਸਾਰੇ ਸਿੰਘ ਕਮਰਿਆਂ ਵਿਚੋਂ ਬਾਹਰ ਆ ਹੀ ਰਹੇ ਸਨ ਕਿ ਪ੍ਰਿੰਸੀਪਲ ਮੈਡਮ ਕਾਹਲੀ-ਕਾਹਲੀ ਕਦਮ ਪੁੱਟਦੀ ਹੋਈ ਉਹਨਾਂ ਵੱਲ ਨੂੰ ਆ ਰਹੀ ਸੀ।

ਲਾਇਬਰੇਰੀਅਨ ਸ਼ਾਰੀ ਨੇ ਸਾਰੀ ਖ਼ਬਰ ਪ੍ਰਿੰਸੀਪਲ ਨੂੰ ਦੇ ਦਿੱਤੀ ਸੀ। ਪ੍ਰਿੰਸੀਪਲ ਨੇ ਸਭ ਤੋਂ ਪਹਿਲਾਂ ਤਾਂ ਭਾਈ ਰਣਜੀਤ ਸਿੰਘ ਢੰਡਵਾੜ ਦੀ ਸ਼ਹੀਦੀ ਦਾ ਅਫ਼ਸੋਸ ਕੀਤਾ ਅਤੇ ਫਿਰ ਬੋਲੀ:

"ਹੁਣ ਰੱਬ ਦੇ ਵਾਸਤੇ ਇਥੋਂ ਛੇਤੀ-ਛੇਤੀ ਨਿਕਲ ਜਾਵੋ, ਪੁਲਿਸ ਕਿਸੇ ਵਕਤ ਵੀ ਆ ਸਕਦੀ ਹੈ।"

ਸਾਰੇ ਸਿੰਘ ਇਕ-ਇਕ ਦੋ-ਦੋ ਹੋ ਕੇ ਕਾਲਜ ਵਿਚੋਂ ਨਿਕਲ ਗਏ ਅਤੇ ਅਗਲੇ ਕੁਝ ਪਲਾਂ ਵਿਚ ਹੀ ਸਾਰਾ ਕਾਲਜ ਪੁਲਿਸ ਛਾਉਣੀ ਵਿਚ ਬਦਲ ਚੁੱਕਾ ਸੀ ਅਤੇ ਉਹ ਪ੍ਰਿੰਸੀਪਲ ਨੂੰ ਸਵਾਲ-ਜਵਾਬ ਕਰ ਰਹੇ ਸਨ।

*

ਕਾਂਡ 9

ਭਾਈ ਹਰਮਿੰਦਰ ਸਿੰਘ ਲਾਲਾ ਖ਼ਾਲਿਸਤਾਨ ਕਮਾਂਡੋ ਫ਼ੋਰਸ ਦਾ ਜਲੰਧਰ ਏਰੀਏ ਦਾ ਕਮਾਂਡਰ ਸੀ। ਭਾਈ ਲਾਲੇ ਦਾ ਪਿੰਡ ਡੱਲੇਵਾਲ ਸੀ।

ਬਵੰਜਾ ਸਾਲ ਦੀ ਉਮਰ ਵਿਚ ਉਹ ਕੌਮੀ ਘਰ ਦੀ ਸਥਾਪਤੀ ਲਈ ਆਪਣਾ ਘਰ-ਬਾਰ ਤਿਆਗ ਕੇ ਔਝੜ ਰਾਹਾਂ ਦਾ ਪਾਂਧੀ ਬਣ ਗਿਆ ਸੀ। ਉਮਰ ਵਿਚ ਸਭ ਤੋਂ ਸਿਆਣਾ ਹੋਣ ਕਰਕੇ ਜਥੇਬੰਦੀ ਦੇ ਸਾਰੇ ਸਿੰਘ ਉਸ ਨੂੰ ਚਾਚਾ ਕਹਿ ਕੇ ਬੁਲਾਉਂਦੇ ਸਨ। ਚਾਚੇ ਦੇ ਗਰੁੱਪ ਵਿਚ ਹੀ ਇਕ ਸਿੰਘ ਸੀ, ਜਿਸ ਦਾ ਨਾਂ ਵੀ ਰਣਜੀਤ ਸਿੰਘ ਬਿੱਟੂ ਸੀ।

ਜਗਤਪੁਰ ਜੱਟਾਂ ਪਿੰਡ ਵਿਚ ਰਹਿਣ ਵਾਲੇ ਪੰਡਤਾਂ ਦਾ ਮੁੰਡਾ ਖਾੜਕੂ ਸਿੰਘਾਂ ਦੇ ਸੰਪਰਕ ਵਿਚ ਆਉਣ ਅਤੇ ਮਗਰੋਂ ਸ਼ਾਮ ਸੁੰਦਰ ਤੋਂ ਰਣਜੀਤ ਸਿੰਘ ਬਿੱਟੂ ਬਣ ਗਿਆ ਸੀ।

ਬਿੱਟੂ ਦਾ ਬਾਪ 'ਅੱਟੇ ਪਿੰਡ' ਦੇ ਸਕੂਲ ਵਿਚ ਅਧਿਆਪਕ ਸੀ। ਉਸ ਦਾ 'ਘੁੜਕੇ' ਪਿੰਡ ਦੇ ਜੱਟਾਂ ਦੇ ਇਕ ਘਰ ਕਾਫ਼ੀ ਆਉਣ-ਜਾਣ ਸੀ। ਕਦੇ-ਕਦੇ ਬਿੱਟੂ ਵੀ ਆਪਣੇ ਬਾਪ ਨਾਲ ਘੁੜਕੇ ਪਿੰਡ ਨੂੰ ਚਲਾ ਜਾਂਦਾ।

ਹੌਲੀ-ਹੌਲੀ ਬਿੱਟੂ ਦੀ ਦੋਸਤੀ ਜੱਟਾਂ ਦੇ ਮੁੰਡਿਆਂ ਨਾਲ ਕਾਫ਼ੀ ਗੂੜ੍ਹੀ ਹੋ ਗਈ।

ਇਕ ਦਿਨ ਜਦ ਬਿੱਟੂ 'ਘੁੜਕੇ' ਆਇਆ ਤਾਂ ਕਾਫ਼ੀ ਬੁਝਿਆ-ਬੁਝਿਆ ਸੀ।

ਉਸ ਦੇ ਦੋਸਤ ਸਾਥੀ ਨੇ ਹੱਸਦੇ-ਹੱਸਦੇ ਪੁੱਛਿਆ, "ਕੀ ਗੱਲ ਓਏ, ਤੇਰੇ ਫਿਊਜ਼ ਕਿਉਂ ਉੱਡੇ ਹੋਏ ਨੇ?"

"ਯਾਰ ਸਾਬੀ, ਗੱਲ ਬੜੀ ਸੀਰੀਅਸ ਏ ਪਰ ਮੇਰਾ ਬਾਪ ਮੇਰੀ ਗੱਲ ਨਹੀਂ ਸੁਣਦਾ, ਨਹੀਂ ਤਾਂ ਮੈਂ ਅੱਗ ਲਾ ਕੇ ਫੂਕ ਦਿਆਂ ਸਾਰੇ ਪਿੰਡ ਨੂੰ।" ਬਿੱਟੂ ਗ਼ੁੱਸੇ ਵਿਚ ਚੰਗਿਆੜੇ ਛੱਡਣ ਲੱਗ ਪਿਆ ਸੀ।

"ਜੇ ਤੇਰਾ ਬਾਪ ਨਹੀਂ ਮੰਨਦਾ ਤਾਂ ਕੋਈ ਗੱਲ ਨਹੀਂ ਅਸੀਂ ਮਰ ਤਾਂ

ਨਹੀਂ ਗਏ। ਤੂੰ ਸਾਨੂੰ ਦੱਸ ਕੀ ਗੱਲ ਏ?" ਭੱਜੀ ਨੇ ਬਿੱਟੂ ਦੇ ਮੋਢੇ 'ਤੇ ਹੱਥ ਰੱਖਦਿਆਂ ਹੋਇਆਂ ਆਖਿਆ।

"ਭਾ ਜੀ, ਮੇਰੀ ਵੱਡੀ ਭੈਣ ਨੂੰ ਸਾਡੇ ਪਿੰਡ ਦੇ ਇਕ ਮੁੰਡੇ ਨੇ ਰਾਹ ਜਾਂਦੀ ਨੂੰ ਛੇੜਿਆ ਪਰ ਮੇਰਾ ਬਾਪ ਉਹੀ ਪੰਡਤਾਂ ਵਾਲੀਆਂ ਗੱਲਾਂ ਕਰੀ ਜਾਂਦਾ ਕਿ ਪਿੰਡ ਵਿਚ ਵੈਰ ਨਹੀਂ ਪਾਉਣਾ ਅਸੀਂ।"

ਗੱਲਾਂ ਕਰਦੇ-ਕਰਦੇ ਬਿੱਟੂ ਦੀਆਂ ਅੱਖਾਂ ਹੰਝੂਆਂ ਨਾਲ ਭਰ ਗਈਆਂ।

"ਕੋਈ ਸਾਡੀ ਭੈਣ ਨੂੰ ਤੰਗ ਕਰੇ ਤੇ ਅਸੀਂ ਚੂੜੀਆਂ ਪਾ ਕੇ ਬੈਠੇ ਰਹੀਏ, ਇਹਦੇ ਨਾਲੋਂ ਤਾਂ ਚੰਗਾ ਖੂਹ ਵਿਚ ਡੁੱਬ ਮਰੋ।" ਸਾਬੀ ਗ਼ੁੱਸੇ ਵਿਚ ਕਚੀਚੀਆਂ ਵੱਟ ਰਿਹਾ ਸੀ।

ਕੁਝ ਪਲਾਂ ਵਿਚ ਹੀ ਕਿਰਪਾਨਾਂ ਗੰਡਾਸੇ ਟਰਾਲੀ ਵਿਚ ਸੁੱਟ ਕੇ ਉਹਨਾਂ ਟਰੈਕਟਰ ਟਰਾਲੀ ਜਗਤਪੁਰ ਜੱਟਾਂ ਦੇ ਰਾਹ ਪਾ ਲਏ।

ਉਹ ਬਿੱਟੂ ਦੀ ਭੈਣ ਨੂੰ ਛੇੜਨ ਵਾਲੇ ਮੁੰਡੇ ਨੂੰ ਉਹਦੇ ਘਰੋਂ ਬਾਹਰ ਕੱਢ ਲਿਆਏ।

ਸਾਰੇ ਪਿੰਡ ਵਿਚ ਸਾਬੀ, ਭੱਜੀ, ਸ਼ਿੰਦਰ ਅਤੇ ਬਿੱਟੂ ਦੇ ਲਲਕਾਰੇ ਅਤੇ ਭੈਣ ਨੂੰ ਛੇੜਨ ਵਾਲੇ ਮੁੰਡੇ ਦੀਆਂ ਚੀਕਾਂ ਗੂੰਜ ਰਹੀਆਂ ਸਨ।

ਜਦ ਕੁੱਟ-ਕੁੱਟ ਕੇ ਉਹ ਮੁੰਡਾ ਅਧਮੋਇਆ ਜਿਹਾ ਕਰ ਦਿੱਤਾ ਤਾਂ ਬਿੱਟੂ ਨੇ ਉਸ ਮੁੰਡੇ ਦੀਆਂ ਲੱਤਾਂ 'ਤੇ ਟਰੈਕਟਰ ਚਾੜ੍ਹ ਦਿੱਤਾ।

ਪੂਰਾ ਪਿੰਡ ਇਕ ਪਾਸੇ ਖੜਾ ਬਿੱਟੂ ਦਾ ਇਹ ਨਵਾਂ ਰੂਪ ਦੇਖ ਰਿਹਾ ਸੀ।

ਸਾਬੀ ਹੁਰਾਂ ਦੇ ਘਰ ਹੀ ਬਿੱਟੂ ਦੀ ਮੁਲਾਕਾਤ 'ਲਾਲੇ' ਨਾਲ ਹੋਈ ਸੀ।

ਹੁਣ ਬਿੱਟੂ ਲਾਲੇ ਦੇ ਗਰੁੱਪ ਦਾ ਇਕ ਜ਼ਿੰਮੇਵਾਰ ਖਾੜਕੂ ਸੀ। ਬਿੱਟੂ ਇੰਨਾ ਕੁ ਦਲੇਰ ਸੀ ਕਿ ਉਹ ਮੌਤ ਨੂੰ ਵੀ ਟਿੱਚਰਾਂ ਕਰਦਾ। ਜਦੋਂ ਸਿੰਘ ਆਪਸ ਵਿਚ ਹਾਸਾ-ਠੱਠਾ ਕਰਦੇ ਉਂਜ ਹੀ ਛੇੜਨ ਦੇ ਮਾਰੇ ਉਸ ਨੂੰ ਕਹਿ ਦਿੰਦੇ:

"ਬਾਹਮਣਾ ਤੂੰ ਕੀ ਮੁਕਾਬਲੇ ਕਰਨੇ ਨੇ ਫੋਰਸਾਂ ਨਾਲ?"

ਤਾਂ ਬਿੱਟੂ ਝੱਟ ਬੋਲਦਾ, "ਜਦੋਂ ਕਦੇ ਹੱਥ ਜੁੜੇ ਫਿਰ ਦੇਖਿਓ ਮੇਰੇ ਹੱਥ, ਮੈਂ ਗੁਰੂ ਦਾ ਲਾਲ ਹਾਂ, ਹੱਸ-ਹੱਸ ਕੇ ਸ਼ਹੀਦ ਹੋਵਾਂਗਾ।"

ਬਿੱਟੂ ਦੇ ਬੋਲ ਸੱਚ ਹੋਣ ਦਾ ਸਮਾਂ ਵੀ ਆਣ ਢੁੱਕਾ। ਪਿੰਡ ਬੀੜ ਬੰਸੀਆਂ ਵਿਚ ਬਿੱਟੂ ਅਤੇ ਬਲਵਿੰਦਰ ਸਿੰਘ ਲੱਡੂ ਨੂੰ ਘੇਰਾ ਪੈ ਗਿਆ।

ਬਲਵਿੰਦਰ ਸਿੰਘ ਲੱਡੂ ਦਾ ਪਿੰਡ ਸੰਗ ਢੇਸੀਆਂ ਸੀ। ਪੁਲਿਸ ਅਤੇ ਫ਼ੌਜ ਨੇ ਰਲ ਕੇ ਆਲੇ-ਦੁਆਲੇ ਦੇ ਕਾਫ਼ੀ ਸਾਰੇ ਪਿੰਡਾਂ ਨੂੰ ਘੇਰ ਲਿਆ ਸੀ। ਬੀੜ ਬੰਸੀਆਂ ਪਿੰਡ ਦੇ ਗੁਰਦੁਆਰੇ ਵਿਚ ਪਿੰਡ ਦੇ ਸਾਰੇ ਮਰਦਾਂ ਨੂੰ ਫ਼ੌਜ ਨੇ ਇਕੱਠਾ ਕਰ ਲਿਆ।

ਬਿੱਟੂ ਅਤੇ ਲੱਡੂ ਇਕ ਕੋਠੀ-ਨੁਮਾ ਘਰ ਵਿਚ ਸਨ। ਪੁਲਿਸ ਦੀ ਪਹਿਲੀ ਫ਼ਾਇਰਿੰਗ ਵਿਚ ਹੀ ਲੱਡੂ ਸ਼ਹੀਦ ਹੋ ਗਿਆ ਅਤੇ ਬਿੱਟੂ ਕੋਲ ਸਿਵਾਏ ਇਕ ਕੱਟੀ ਹੋਈ ਦੁਨਾਲੀ ਤੋਂ ਹੋਰ ਕੋਈ ਹਥਿਆਰ ਨਹੀਂ ਸੀ।

ਅੰਦਰ ਰਹਿ ਕੇ ਮਰਨ ਨਾਲੋਂ ਬਾਹਰ ਲੜ ਕੇ ਸ਼ਹੀਦ ਹੋਣ ਦਾ ਮਨ ਬਣਾ ਲਿਆ ਭਾਈ ਬਿੱਟੂ ਨੇ।

ਕੋਠੀ ਦੇ ਪਿਛਵਾੜੇ ਛਾਲ ਮਾਰ ਕੇ ਉਸ ਨੇ ਇਕ ਫ਼ੌਜੀ ਭਈਆ ਢਾਹ ਲਿਆ। ਉਸ ਦੀ ਐਸ.ਐਲ.ਆਰ. ਖੋਹ ਕੇ ਉਸ ਨੂੰ ਉਥੇ ਹੀ ਚਿੱਤ ਕਰ ਦਿੱਤਾ।

'ਬੋਲੇ ਸੋ ਨਿਹਾਲ' ਦੇ ਜੈਕਾਰੇ ਗੁੰਜਾਉਂਦਾ ਰਣਜੀਤ ਸਿੰਘ ਬਿੱਟੂ ਪਿੰਡੋਂ ਬਾਹਰ ਵੱਲ ਨੂੰ ਹੋ ਤੁਰਿਆ।

ਜਿਹੜਾ ਵੀ ਪੁਲਿਸ ਵਾਲਾ ਜਾਂ ਫ਼ੌਜੀ ਉਸ ਦੇ ਸਾਹਮਣੇ ਆਇਆ, ਬਿੱਟੂ ਦੇ ਮਜ਼ਬੂਤ ਹੱਥਾਂ ਵਿਚ ਫੜੀ ਐਸ.ਐਲ.ਆਰ. ਦੇ ਮੂੰਹ 'ਚੋਂ ਨਿਕਲਦੀ ਅੱਗ ਨੇ ਉਸ ਨੂੰ ਠੰਡਾ ਕਰ ਦਿੱਤਾ। ਐਸ.ਐਲ.ਆਰ. ਉਤਾਂਹ ਨੂੰ ਸੁੱਟ ਕੇ ਬੋਚਦਾ ਬਿੱਟੂ ਜੈਕਾਰੇ ਗਜਾਉਂਦਾ ਜਾ ਰਿਹਾ ਸੀ। ਸਾਰਾ ਪਿੰਡ ਗੁਰਦੁਆਰੇ ਵਿਚ ਬੈਠਾ ਸ਼ੇਰਾਂ ਵਾਂਗ ਬੁੱਕਦੇ ਬਿੱਟੂ ਨੂੰ ਸੁਣ ਰਿਹਾ ਸੀ।

ਪੁਲਿਸ ਅਤੇ ਫ਼ੌਜ ਦੇ ਘੇਰੇ ਤੋੜ ਕੇ ਬਿੱਟੂ ਪਿੰਡੋਂ ਬਾਹਰ ਨਿਕਲ ਗਿਆ।

ਖੇਤਾਂ ਵਿਚ ਬਣੀ ਇਕ ਮੋਟਰ ਦੀ ਕੋਠੀ 'ਤੇ ਕੁਝ ਫ਼ੌਜੀ ਐਲ.ਐਮ.ਜੀ. ਬੀੜੀ ਬੈਠੇ ਸਨ।

ਉਹਨਾਂ ਵੱਲ ਦੇਖਦਿਆਂ ਹੀ ਬਿੱਟੂ ਨੇ ਆਪਣੀ ਬੰਦੂਕ ਦਾ ਮੂੰਹ ਉਹਨਾਂ ਵੱਲ ਖੋਲ੍ਹ ਦਿੱਤਾ।

ਐਸ.ਐਲ.ਆਰ. 'ਚੋਂ ਵਰ੍ਹਦੀ ਅੱਗ ਦੇਖ ਕੇ ਫ਼ੌਜੀ ਉਥੇ ਹੀ ਦੜ ਵੱਟ ਗਏ।

ਬਿੱਟੂ ਸਾਰੇ ਘੇਰੇ ਪਾਰ ਕਰ ਚੁੱਕਾ ਸੀ। ਜਦੋਂ ਉਹ ਮੋਟਰ ਵਾਲੀ ਕੋਠੀ ਤੋਂ ਥੋੜ੍ਹਾ ਕੁ ਅੱਗੇ ਲੰਘ ਗਿਆ ਤਾਂ ਫ਼ੌਜੀਆਂ ਨੇ ਪਿੱਛਿਓਂ ਐਲ.ਐਮ.ਜੀ. ਦਾ ਬਰੱਸਟ ਬਿੱਟੂ ਦੇ ਮਾਰਿਆ।

ਕਿੰਨੀਆਂ ਹੀ ਗੋਲੀਆਂ ਬਿੱਟੂ ਦੇ ਸਰੀਰ 'ਚੋਂ ਆਰ-ਪਾਰ ਹੋ ਗਈਆਂ।

ਅੱਜ ਇਕ ਹੋਰ ਪਤੰਗਾ ਖ਼ਾਲਿਸਤਾਨ ਦੀ ਆਜ਼ਾਦੀ ਦੀ ਸ਼ਮ੍ਹਾ ਤੋਂ ਆਪਣਾ ਆਪ ਕੁਰਬਾਨ ਕਰ ਗਿਆ।

ਭਾਈ ਰਣਜੀਤ ਸਿੰਘ ਢੰਡਵਾੜ ਦੀ ਸ਼ਹੀਦੀ ਤੋਂ ਮਹੀਨਾ ਕੁ ਮਗਰੋਂ ਇਕ ਦਿਨ ਬੱਬੂ ਰਾਜਵੀਰ ਦੇ ਡੇਰੇ 'ਤੇ ਆਣ ਪਹੁੰਚਿਆ।

ਉਹਦੇ ਨਾਲ ਇਕ ਸਿੰਘ ਹੋਰ ਸੀ।

ਇਕ ਦੂਜੇ ਨੂੰ ਜੱਫੀ ਪਾਈ ਬੱਬੂ ਅਤੇ ਰਾਜਵੀਰ ਕੁਝ ਦੇਰ ਖੜੇ ਰਹੇ।

"ਮੈਂ ਤਾਂ ਸੋਚਿਆ ਕਿ ਤੈਨੂੰ ਸਾਡਾ ਚੇਤਾ ਹੀ ਭੁੱਲ ਗਿਆ," ਰਾਜਵੀਰ ਨੇ ਬੱਬੂ 'ਤੇ ਕਿੰਨਾ ਚਿਰ ਨਾ ਮਿਲਣ ਦਾ ਗਿਲਾ ਕੀਤਾ।

"ਤੈਨੂੰ ਸਾਰੇ ਹਾਲਾਤ ਦਾ ਪਤਾ ਹੀ ਹੈ ਯਾਰ," ਬੱਬੂ ਆਪਣੀ ਥਾਂ ਸੱਚਾ ਸੀ। ਕਿੰਨਾ ਹੀ ਚਿਰ ਉਹ ਦੋਵੇਂ ਜਣੇ ਰਣਜੀਤ ਢੰਡਵਾੜ ਦੀਆਂ ਗੱਲਾਂ ਕਰਦੇ ਰਹੇ। ਗੱਲਾਂ-ਗੱਲਾਂ ਵਿਚ ਹੀ ਬੱਬੂ ਨੇ ਆਪਣੇ ਨਾਲ ਆਏ ਸਿੰਘ ਦੀ ਜਾਣ-ਪਛਾਣ ਰਾਜਵੀਰ ਨਾਲ ਕਰਾਈ।

"ਇਹ ਨੇ ਆਪਣੇ ਵੱਡੇ ਭਾਈ ਸਾਹਿਬ ਸਰਦਾਰ ਜੋਗਿੰਦਰ ਸਿੰਘ 'ਮਾਹੀਆ'।"

ਮਾਹੀਏ ਦਾ ਪਿੰਡ ਬੱਬੂ ਵਾਲਾ ਰੁੜਕਾਂ ਕਲਾਂ ਹੀ ਸੀ। ਪਿਛਲੇ ਕਈ ਸਾਲਾਂ ਤੋਂ ਮਾਹੀਆ ਜਥੇਬੰਦੀ ਲਈ ਗੁਪਤ ਰੂਪ ਵਿਚ ਸੇਵਾ ਨਿਭਾ ਰਿਹਾ ਸੀ। ਅਜੇ ਉਹ ਘਰੋਂ ਭਗੌੜਾ ਨਹੀਂ ਸੀ। ਬਹੁਤ ਹੀ ਠੰਡੇ ਸੁਭਾਅ ਦਾ ਮਾਲਕ ਸ਼ਾਦੀ-ਸ਼ੁਦਾ ਅਤੇ ਇਕ ਬੱਚੀ ਦਾ ਬਾਪ ਸੀ।

ਮਾਹੀਏ ਦੀ ਸ਼ਖ਼ਸੀਅਤ ਵਿਚ ਇਕ ਅਨੋਖੀ ਖਿੱਚ ਸੀ। ਪਤਾ ਨਹੀਂ ਕਿਉਂ ਉਸ ਨੂੰ ਮਿਲ ਕੇ ਇੰਜ ਲੱਗਦਾ ਸੀ ਜਿਵੇਂ ਉਹ ਤੁਹਾਨੂੰ ਬੜੇ ਚਿਰਾਂ ਤੋਂ ਜਾਣਦਾ ਹੋਵੇ।

ਹੁਣ ਬੱਬੂ ਅਤੇ ਮਾਹੀਆ ਅਕਸਰ ਹੀ ਰਾਜਵੀਰ ਦੇ ਡੇਰੇ 'ਤੇ ਆ ਜਾਂਦੇ।

ਇਕ ਦਿਨ ਸਿਖਰ ਦੁਪਹਿਰੇ ਉਹਨਾਂ ਦਾ ਸਕੂਟਰ ਆਉਂਦਾ ਨਜ਼ਰੀਂ ਪਿਆ। ਗੇਟ ਲੰਘ ਕੇ ਸਕੂਟਰ ਖੜਾ ਕਰ ਕੇ ਉਹ ਮੰਜਿਆਂ 'ਤੇ ਆਣ ਬੈਠੇ।

ਮਾਹੀਆ ਮੁਸਕੜੀਆਂ ਵਿਚ ਮੁਸਕਰਾ ਰਿਹਾ ਸੀ, ਜਦ ਕਿ ਬੱਬੂ ਆਪਣਾ ਸਿਰ ਹੱਥਾਂ ਵਿਚ ਫੜ ਕੇ ਬਹਿ ਗਿਆ।

"ਕਿਉਂ, ਕੀ ਗੱਲ ਹੋ ਗਈ ? ਬੜਾ ਸਿਰ ਫੜ ਕੇ ਬਹਿ ਗਿਆਂ ?"

ਰਾਜਵੀਰ ਨੇ ਕੋਲ ਆ ਕੇ ਪੁੱਛਿਆ।

"ਅੱਜ ਇਹਦੀ ਕਾਹਲੀ ਕਰਕੇ ਇਕ ਕੰਮ ਅਸਫ਼ਲ ਹੋ ਗਿਆ, ਇਸੇ ਕਰਕੇ ਸਿਰ ਫੜੀ ਬੈਠਾ ਏ।"

ਬੱਬੂ ਤੋਂ ਪਹਿਲਾਂ ਹੀ ਮਾਹੀਏ ਨੇ ਜਵਾਬ ਦਿੱਤਾ।

"ਪਰ ਹੋਇਆ ਕੀ ਏ ?" ਰਾਜਵੀਰ ਨੇ ਪੁੱਛਿਆ।

"ਅੱਜ ਸਵੇਰੇ ਅਸੀਂ ਇਕ ਕੌਮੀ ਦੁਸ਼ਟ ਨੂੰ ਸੋਧਣ ਗਏ ਸੀ, ਉਹ ਕੁਰਸੀ 'ਤੇ ਬੈਠਾ ਅਖ਼ਬਾਰ ਪੜ੍ਹ ਰਿਹਾ ਸੀ। ਮੈਂ ਬੱਬੂ ਨੂੰ ਕਿਹਾ ਕਿ ਪਿਸਤੌਲ ਆਪਣੇ ਕੋਲ ਹੈਗਾ ਏ, ਕੋਲ ਜਾ ਕੇ ਬੜੀ ਤਸੱਲੀ ਨਾਲ ਮੈਂ ਇਹਦਾ ਕੰਮ ਕਰ ਸਕਦੇ ਹਾਂ, ਪਰ ਇਹ ਕਹਿੰਦਾ ਕਿ ਨਹੀਂ, ਇਸ ਦੋਖੀ ਨੂੰ ਤਾਂ ਏ.ਕੇ. 56 ਨਾਲ ਹੀ ਪਾਰ ਬੁਲਾਉਣਾ ਹੈ। ਜਦ ਇਹ ਗੰਨ ਕੱਢ ਕੇ ਉਹਦੇ ਵੱਲ ਨੂੰ ਹੋਇਆ ਤਾਂ ਉਹ ਇਹਨੂੰ ਦੇਖਦਿਆਂ ਹੀ ਕੰਧ ਟੱਪ ਕੇ ਦੌੜ ਚੁੱਕਾ ਸੀ।"

ਮਾਹੀਏ ਨੇ ਇਕੋ ਸਾਹ ਵਿਚ ਹੀ ਸਾਰੀ ਵਿਥਿਆ ਬਿਆਨ ਕਰ ਦਿੱਤੀ।

"ਅੱਜ ਤੋਂ ਬਾਅਦ ਜਿਸ ਤਰ੍ਹਾਂ ਵੀ ਤੂੰ ਕਹੇਂਗਾ, ਮੈਂ ਉਸੇ ਤਰ੍ਹਾਂ ਹੀ ਕਰਾਂਗਾ।" ਬੱਬੂ ਮਾਹੀਏ ਦੀ ਗੱਲ ਨਾ ਮੰਨ ਕੇ ਪਛਤਾ ਰਿਹਾ ਸੀ।

"ਚੱਲ ਕੋਈ ਗੱਲ ਨਹੀਂ, ਤੂੰ ਐਵੇਂ ਬਾਹਲਾ ਪਛਤਾਵਾ ਜਿਹਾ ਨਾ ਕਰੀ ਜਾ। ਅੰਤ ਨੂੰ ਉਹੀ ਹੁੰਦਾ ਜੋ ਅਕਾਲ ਪੁਰਖ ਨੂੰ ਮਨਜ਼ੂਰ ਹੋਵੇ।" ਮਾਹੀਏ ਨੇ ਬੱਬੂ ਦੀ ਅਸਫ਼ਲਤਾ ਨੂੰ ਵਾਹਿਗੁਰੂ ਦਾ ਭਾਣਾ ਮੰਨ ਲਿਆ ਸੀ।

ਪੰਜਾਬ ਵਿਚ ਹੋਈਆਂ ਅਖੌਤੀ ਚੋਣਾਂ ਮਗਰੋਂ ਦਸ ਪ੍ਰਤੀਸ਼ਤ ਵੋਟਾਂ ਨਾਲ ਬਣੀ ਹੋਈ ਕਾਂਗਰਸ ਦੀ ਸਰਕਾਰ ਸਥਾਪਤ ਹੋ ਚੁੱਕੀ ਸੀ।

ਬੇਅੰਤ ਸਿਹੁੰ ਅਤੇ ਕੇ.ਪੀ.ਐੱਸ. ਗਿੱਲ ਦੀ ਜੋੜੀ ਨੇ ਪੁਲਿਸ ਨੂੰ ਅੰਨ੍ਹੇ ਅਖ਼ਤਿਆਰ ਦੇ ਦਿੱਤੇ ਸਨ।

ਹਰ ਰੋਜ਼ ਹੀ ਸੈਂਕੜਿਆਂ ਦੀ ਗਿਣਤੀ ਵਿਚ ਸਿੱਖ ਨੌਜਵਾਨ ਝੂਠੇ ਪੁਲਿਸ ਮੁਕਾਬਲਿਆਂ ਵਿਚ ਸ਼ਹੀਦ ਕੀਤੇ ਜਾ ਰਹੇ ਸਨ।

ਪੁਲਿਸ ਅਤੇ ਫ਼ੌਜ ਦੇ ਖ਼ੌਫ਼ ਤੋਂ ਮਾਪੇ ਆਪਣੇ ਪੁੱਤਰਾਂ ਨੂੰ ਬਾਹਰਲੇ ਮੁਲਕਾਂ ਵਿਚ ਭੇਜ ਰਹੇ ਸਨ।

ਬਾਹਰਲੇ ਮੁਲਕਾਂ ਨੂੰ ਭੇਜਣ ਵਾਲੇ ਏਜੰਟ ਗ਼ੈਰ-ਕਾਨੂੰਨੀ ਤਰੀਕੇ ਨਾਲ ਗੱਭਰੂਆਂ ਨੂੰ ਯੂਰਪੀਅਨ ਦੇਸ਼ਾਂ ਵਿਚ ਭੇਜਣ ਲਈ ਲੱਖਾਂ ਰੁਪਏ ਬਟੋਰ

ਰਹੇ ਸਨ।

ਜੱਟ ਜ਼ਿਮੀਂਦਾਰ ਜੋ ਜ਼ਮੀਨ ਨੂੰ ਆਪਣੀ ਮਾਂ ਸਮਝਦੇ ਸਨ, ਉਹ ਵੀ ਜ਼ਮੀਨਾਂ ਵੇਚ-ਵੇਚ ਆਪਣੇ ਪੁੱਤਰਾਂ ਦੀਆਂ ਜਾਨਾਂ ਬਚਾਉਣ ਲਈ ਏਜੰਟਾਂ ਨੂੰ ਮੂੰਹ-ਮੰਗੇ ਪੈਸੇ ਦੇ ਰਹੇ ਸਨ। ਕਾਲਜ ਵਿਚ ਫ਼ੈਡਰੇਸ਼ਨ ਦੇ ਸਿੰਘਾਂ ਵਿਚੋਂ ਵੀ ਬਹੁਤਿਆਂ ਨੇ ਆਪਣੇ ਪਾਸਪੋਰਟ ਏਜੰਟਾਂ ਨੂੰ ਦੇ ਦਿੱਤੇ ਸਨ।

ਕੁਝ ਦਿਨਾਂ ਵਿਚ ਹੀ ਸੈਦੋਵਾਲੀਆ ਬੱਲੀ, ਰਵਿੰਦਰ, ਜਗਤਾਰ ਸਿੰਘ ਤਾਰਾ ਅਤੇ ਬਿਕਰਮਜੀਤ ਸਿੰਘ ਬਿੱਕਰ ਯੂਰਪ ਨੂੰ ਉਡਾਰੀਆਂ ਮਾਰ ਗਏ।

ਫ਼ੈਡਰੇਸ਼ਨ ਦੇ ਬਾਕੀ ਸਿੰਘਾਂ ਨੇ ਵੀ ਕਾਲਜ ਆਉਣਾ ਘੱਟ ਕਰ ਦਿੱਤਾ ਸੀ।

ਇਹਨਾਂ ਦਿਨਾਂ ਵਿਚ ਹੀ ਜਦ ਪੁਲਿਸ ਦੀ ਸਖ਼ਤੀ ਬਹੁਤ ਵਧ ਗਈ ਸੀ ਤਾਂ ਇਕ ਦਿਨ ਦੀਪਾ (ਹੇਰਾਂ) ਅਤੇ ਮਾਹੀਆ ਸਮਰਾਵਾਂ ਪਿੰਡ ਦੇ ਕੋਲ ਇਕ ਕੱਚੇ ਰਾਹ 'ਤੇ ਸਕੂਟਰ 'ਤੇ ਜਾ ਰਹੇ ਸਨ ਕਿ ਅਚਾਨਕ ਹੀ ਰੁੱਖਾਂ ਦੇ ਝੁੰਡ ਦੇ ਪਿੱਛਿਉਂ ਪੁਲਿਸ ਦੀ ਜਿਪਸੀ ਨਿਕਲ ਆਈ।

ਭਾਈ ਗੁਰਦੀਪ ਸਿੰਘ ਦੀਪਾ (ਹੇਰਾਂ) ਸਕੂਟਰ ਚਲਾ ਰਿਹਾ ਸੀ ਅਤੇ ਮਾਹੀਆ ਸਕੂਟਰ ਦੇ ਪਿੱਛੇ ਏ.ਕੇ. 56 ਲੈ ਕੇ ਬੈਠਾ ਸੀ। ਦੂਜੀ ਅਸਾਲਟ ਸਕੂਟਰ ਦੇ ਮੈਟ ਦੇ ਥੱਲੇ ਰੱਖੀ ਹੋਈ ਸੀ।

ਪੁਲਿਸ ਵਾਲਿਆਂ ਨੇ ਉਹਨਾਂ ਨੂੰ ਦੇਖਦਿਆਂ ਹੀ ਐਲ.ਐਮ.ਜੀ. ਜੋ ਕਿ ਜਿਪਸੀ ਦੇ ਉਪਰ ਬੀੜੀ ਹੋਈ ਸੀ, ਦਾ ਬਰੱਸਟ ਮਾਰਿਆ। ਕੁਝ ਗੋਲੀਆਂ ਸਕੂਟਰ ਵਿਚ ਲੱਗੀਆਂ, ਇਕ ਗੋਲੀ ਦੀਪੇ ਦੀ ਲੱਤ ਵਿਚ ਲੱਗ ਗਈ।

ਉਹ ਸਕੂਟਰ ਸਣੇ ਉਥੇ ਹੀ ਡਿੱਗ ਪਿਆ ਪਰ ਮਹੀਏ ਦਾ ਬਚਾਅ ਹੋ ਗਿਆ ਸੀ।

ਮਾਹੀਏ ਨੇ ਆਪਣੀ ਏ.ਕੇ. 56 ਦਾ ਮੂੰਹ ਜਿਪਸੀ ਵੱਲ ਖੋਲ੍ਹ ਦਿੱਤਾ।

ਬੁਲੇਟ ਪਰੂਫ਼ ਜਿਪਸੀ ਨੂੰ ਤਾਂ ਕੁਝ ਫ਼ਰਕ ਨਹੀਂ ਪਿਆ ਪਰ ਜਿਹੜਾ ਸਿਪਾਹੀ ਐਲ.ਐਮ.ਜੀ. ਚਲਾ ਰਿਹਾ ਸੀ, ਉਹ ਅਗਲੇ ਜਹਾਨ ਨੂੰ ਕੂਚ ਜ਼ਰੂਰ ਕਰ ਗਿਆ। ਏ.ਕੇ. 56 ਦੀਆਂ ਗੋਲੀਆਂ ਨੇ ਉਹਦੇ ਸਿਰ ਵਿਚ ਕਈ ਸੁਰਾਖ਼ ਕਰ ਦਿੱਤੇ ਸਨ।

ਮਾਹੀਏ ਨੇ ਇਕ ਪਾਸੇ ਨੂੰ ਦੌੜਨਾ ਸ਼ੁਰੂ ਕਰ ਦਿੱਤਾ। ਪੁਲਿਸ ਨੇ ਸੋਚਿਆ ਕਿ ਇਕ ਜਣਾ ਤਾਂ ਮਾਰਿਆ ਹੀ ਗਿਆ ਏ, ਸੋ ਉਹਨਾਂ ਜਿਪਸੀ

ਮਾਹੀਏ ਦੇ ਮਗਰ ਲਾ ਲਈ ਅਤੇ ਵਾਇਰਲੈੱਸ ਕਰ ਕੇ ਹੋਰ ਫ਼ੋਰਸ ਵੀ ਮੰਗਵਾ ਲਈ।

ਮਾਹੀਆ ਹੌਲੀ-ਹੌਲੀ ਫ਼ਾਇਰ ਕਰਦਾ ਦੌੜਿਆ ਜਾ ਰਿਹਾ ਸੀ ਕਿ ਦੂਸਰੇ ਪਾਸਿਓਂ ਵੀ ਪੁਲਿਸ ਦੀਆਂ ਕਈ ਗੱਡੀਆਂ ਆ ਗਈਆਂ। ਮਾਹੀਆ ਵਿਚਕਾਰ ਘਿਰ ਚੁੱਕਾ ਸੀ ਅਤੇ ਏ.ਕੇ. 56 ਨੇ ਵੀ ਚੱਲਣੋਂ ਜਵਾਬ ਦੇ ਦਿੱਤਾ ਸੀ ਕਿਉਂਕਿ ਮੈਗਜ਼ੀਨ ਵਿਚ ਗੋਲੀਆਂ ਖ਼ਤਮ ਹੋ ਗਈਆਂ ਸਨ ਅਤੇ ਗੋਲੀਆਂ ਵਾਲੀ ਝੋਲੀ ਤਾਂ ਦੀਪੇ ਦੇ ਗਲ ਪਈ ਹੀ ਰਹਿ ਗਈ ਸੀ। ਸਾਈਨਾਈਡ ਵਾਲਾ ਕੈਪਸੂਲ ਵੀ ਉਹ ਬੱਬੂ ਕੋਲ ਛੱਡ ਆਇਆ ਸੀ।

ਚਾਰੇ ਪਾਸਿਆਂ ਤੋਂ ਘੇਰਾ ਪਾ ਕੇ ਪੁਲਿਸ ਨੇ ਮਾਹੀਏ ਨੂੰ ਫੜ ਲਿਆ।

ਉਧਰ ਜਦ ਦੀਪੇ ਨੇ ਦੇਖਿਆ ਕਿ ਜਿਪਸੀ ਮਾਹੀਏ ਦੇ ਮਗਰ ਚਲੀ ਗਈ ਹੈ ਤਾਂ ਉਸ ਆਪਣੀ ਜ਼ਖ਼ਮੀ ਲੱਤ ਨੂੰ ਸੰਭਾਲਦਾ ਹੋਇਆ ਲਾਗਲੇ ਪਿੰਡ ਸਰਹਾਲੀ ਪਹੁੰਚ ਗਿਆ। ਰਾਤ ਦਾ ਹਨੇਰਾ ਵੀ ਚਾਰੇ ਪਾਸੇ ਪੱਸਰ ਚੁੱਕਾ ਸੀ।

ਸਰਹਾਲੀ ਪਿੰਡ ਤੋਂ ਉਸੇ ਰਾਤ ਹੀ ਸ਼ਹੀਦ ਭਾਈ ਬਲਜੀਤ ਸਿੰਘ ਸਰਹਾਲੀ ਦੇ ਬਜ਼ੁਰਗ ਬਾਪ ਨੇ ਭਾਈ ਦੀਪੇ ਨੂੰ ਉਸ ਦੀ ਸੁਰੱਖਿਅਤ ਠਾਹਰ 'ਤੇ ਪਹੁੰਚਾ ਦਿੱਤਾ।

ਪੁਲਿਸ ਨੇ ਮਾਹੀਏ ਨੂੰ ਫੜਨ ਤੋਂ ਬਾਅਦ ਉਸ ਉਤੇ ਘੋਰ ਤਸ਼ੱਦਦ ਕੀਤਾ ਅਤੇ ਫਿਰ ਕੁਝ ਦਿਨਾਂ ਬਾਅਦ ਉਸ ਨੂੰ ਝੂਠਾ ਪੁਲਿਸ ਮੁਕਾਬਲਾ ਦਿਖਾ ਕੇ ਸਿਰ 'ਤੇ ਐਸ.ਐਲ.ਆਰ. ਲਾ ਕੇ ਗੋਲੀ ਮਾਰ ਕੇ ਸ਼ਹੀਦ ਕਰ ਦਿੱਤਾ।

ਮਾਹੀਏ ਦੇ ਸ਼ਹੀਦ ਹੋਣ ਤੋਂ ਹਫ਼ਤੇ ਕੁ ਮਗਰੋਂ ਹੀ ਮਨਜਿੰਦਰ ਸਿੰਘ ਬੱਬੂ ਅਤੇ ਹਰਮਿੰਦਰ ਸਿੰਘ ਲਾਲਾ ਉਰਫ਼ ਚਾਚਾ ਪਾਂਸਲੇ ਪਿੰਡ ਕੋਲ ਪੁਲਿਸ ਦੇ ਘੇਰੇ ਵਿਚ ਆ ਗਏ।

ਰਾਹ ਦੇ ਹਨੇਰੇ ਵਿਚ ਉਹ ਦੋਨੋਂ ਜਦੋਂ ਖੇਤਾਂ ਵਿਚ ਦੀ ਤੁਰੇ ਜਾ ਰਹੇ ਸਨ ਕਿ ਅਚਾਨਕ ਹੀ ਇਕ ਪਾਸਿਓਂ ਕਈ ਬੰਦੂਕਾਂ ਗਰਜੀਆਂ। ਜਿਹਨਾਂ ਵਿਚੋਂ ਨਿਕਲੀਆਂ ਕਈ ਗੋਲੀਆਂ ਹਰਮਿੰਦਰ ਸਿੰਘ ਲਾਲੇ ਦੇ ਆ ਵੱਜੀਆਂ। ਉਹ ਥਾਂ 'ਤੇ ਹੀ ਡਿੱਗ ਪਿਆ।

ਜਿਸ ਪਾਸਿਓਂ ਗੋਲੀਆਂ ਚੱਲੀਆਂ ਸਨ, ਬੱਬੂ ਨੇ ਇਕ ਵੱਟ ਦੀ ਓਟ ਲੈ ਕੇ ਆਪਣੀ ਏ.ਕੇ. 56 ਦਾ ਮੂੰਹ ਖੋਲ੍ਹ ਦਿੱਤਾ। ਏ.ਕੇ. 56 ਤੋਂ ਨਿਕਲਦੀ ਖ਼ੌਫ਼ਨਾਕ ਅੱਗ ਨੇ ਕੁਝ ਦੇਰ ਲਈ ਪੁਲਿਸ ਵਾਲਿਆਂ ਨੂੰ ਚੁੱਪ ਕਰਵਾ

ਦਿੱਤਾ।

ਪਰ ਕੁਝ ਦੇਰ ਰੁਕ ਕੇ ਫਿਰ ਫ਼ਾਇਰਿੰਗ ਸ਼ੁਰੂ ਹੋ ਗਈ। ਹੁਣ ਲਾਲਾ ਤੇ ਬੱਬੂ ਇਕ ਵੱਟ ਦੀ ਓਟ ਵਿਚ ਸਨ। ਲਾਲਾ ਸਖ਼ਤ ਰੂਪ ਵਿਚ ਜ਼ਖ਼ਮੀ ਹੋ ਚੁੱਕਾ ਸੀ।

ਜਦ ਦਸ ਕੁ ਮਿੰਟ ਫ਼ਾਇਰਿੰਗ ਨਾ ਰੁਕੀ ਤਾਂ ਬੱਬੂ ਨੇ ਪੂਰੇ ਜ਼ੋਰ ਨਾਲ ਗਰਨੇਡ ਘੁਮਾ ਕੇ ਮਾਰਿਆ।

ਪੁਲਿਸ ਵਾਲੇ ਪਾਸੇ ਚੀਕਾਂ ਦਾ ਸ਼ੋਰ ਬੱਬੂ ਅਤੇ ਲਾਲੇ ਨੂੰ ਸੁਣ ਰਿਹਾ ਸੀ।

"ਅਰੇ ਭਾਗੋ ਰੇ, ਮਾਰ ਡਾਲਾ ਰੇ ਇਨ ਸਾਲੇ ਉਗਰਵਾਦੀਉਂ ਨੇ।"

ਸੀ.ਆਰ.ਪੀ. ਵਾਲੇ ਕਈ ਭਈਏ ਫ਼ੌਜੀ ਜ਼ਖ਼ਮੀ ਹੋਏ ਚੀਕਾਂ ਮਾਰ ਰਹੇ ਸਨ।

ਗਰਨੇਡ ਸੁੱਟਣ ਤੋਂ ਮਗਰੋਂ ਫ਼ੌਜ ਵੱਲੋਂ ਫ਼ਾਇਰਿੰਗ ਬੰਦ ਹੋ ਗਈ।

ਬੱਬੂ ਕੁਝ ਮਿੰਟ ਹੋਰ ਵੱਟ ਦੇ ਓਹਲੇ ਪਿਆ ਰਿਹਾ। ਜਦ ਪੁਲਿਸ ਵਾਲਿਆਂ ਵੱਲੋਂ ਕੋਈ ਹਲਚਲ ਨਾ ਹੋਈ ਤਾਂ ਬੱਬੂ ਨੇ ਸਹਾਰਾ ਦੇ ਕੇ ਲਾਲੇ ਨੂੰ ਖੜਾ ਕਰ ਲਿਆ ਅਤੇ ਮੋਢੇ ਦਾ ਸਹਾਰਾ ਦੇ ਕੇ ਨਾਲ ਤੋਰ ਲਿਆ।

ਕੁਝ ਦੂਰੀ 'ਤੇ ਜਾ ਕੇ ਲਾਲਾ ਫੇਰ ਡਿੱਗ ਪਿਆ। ਲਾਲੇ ਦੀ ਡਿੱਗ ਰਹੀ ਹਾਲਤ ਨੂੰ ਦੇਖ ਕੇ ਬੱਬੂ ਨੇ ਉਸ ਨੂੰ ਉਥੇ ਹੀ ਲੰਮਾ ਪਾ ਦਿੱਤਾ ਅਤੇ ਹੌਲੀ ਦੇਣੀ ਬੋਲਿਆ:

"ਚਾਚਾ, ਤੂੰ ਇਥੇ ਕੁਝ ਚਿਰ ਲੰਮਾ ਪੈ, ਮੈਂ ਲਾਗਲੇ ਖੂਹ ਤੋਂ ਕੁਝ ਬੰਦਿਆਂ ਨੂੰ ਲੈ ਕੇ ਆਉਨਾਂ।"

ਲਾਲੇ ਨੂੰ ਲੰਮਾ ਪਾ ਕੇ ਬੱਬੂ ਨਾਲ ਵਾਲੇ ਖੂਹ ਵੱਲ ਦੌੜਿਆ। ਜਦ ਉਹ ਖੂਹ 'ਤੇ ਪਹੁੰਚਿਆ ਤਾਂ ਘਰ ਵਾਲੇ ਅੰਦਰ ਲੁਕੇ ਬੈਠੇ ਸਨ।

"ਬੂਹਾ ਖੋਲ੍ਹੋ, ਛੇਤੀ ਬੂਹਾ ਖੋਲ੍ਹੋ," ਬੱਬੂ ਚੀਕਿਆ।

ਘਰ ਵਾਲੇ ਜਦ ਬੂਹਾ ਖੋਲ੍ਹ ਕੇ ਬਾਹਰ ਆਏ ਤਾਂ ਬੱਬੂ ਨੇ ਉਹਨਾਂ ਨੂੰ ਨਾਲ ਚੱਲ ਕੇ ਲਾਲੇ ਨੂੰ ਚੁੱਕ ਕੇ ਲਿਆਉਣ ਲਈ ਕਿਹਾ।

ਬੱਬੂ ਦੀ ਗੱਲ ਸੁਣ ਕੇ ਘਰ ਦਾ ਬਜ਼ੁਰਗ ਬੋਲਿਆ, "ਜਵਾਨਾ, ਜੇ ਤੂੰ ਆਪਣੀ ਜਾਨ ਬਚਾ ਕੇ ਨਿਕਲ ਸਕਦਾ ਹੈਂ ਤਾਂ ਨਿਕਲ ਜਾ, ਘੇਰਾ ਬਹੁਤ ਸਖ਼ਤ ਪੈ ਚੁੱਕਾ ਏ, ਨਾਲੇ ਸਾਨੂੰ ਕਬੀਲਦਾਰਾਂ ਨੂੰ ਵਰ੍ਹਦੀਆਂ ਗੋਲੀਆਂ ਵਿਚ ਕਿਉਂ ਮੌਤ ਦੇ ਮੂੰਹ ਵਿਚ ਧੱਕਣਾ ਚਾਹੁੰਦਾ ਏਂ।"

"ਬਜ਼ੁਰਗੋ, ਅਸੀਂ ਵੀ ਤੁਹਾਡੇ ਕੌਮੀ ਘਰ ਦੀ ਖ਼ਾਤਰ ਹੀ ਗੋਲੀਆਂ

ਖਾ ਰਹੇ ਹਾਂ। ਬੇਗ਼ੈਰਤਾਂ ਵਾਂਗੂੰ ਜੀਣ ਨਾਲੋਂ ਅਸੀਂ ਅਣਖ ਦੀ ਮੌਤੇ ਕਰਨਾ ਜ਼ਿਆਦਾ ਪਸੰਦ ਕਰਦੇ ਹਾਂ। ਇਹੀ ਸਾਡੇ ਗੁਰੂ ਦਾ ਹੁਕਮ ਹੈ।"

ਏਨੀ ਗੱਲ ਆਖ ਕੇ ਬੱਬੂ ਫੇਰ ਲਾਲੇ ਦੇ ਕੰਨੀਂ ਦੌੜਿਆ।

ਜਦੋਂ ਉਹ ਲਾਲੇ ਦੇ ਕੋਲ ਪਹੁੰਚਿਆ ਤਾਂ ਲਾਲਾ ਚੜ੍ਹਾਈ ਕਰ ਚੁੱਕਾ ਸੀ। ਲਾਲੇ ਦੀ ਲਾਸ਼ ਨੂੰ ਬੱਬੂ ਕੇ ਆਪਣੇ ਸੀਨੇ ਨਾਲ ਲਾ ਲਿਆ।

"ਚਾਚਾ, ਮੇਰੀ ਉਡੀਕ ਤਾਂ ਕਰ ਲੈਂਦਾ," ਆਖ ਕੇ ਬੱਬੂ ਧਾਹਾਂ ਮਾਰ ਕੇ ਰੋ ਪਿਆ। ਲਾਲੇ ਦੀ ਲਾਸ਼ ਨੂੰ ਉਥੇ ਹੀ ਲੰਮਾ ਪਾ ਕੇ ਅਤੇ ਲਾਲੇ ਦੇ ਮੱਥੇ ਨੂੰ ਚੁੰਮ ਕੇ ਬੱਬੂ ਫੇਰ ਨਹਿਰ ਵੱਲ ਨੂੰ ਦੌੜਿਆ। ਏ.ਕੇ. 56 ਦੇ ਫ਼ਾਇਰ ਕਰਦਾ-ਕਰਦਾ ਪਾਂਸਲੇ ਵਾਲੀ ਨਹਿਰ ਪਾਰ ਕਰ ਗਿਆ। ਰਾਤ ਦੇ ਹਨੇਰੇ ਵਿਚ ਉਹ ਪੁਲਿਸ ਦਾ ਘੇਰਾ ਤੋੜ ਕੇ ਨਿਕਲ ਤੁਰਿਆ।

✶

ਕਾਂਡ 10

ਮਾਹੀਏ ਦੇ ਫੜੇ ਜਾਣ ਤੇ ਫਿਰ ਝੂਠੇ ਪੁਲਿਸ ਮੁਕਾਬਲੇ ਵਿਚ ਸ਼ਹੀਦ ਕਰਨ ਅਤੇ ਹਰਮਿੰਦਰ ਸਿੰਘ ਲਾਲੇ ਦੀ ਸ਼ਹੀਦੀ ਦੀ ਖ਼ਬਰ ਨੇ ਸਾਰੀ ਜਥੇਬੰਦੀ ਦੇ ਸਿੰਘਾਂ ਨੂੰ ਸੁੰਨ ਕਰ ਦਿੱਤਾ।

ਮਾਹੀਏ ਅਤੇ ਲਾਲੇ ਵਰਗੇ ਖਾੜਕੂ ਕਿਤੇ ਹਜ਼ਾਰਾਂ ਵਿਚ ਕੁਝ ਹੀ ਹੁੰਦੇ ਨੇ। ਉਹਨਾਂ ਦੀ ਸ਼ਹਾਦਤ ਨਾਲ ਜਥੇਬੰਦੀ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਸੀ।

ਮਾਹੀਏ ਅਤੇ ਲਾਲੇ ਦੀ ਬੇਵਕਤੀ ਸ਼ਹੀਦੀ ਨਾਲ ਬੱਬੂ ਬੁਰੀ ਤਰ੍ਹਾਂ ਟੁੱਟ ਗਿਆ।

ਲਾਲੇ ਦੀ ਸ਼ਹੀਦੀ ਤੋਂ ਦੋ ਦਿਨ ਬਾਅਦ ਹੀ ਬੱਬੂ ਰਾਜਵੀਰ ਦੇ ਡੇਰੇ 'ਤੇ ਪਹੁੰਚ ਗਿਆ।

ਕਈ ਦਿਨ ਉਸ ਨੇ ਚੱਜ ਨਾਲ ਰੋਟੀ ਵੀ ਨਾ ਖਾਧੀ। ਮਾਹੀਏ ਅਤੇ ਲਾਲੇ ਨਾਲ ਬਿਤਾਏ ਪਲ ਯਾਦ ਕਰ ਕੇ ਉਹ ਭੁੱਬੀਂ ਰੋ ਪੈਂਦਾ।

ਰਾਜਵੀਰ ਅਤੇ ਉਸ ਦਾ ਪਰਿਵਾਰ ਮਸੀਂ ਮਿੰਨਤਾਂ ਨਾਲ ਉਸ ਨੂੰ ਕੁਝ ਖਾਣ ਲਈ ਮਜਬੂਰ ਕਰਦੇ।

ਰਾਜਵੀਰ ਦੀ ਮਾਤਾ ਬੱਬੂ ਨੂੰ ਬੁੱਕਲ ਵਿਚ ਲੈ ਕੇ ਆਪ ਵੀ ਮਾਹੀਏ ਨੂੰ ਚੇਤੇ ਕਰ ਕੇ ਧਾਹੀਂ ਰੋ ਪੈਂਦੀ। ਮਾਹੀਏ ਅਤੇ ਬੱਬੂ ਨੂੰ ਉਹ ਰਾਜਵੀਰ ਵਾਂਗ ਆਪਣੇ ਪੁੱਤ ਹੀ ਸਮਝਦੀ ਸੀ।

ਸਮਾਂ ਸਾਰੇ ਦੁੱਖਾਂ ਦਾ ਦਾਰੂ ਹੈ, ਹੌਲੀ-ਹੌਲੀ ਸਾਰੇ ਜ਼ਖ਼ਮ ਭਰ ਦਿੰਦਾ ਹੈ।

ਕੁਝ ਸਮੇਂ ਬਾਅਦ ਬੱਬੂ ਵੀ ਸੰਭਲ ਗਿਆ। ਜਦ ਉਹ ਰਾਜਵੀਰ ਹੁਰਾਂ ਕੋਲ ਜਾਣ ਲੱਗਾ ਤਾਂ ਰਾਜਵੀਰ ਦੀ ਮਾਤਾ ਨੇ ਉਸ ਨੂੰ 'ਕੱਲੇ ਨੂੰ ਨਾ ਜਾਣ ਦਿੱਤਾ ਸਗੋਂ ਰਾਜਵੀਰ ਨੂੰ ਵੀ ਉਹਦੇ ਨਾਲ ਤੋਰ ਦਿੱਤਾ। ਰਾਜਵੀਰ ਅਤੇ ਬੱਬੂ ਕੁਝ ਦਿਨਾਂ ਵਿਚ ਹੀ ਭਾਈ ਗੁਰਦੀਪ ਸਿੰਘ ਦੀਪਾ (ਹੇਰਾਂ) ਹੁਰਾਂ ਕੋਲ ਪਹੁੰਚ ਗਏ।

ਦੀਪਾ ਅਤੇ ਪ੍ਰਧਾਨ ਕਾਫ਼ੀ ਦਿਨਾਂ ਤੋਂ ਬੱਬੂ ਬਾਰੇ ਫ਼ਿਕਰਮੰਦ ਸਨ। ਬੱਬੂ ਨੂੰ ਸਹੀ-ਸਲਾਮਤ ਦੇਖ ਕੇ ਉਹਨਾਂ ਦੀ ਪਰੇਸ਼ਾਨੀ ਦੂਰ ਹੋ ਗਈ।

ਰਾਜਵੀਰ ਨੂੰ ਵੀ ਉਹ ਪਿਛਲੇ ਕਈ ਸਾਲਾਂ ਤੋਂ ਜਾਣਦੇ ਸਨ। ਸਾਰੇ ਸਿੰਘ ਇਕ-ਦੂਜੇ ਨੂੰ ਗਲਵਕੜੀਆਂ ਪਾ ਕੇ ਮਿਲੇ।

ਪ੍ਰਧਾਨ ਨੇ ਲਾਲੇ ਅਤੇ ਮਾਹੀਏ ਨੂੰ ਆਪਣੇ ਚਰਨਾਂ ਵਿਚ ਨਿਵਾਸ ਦੇਣ ਲਈ ਅਕਾਲ ਪੁਰਖ ਦੇ ਚਰਨਾਂ ਵਿਚ ਅਰਦਾਸ ਕੀਤੀ।

ਫਿਰ ਸਾਰਿਆਂ ਨੇ ਰਲ ਕੇ ਰੋਟੀ ਖਾਧੀ।

ਰੋਟੀ ਖਾਣ ਤੋਂ ਬਾਅਦ ਦੀਪੇ ਨੇ ਉਹਨਾਂ ਸਾਰੇ ਹਾਲਾਤ ਬਾਰੇ ਦੱਸਿਆ ਕਿ ਕਿਸ ਤਰ੍ਹਾਂ ਸ਼ਾਮ ਦੇ ਘੁਸਮੁਸੇ ਜਿਹੇ ਵਿਚ ਅਚਾਨਕ ਹੀ ਪੁਲਿਸ ਦੀ ਜਿਪਸੀ ਨਾਲ ਟਾਕਰਾ ਹੋ ਗਿਆ, ਕਿਸ ਤਰ੍ਹਾਂ ਮਾਹੀਆ ਇਕ ਪਾਸੇ ਨੂੰ ਦੌੜਿਆ ਅਤੇ ਆਪ ਉਹ ਕਿਨ੍ਹਾਂ ਹਾਲਤਾਂ ਵਿਚ ਉਥੋਂ ਨਿਕਲਿਆ। ਭਾਈ ਦੀਪੇ ਤੋਂ ਬਾਅਦ ਬੱਬੂ ਨੇ ਲਾਲੇ ਦੀ ਸ਼ਹੀਦੀ ਦਾ ਸਾਰਾ ਵਿਸਥਾਰ ਸੁਣਾਇਆ।

ਦੋ ਸਿੰਘਾਂ ਦੀ ਸ਼ਹੀਦੀ ਨੇ ਭਾਈ ਦੀਪੇ ਨੂੰ ਗੰਭੀਰ ਸੋਚਾਂ ਵਿਚ ਪਾ ਦਿੱਤਾ। ਕੁਝ ਦੇਰ ਸੋਚਣ ਤੋਂ ਬਾਅਦ ਭਾਈ ਦੀਪਾ ਬੋਲਿਆ, "ਪੁਲਿਸ ਦੀ ਵਧਦੀ ਸਖ਼ਤੀ ਕਾਰਨ ਸਾਨੂੰ ਕੁਝ ਦੇਰ ਪੰਜਾਬ ਤੋਂ ਬਾਹਰ ਨਿਕਲ ਜਾਣਾ ਚਾਹੀਦਾ ਹੈ। ਗੁਰੀਲਾ ਲੜਾਈ ਦੇ ਅਸੂਲਾਂ ਮੁਤਾਬਿਕ ਜਦੋਂ ਦੁਸ਼ਮਣ ਥੋੜ੍ਹਾ ਅਵੇਸਲਾ ਹੋ ਜਾਵੇਗਾ, ਅਸੀਂ ਉਦੋਂ ਉਸ ਉੱਤੇ ਵਾਰ ਕਰਾਂਗੇ।"

ਦੀਪੇ ਦੀ ਸਲਾਹ ਨਾਲ ਸਾਰੇ ਸਿੰਘ ਸਹਿਮਤ ਸਨ।

ਕੁਝ ਦਿਨ ਭਾਈ ਦੀਪੇ ਹੁਰਾਂ ਨਾਲ ਬਿਤਾਉਣ ਤੋਂ ਬਾਅਦ ਰਾਜਵੀਰ ਮੁੜ ਆਪਣੇ ਪਿੰਡ ਆ ਗਿਆ ਅਤੇ ਉਸ ਨੇ ਮੁੜ ਕਾਲਜ ਜਾਣਾ ਸ਼ੁਰੂ ਕਰ ਦਿੱਤਾ।

ਇਕ ਦਿਨ ਗੁਰਾਇਆਂ ਬੱਸ ਅੱਡੇ 'ਤੇ ਖੜੇ ਰਾਜਵੀਰ ਨੂੰ ਪੱਟੀ ਨੇ ਆ ਫ਼ਤਹਿ ਬੁਲਾਈ।

ਪੱਟੀ ਅਤੇ ਉਸ ਦੇ ਲੁਟੇਰੇ ਸਾਥੀ ਜ਼ਮਾਨਤਾਂ 'ਤੇ ਜੇਲ੍ਹ 'ਚੋਂ ਬਾਹਰ ਆ ਗਏ ਸਨ।

"ਆਪਣਾ ਸਿੰਘ ਅੱਜ ਕੱਲ੍ਹ ਕਿਧਰ ਹੁੰਦਾ ਏ ਰਾਜਵੀਰ ਸਿੰਹਾਂ?" ਪੱਟੀ ਨੇ ਬੁੱਲ੍ਹਾਂ ਵਿਚ ਮੁਸਕਰਾਂਦੇ ਹੋਏ ਨੇ ਰਾਜਵੀਰ ਨੂੰ ਪੁੱਛਿਆ।

"ਤੇਰਾ ਬੇਲੀ ਸੀ, ਤੈਨੂੰ ਜ਼ਿਆਦਾ ਪਤਾ ਹੋਣੈ ਮੇਰੇ ਨਾਲੋਂ ਕਿ ਉਹ

ਕਿਧਰ ਹੁੰਦਾ ਏ।" ਰਾਜਵੀਰ ਬੱਬੂ ਬਾਰੇ ਜਾਣਕਾਰੀ ਤੋਂ ਸਾਫ਼ ਹੀ ਮੁੱਕਰ ਗਿਆ।

"ਚੰਗਾ ਜੇ ਨਹੀਂ ਦੱਸਣਾ ਤਾਂ ਤੇਰੀ ਮਰਜ਼ੀ, ਪਤਾ ਤਾਂ ਅਸੀਂ ਕਰ ਹੀ ਲੈਣਾ ਏ।" ਪੱਟੀ ਚਿਤਾਵਨੀ ਭਰੇ ਲਹਿਜ਼ੇ ਵਿਚ ਬੋਲਿਆ।

"ਜਦੋਂ ਪਤਾ ਲੱਗ ਗਿਆ ਤਾਂ ਮੈਨੂੰ ਵੀ ਦੱਸ ਦੇਈਂ।" ਏਨੀ ਗੱਲ ਆਖ ਕੇ ਰਾਜਵੀਰ ਕਾਲਜ ਜਾਣ ਵਾਲੀ ਬੱਸ ਜਾ ਚੜ੍ਹਿਆ।

ਜ਼ਮਾਨਤਾਂ 'ਤੇ ਜੇਲ੍ਹ ਵਿਚੋਂ ਬਾਹਰ ਆਉਣ ਤੋਂ ਬਾਅਦ ਪੱਟੀ ਅਤੇ ਉਸ ਦੇ ਕੁਝ ਸਾਥੀਆਂ ਨੇ ਪੁਲਿਸ ਲਈ 'ਕੈਟ' ਵਜੋਂ ਕੰਮ ਕਰਨਾ ਸ਼ੁਰੂ ਕਰ ਦਿੱਤਾ ਸੀ।

ਪੱਟੀ ਨੇ ਆਪਣੇ ਕੁਝ ਸਾਥੀਆਂ ਨਾਲ ਜੰਡਿਆਲੇ ਕਾਲਜ ਵਿਚ ਵੀ ਗੇੜੇ ਮਾਰਨੇ ਸ਼ੁਰੂ ਕਰ ਦਿੱਤੇ ਸਨ।

ਫ਼ੈਡਰੇਸ਼ਨ ਦੇ ਸਿੰਘਾਂ 'ਤੇ ਨਜ਼ਰ ਰੱਖਦਾ ਪੱਟੀ ਇਹੀ ਪਤਾ ਕਰਨ ਦੀ ਕੋਸ਼ਿਸ਼ ਵਿਚ ਸੀ ਕਿ ਕਿਹੜੇ-ਕਿਹੜੇ ਸਿੰਘ ਦੀ ਬੱਬੂ ਨਾਲ ਨੇੜਤਾ ਸੀ।

ਪੈੜ ਦੱਬਣ ਵਾਲਿਆਂ ਵਾਂਗ ਪਤਾ ਕਰਦਾ-ਕਰਦਾ ਪੱਟੀ ਇਕ ਦਿਨ ਰਾਜਵੀਰ ਦੇ ਡੇਰੇ 'ਤੇ ਪਹੁੰਚ ਗਿਆ।

ਰਾਜਵੀਰ ਉਸ ਵਕਤ ਘਰ ਨਹੀਂ ਸੀ, ਪੱਟੀ ਘਰ ਵਾਲਿਆਂ ਨੂੰ ਧਮਕੀ ਜਿਹੀ ਦੇ ਕੇ ਚਲਾ ਗਿਆ ਕਿ ਰਾਜਵੀਰ ਨੂੰ ਆਖਿਓ ਕਿ ਬੱਬੂ ਬਾਰੇ ਦੱਸ ਦੇਵੇ, ਨਹੀਂ ਤਾਂ ਸਾਰੇ ਟੱਬਰ ਨੂੰ ਨਤੀਜੇ ਭੁਗਤਣੇ ਪੈਣਗੇ।

ਸ਼ਾਮ ਢਲੇ ਜਦ ਰਾਜਵੀਰ ਘਰ ਆਇਆ ਤਾਂ ਘਰਦਿਆਂ ਨੇ ਉਸ ਨੂੰ ਪੱਟੀ ਦੀ ਧਮਕੀ ਬਾਰੇ ਦੱਸਿਆ।

ਉਹ ਉਸੇ ਵਕਤ ਸਕੂਟਰ ਲੈ ਕੇ ਘਰੋਂ ਨਿਕਲ ਗਿਆ।

ਰਾਤ ਉਸ ਨੇ ਮਨਜੀਤ ਸਿੰਘ ਮੰਗੋ ਦੇ ਪਿੰਡ ਜਾ ਗੁਜ਼ਾਰੀ।

ਦੂਜੇ ਦਿਨ ਸਾਝਰੇ ਹੀ ਉਹ ਨਿਰਮਲ ਸਿੰਘ ਨਿੰਮੇ ਨੂੰ ਜਾ ਮਿਲਿਆ। ਉਸ ਨੂੰ ਦੇਖਦਿਆਂ ਹੀ ਨਿੰਮੇ ਨੂੰ ਚਾਅ ਚੜ੍ਹ ਗਿਆ।

"ਓਹ ਆ ਬਈ ਭਰਾਵਾ, ਤੇਰੇ ਤਾਂ ਦਰਸ਼ਨ ਹੀ ਮਹਿੰਗੇ ਹੋ ਗਏ।" ਨਿੰਮਾ ਰਾਜਵੀਰ ਨੂੰ ਗਲਵਕੜੀ ਵਿਚ ਲੈ ਕੇ ਬੋਲਿਆ।

"ਆਪਾਂ ਕਿਥੇ ਜਾਣਾ ਜਥੇਦਾਰਾ, ਤੇਰੇ ਚਰਨਾਂ ਵਿਚ ਹੀ ਰਹਿੰਦੇ ਆਂ।" ਰਾਜਵੀਰ ਨੇ ਹੱਸਦਿਆਂ ਹੋਇਆਂ ਆਖਿਆ।

"ਨਹੀਂ ਓ ਭਰਾਵਾ, ਚਰਨਾਂ 'ਚ ਤਾਂ ਆਪਾਂ ਗੁਰੂ ਜੀ ਦੇ ਹੀ ਰਹਿਣਾ

ਏ, ਤੂੰ ਸੁਣਾ ਅੱਜ ਫ਼ੌਜਾਂ ਸਾਡੇ ਕੰਨੀਂ ਕਿਵੇਂ ਪਧਾਰੀਆਂ ਨੇ?" ਨਿੰਮੇ ਨੇ ਰਾਜਵੀਰ ਕੋਲੋਂ ਆਉਣ ਦਾ ਕਾਰਨ ਪੁੱਛਿਆ।

"ਜਥੇਦਾਰਾ, ਪੱਟੀ ਮੈਨੂੰ ਮਿਲਣ ਲਈ ਕੁਝ ਜ਼ਿਆਦਾ ਹੀ ਕਾਹਲਾ ਪਿਆ ਹੋਇਆ ਏ। ਤੇਰੀ ਸਲਾਹ ਲੈਣ ਆਇਆਂ ਕਿ ਕੀ ਕੀਤਾ ਜਾਏ?" ਰਾਜਵੀਰ ਨੇ ਆਪਣੇ ਆਉਣ ਦਾ ਕਾਰਨ ਬਿਆਨ ਕਰ ਦਿੱਤਾ।

"ਪੱਟੀ ਪੁਲਿਸ ਦਾ ਕੈਟ ਬਣ ਚੁੱਕਿਆ ਏ। ਆਪਾਂ ਸਾਰਿਆਂ ਨੂੰ ਉਹਦੇ ਕੋਲੋਂ ਖ਼ਬਰਦਾਰ ਰਹਿਣਾ ਪਏਗਾ। ਆਪਣੇ ਇਕ-ਦੋ ਹੋਰ ਸਿੰਘਾਂ ਦੇ ਘਰੀਂ ਵੀ ਉਹ ਗੇੜੇ ਮਾਰ ਆਇਆ ਏ। ਆਪਾਂ ਪਹਿਲਾਂ ਬੱਬੂ ਹੁਰਾਂ ਨਾਲ ਸਲਾਹ ਕਰਦੇ ਹਾਂ, ਫੇਰ ਦੇਖਦੇ ਹਾਂ ਕਿ ਕੀ ਕੀਤਾ ਜਾਏ।" ਨਿੰਮੇ ਨੇ ਇਕੋ ਸਾਹ ਵਿਚ ਹੀ ਸਾਰੀ ਗੱਲ ਨਿਬੇੜ ਦਿੱਤੀ।

"ਚੰਗਾ ਫੇਰ ਜਥੇਦਾਰਾ, ਮੈਂ ਚੱਲਦਾਂ। ਤੂੰ ਬੱਬੂ ਹੁਰਾਂ ਦਾ ਪਤਾ ਕਰ।" ਐਨੀ ਗੱਲ ਆਖ ਕੇ ਰਾਜਵੀਰ ਜਾਣ ਲਈ ਤਿਆਰ ਹੋ ਗਿਆ।

ਨਿੰਮਾ ਉਸ ਨੂੰ ਦਰਵਾਜ਼ੇ ਤਕ ਛੱਡਣ ਆਇਆ।

ਰਾਜਵੀਰ ਜਦ ਵਾਪਸ ਆਪਣੇ ਘਰ ਆਇਆ ਤਾਂ ਕਹਾਣੀ ਖ਼ਰਾਬ ਹੋ ਚੁੱਕੀ ਸੀ। ਕੱਲ੍ਹ ਰਾਤੀਂ ਪੁਲਿਸ ਨੇ ਛਾਪਾ ਮਾਰਿਆ ਸੀ। ਰਾਜਵੀਰ ਦੇ ਘਰ ਨਾ ਹੋਣ ਕਾਰਨ ਪੁਲਿਸ ਵਾਲੇ ਘਰਦਿਆਂ ਨੂੰ ਧਮਕੀ ਦੇ ਕੇ ਗਏ ਸਨ ਕਿ ਰਾਜਵੀਰ ਨੂੰ ਥਾਣੇ ਪੇਸ਼ ਕਰਵਾਓ ਨਹੀਂ ਤਾਂ ਸਾਰੇ ਟੱਬਰ ਨੂੰ ਥਾਣੇ ਲਿਜਾ ਕੇ ਜ਼ਲੀਲ ਕਰਾਂਗੇ।

"ਹੁਣ ਕੀ ਕਰੀਏ ਪੁੱਤ?" ਮਾਂ ਨੇ ਪਰੇਸ਼ਾਨ ਲਹਿਜ਼ੇ ਵਿਚ ਪੁੱਛਿਆ।

"ਕਰਨਾ ਕੀ ਏ ਮਾਂ, ਜੋ ਸਤਿਗੁਰੂ ਨੂੰ ਮਨਜ਼ੂਰ ਹੋਇਆ, ਉਹੀ ਕੁਝ ਹੋਣਾ ਏ। ਥਾਣੇ ਪੇਸ਼ ਹੋਣ ਵਾਲਾ ਤਾਂ ਵਰਕਾ ਹੀ ਪਾੜ ਦਿਓ, ਮੈਂ ਪੁਲਿਸ ਦਾ ਤਸ਼ੱਦਦ ਸਹਿ ਕੇ ਮਰਨ ਨਾਲੋਂ ਮੈਦਾਨੇ-ਜੰਗ ਵਿਚ ਜੂਝ ਕੇ ਸ਼ਹੀਦ ਹੋਣਾ ਜ਼ਿਆਦਾ ਪਸੰਦ ਕਰਾਂਗਾ।" ਐਨੀ ਗੱਲ ਆਖ ਮਾਂ ਦੇ ਪੈਰੀਂ ਹੱਥ ਲਾ ਰਾਜਵੀਰ ਘਰੋਂ ਬਾਹਰ ਹੋ ਗਿਆ।

ਰਾਤ ਆਪਣੇ ਇਕ ਦੋਸਤ ਦੇ ਘਰ ਕੱਟ ਕੇ ਉਹ ਦੂਸਰੇ ਦਿਨ ਨਿਰਮਲ ਸਿੰਘ ਨਿੰਮੇ ਕੋਲ ਪਹੁੰਚ ਗਿਆ।

ਉਸੇ ਦਿਨ ਸ਼ਾਮ ਦੇ ਘੁਸਮੁਸੇ ਜਿਹੇ ਵਿਚ ਉਹ ਦੋਨੋਂ ਜਣੇ ਬੱਬੂ ਦੀ ਠਾਹਰ 'ਤੇ ਬੱਬੂ ਨੂੰ ਜਾ ਮਿਲੇ।

ਬੱਬੂ ਉਹਨਾਂ ਦੋਹਾਂ ਨੂੰ ਜੱਫੀ ਪਾ ਕੇ ਮਿਲਿਆ।

"ਤੇਰੇ ਯਾਰ ਨੇ ਹੁਣ ਸਾਨੂੰ ਤੰਗ ਕਰਨਾ ਸ਼ੁਰੂ ਕਰ ਦਿੱਤਾ ਏ।" ਨਿੰਮੇ

ਨੇ ਬੱਬੂ ਨੂੰ ਪੱਟੀ ਬਾਰੇ ਟਕੋਰ ਕੀਤੀ।

"ਹਾਂ ਜਥੇਦਾਰਾ, ਪਤਾ ਤਾਂ ਮੈਨੂੰ ਵੀ ਲੱਗ ਗਿਆ ਏ, ਕਰਦੇ ਆਂ ਉਹਦਾ ਵੀ ਕੋਈ ਜੁਗਾੜ," ਬੱਬੂ ਬੋਲਿਆ।

ਚਾਹ ਪੀਣ ਤੋਂ ਬਾਅਦ ਨਿੰਮਾ ਜਾਣ ਲਈ ਤਿਆਰ ਹੋ ਗਿਆ।

"ਚੰਗਾ ਬਈ ਭਰਾਵੋ, ਗੁਰੂ ਤੁਹਾਡੇ ਅੰਗ-ਸੰਗ ਸਹਾਈ ਹੋਏ। ਮੈਨੂੰ ਹੁਣ ਛੁੱਟੀਆਂ ਬਖ਼ਸ਼ੋ।"

ਫ਼ਤਹਿ ਬੁਲਾ ਕੇ ਨਿੰਮਾ ਬੂਹਿਉਂ ਬਾਹਰ ਹੋ ਗਿਆ।

ਕੁਝ ਦਿਨਾਂ ਬਾਅਦ ਹੀ ਬੱਬੂ ਅਤੇ ਰਾਜਵੀਰ ਦੀਪੇ ਅਤੇ ਪ੍ਰਧਾਨ ਨੂੰ ਜਾ ਮਿਲੇ। ਪੰਜਾਬ ਤੋਂ ਬਾਹਰ ਜਾਣ ਦਾ ਵਿਚਾਰ ਦੀਪੇ ਨੇ ਆਪ ਹੀ ਤਿਆਗ ਦਿੱਤਾ ਸੀ।

ਹੁਣ ਤਾਂ ਉਹ ਨਵੇਂ ਸਿਰੇ ਤੋਂ ਜਥੇਬੰਦੀ ਨੂੰ ਮੁੜ ਤੋਂ ਜਥੇਬੰਦ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ।

ਪੂਰਾ ਇਕ ਹਫ਼ਤਾ ਇਹਨਾਂ ਯਾਰਾਂ ਨੇ ਇਕੱਠਿਆਂ ਹੀ ਬਿਤਾਇਆ। ਕਾਫ਼ੀ ਲੰਮੀਆਂ ਵਿਚਾਰਾਂ ਹੋਈਆਂ।

ਖ਼ਾਲਿਸਤਾਨ ਦੀ ਲਹਿਰ ਨੂੰ ਹੋਰ ਪ੍ਰਚੰਡ ਕਰਨ ਲਈ ਸਾਰਿਆਂ ਨੇ ਆਪੋ-ਆਪਣੇ ਸੁਝਾਅ ਦਿੱਤੇ।

ਹਫ਼ਤੇ ਬਾਅਦ ਉਹ ਚਾਰੇ ਜਣੇ ਦੋ-ਦੋ ਦਾ ਗਰੁੱਪ ਬਣਾ ਕੇ ਵੱਖੋ-ਵੱਖਰੇ ਰਾਹਾਂ ਵੱਲ ਨੂੰ ਰਵਾਨਾ ਹੋ ਗਏ।

ਪ੍ਰਧਾਨ ਅਤੇ ਬੱਬੂ ਨਕੋਦਰ ਦੇ ਇਲਾਕੇ ਵੱਲ ਚਲੇ ਗਏ ਜਦ ਕਿ ਦੀਪਾ ਤੇ ਰਾਜਵੀਰ ਨਵਾਂ ਸ਼ਹਿਰ ਦੇ ਇਲਾਕੇ ਵੱਲ ਨਿਕਲ ਗਏ।

ਰਾਜਵੀਰ ਤੇ ਦੀਪਾ ਇਕ-ਦੂਜੇ ਨੂੰ ਪਿਛਲੇ ਕਈ ਸਾਲਾਂ ਤੋਂ ਜਾਣਦੇ ਸਨ ਪਰ ਹੁਣ ਵਾਂਗ ਦੋਹਾਂ ਨੇ ਇਕੱਠਿਆਂ ਸਮਾਂ ਪਹਿਲਾਂ ਨਹੀਂ ਸੀ ਬਿਤਾਇਆ।

ਛੇ ਫ਼ੁੱਟ ਇਕ ਇੰਚ ਕੱਦ ਦਾ ਮਾਲਕ ਭਾਈ ਗੁਰਦੀਪ ਸਿੰਘ ਦੀਪਾ ਰਾਜਵੀਰ ਨਾਲ ਕਾਫ਼ੀ ਘੁਲ-ਮਿਲ ਗਿਆ।

ਪੁਲਿਸ ਮੁਖ਼ਬਰਾਂ ਕੌਮ-ਦੋਖੀਆਂ ਲਈ ਖ਼ੌਫ਼ ਬਣਿਆ ਦੀਪਾ ਅਸਲ ਵਿਚ ਬਹੁਤ ਹੀ ਹੱਸਮੁੱਖ ਸੀ। ਚੁਟਕਲੇ ਸੁਣਾ-ਸੁਣਾ ਕੇ ਉਹ ਹਸਾ-ਹਸਾ ਕੇ ਢਿੱਡ ਦੁਖਣ ਲਾ ਦਿੰਦਾ।

ਚੁਸਤ ਅਤੇ ਫੁਰਤੀਲਾ ਇੰਨਾ ਕਿ ਜਥੇਬੰਦੀ ਦੇ ਕਈ ਸਿੰਘ ਉਸ ਨੂੰ ਉਡਣਾ ਸੱਪ ਕਹਿ ਕੇ ਬੁਲਾਉਂਦੇ।

ਕੁਝ ਦਿਨਾਂ ਵਿਚ ਹੀ ਦੀਪਾ ਤੇ ਰਾਜਵੀਰ ਆਪਸ ਵਿਚ ਕਾਫ਼ੀ ਖੁੱਲ੍ਹ ਗਏ।

ਆਪਸ ਵਿਚ ਵਿਚਾਰ-ਚਰਚਾ ਕਰਦੇ-ਕਰਦੇ ਜਦ ਰਾਜਵੀਰ ਕਈ ਤਰ੍ਹਾਂ ਦੇ ਸੁਆਲ ਉਠਾਉਂਦਾ ਤਾਂ ਦੀਪਾ ਇਕ ਗੱਲ ਜ਼ਰੂਰ ਕਹਿੰਦਾ।

"ਯਾਰ ਤੂੰ ਵਕੀਲਾਂ ਵਾਂਗ ਸਵਾਲ ਬਹੁਤ ਕਰਦਾ ਏਂ।"

ਅੱਜ ਵੀ ਉਹ ਉਸੇ ਤਰ੍ਹਾਂ ਹੀ ਵਿਚਾਰ-ਚਰਚਾ ਵਿਚ ਖੁੱਭੇ ਹੋਏ ਸਨ।

"ਖ਼ਾਲਿਸਤਾਨ ਦੀ ਪ੍ਰਾਪਤੀ ਲਈ ਸ਼ੁਰੂ ਹੋਈ ਇਹ ਪਵਿੱਤਰ ਲਹਿਰ ਅੱਜ ਆਪਣੀ ਲੀਹ ਤੋਂ ਉਤਰ ਚੁੱਕੀ ਹੈ। ਚਾਰੇ ਪਾਸੇ ਲੁੱਟ ਮੱਚੀ ਹੋਈ ਏ। ਮਰਨ ਵਾਲੇ ਅਤੇ ਮਾਰਨ ਵਾਲੇ ਦੋਨੋਂ ਪਾਸੀਂ ਹੀ ਸਿੰਘਾਂ ਦੇ ਪੁੱਤਰ ਹਨ। ਲੁੱਟਾਂ-ਖੋਹਾਂ ਵਧ ਗਈਆਂ ਨੇ। ਬੇਗੁਨਾਹ ਲੋਕੀਂ ਮਾਰੇ ਜਾ ਰਹੇ ਹਨ। ਤੁਹਾਡੇ ਇਹਦੇ ਬਾਰੇ ਕੀ ਵਿਚਾਰ ਹਨ ਭਾ ਜੀ ?" ਰਾਜਵੀਰ ਨੇ ਇਕੋ ਸਾਹ ਵਿਚ ਹੀ ਕਈ ਸਵਾਲ ਦੀਪੇ ਨੂੰ ਕਰ ਦਿੱਤੇ।

ਰਾਜਵੀਰ ਹਮੇਸ਼ਾਂ ਹੀ ਦੀਪੇ ਨੂੰ 'ਭਾ ਜੀ' ਕਹਿ ਕੇ ਬੁਲਾਉਂਦਾ। ਇਕ ਤਾਂ ਭਾਈ ਦੀਪਾ ਜਥੇਬੰਦੀ ਦਾ ਸੀਨੀਅਰ ਆਗੂ ਸੀ, ਦੂਜਾ ਉਹ ਉਮਰ ਵਿਚ ਵੀ ਰਾਜਵੀਰ ਤੋਂ ਵੱਡਾ ਸੀ।

"ਦੇਖ ਬਈ ਰਾਜਵੀਰ, ਜੋ ਲੋਕ ਕੌਮੀ ਘਰ ਦੀ ਸਥਾਪਤੀ ਲਈ ਆਪਣਾ ਘਰ-ਬਾਰ ਛੱਡ ਕੇ ਤੁਰੇ ਹੋਣ, ਉਹ ਬੇਗੁਨਾਹਾਂ ਦੇ ਕਾਤਲ ਨਹੀਂ ਹੋ ਸਕਦੇ ਅਤੇ ਨਾ ਹੀ ਉਹ ਲੋਕਾਂ ਦੇ ਘਰਾਂ ਵਿਚ ਲੁੱਟਾਂ-ਖੋਹਾਂ ਕਰਦੇ ਹਨ। ਲੁੱਟਾਂ-ਖੋਹਾਂ ਅਤੇ ਬੇਗੁਨਾਹਾਂ ਦੇ ਕਤਲ ਜਾਂ ਤਾਂ ਪੱਟੀ ਵਰਗੇ ਲੁਟੇਰੇ ਕਰਦੇ ਹਨ ਜਾਂ ਫਿਰ ਪੁਲਿਸ ਦੇ ਕੈਟ ਜੋ ਖਾੜਕੂ ਸਿੰਘਾਂ ਦੇ ਨਾਂ 'ਤੇ ਇਹੋ ਜਿਹੇ ਕੰਮ ਕਰਦੇ ਹਨ। ਗੁਰੂ ਦਾ ਸੱਚਾ ਸਿੱਖ ਕਿਸੇ ਬੇਗੁਨਾਹ ਦਾ ਖ਼ੂਨ ਨਹੀਂ ਵਹਾ ਸਕਦਾ। ਬੇਗੁਨਾਹ ਤਾਂ ਇਕ ਪਾਸੇ, ਯਾਰ ਮੈਂ ਤਾਂ ਗੁਨਾਹਗਾਰਾਂ ਨੂੰ ਵੀ ਮਾਰਨ ਦੇ ਹੱਕ ਵਿਚ ਨਹੀਂ। ਉਹਨਾਂ ਨੂੰ ਵੀ ਇਕ-ਦੋ ਵਾਰੀ ਸਮਝਾਉਣਾ ਚਾਹੀਦਾ ਹੈ। ਫਿਰ ਜੇ ਉਹ ਆਪਣੀਆਂ ਹਰਕਤਾਂ ਤੋਂ ਬਾਜ ਨਾ ਆਵੇ ਤਾਂ ਬੇਸ਼ੱਕ ਉਹਨਾਂ ਨੂੰ ਸੋਧ ਦਿੱਤਾ ਜਾਵੇ।" ਦੀਪਾ ਬੜੇ ਠਰ੍ਹੰਮੇ ਨਾਲ ਰਾਜਵੀਰ ਦੇ ਸਵਾਲਾਂ ਦੇ ਜਵਾਬ ਦੇ ਰਿਹਾ ਸੀ।

"ਪਰ ਭਾ ਜੀ, ਜਿਹੜੀ ਗੁਰਾਇਆਂ ਵਿਖੇ ਫਾਟਕਾਂ 'ਤੇ ਗੋਲੀ ਚੱਲੀ ਸੀ, ਜਾਂ ਕਾਹਨਾ ਢੇਸੀਆਂ ਪਿੰਡ ਵਿਖੇ ਸਕੂਲ ਮਾਸਟਰਾਂ ਦੇ ਕਤਲ ਹੋਏ ਸਨ, ਉਹਨਾਂ ਬਾਰੇ.....।" ਰਾਜਵੀਰ ਜਾਣ ਕੇ ਗੱਲ ਅਧੂਰੀ ਛੱਡ ਗਿਆ।

"ਗੱਲ ਤੇਰੀ ਠੀਕ ਏ ਰਾਜਵੀਰ, ਇਹ ਗੱਲਾਂ ਕਈ ਸਾਲ ਪੁਰਾਣੀਆਂ

ਹਨ, ਜਦੋਂ ਇਹ ਕਾਂਡ ਹੋਏ ਸਨ ਉਸ ਵੇਲੇ ਮੈਂ ਜਥੇਬੰਦੀ ਦਾ ਕਮਾਂਡਰ ਨਹੀਂ ਸੀ। ਬੇਦੋਸ਼ੇ ਕਿਸੇ ਵੀ ਇਨਸਾਨ ਨੂੰ ਮਾਰਨ ਦੇ ਮੈਂ ਸਖ਼ਤ ਖ਼ਿਲਾਫ਼ ਹਾਂ। ਜਿਹਨਾਂ ਦੀ ਕਮਾਂਡ ਥੱਲੇ ਇਹੋ ਜਿਹੇ ਕੰਮ ਹੋਏ ਸਨ, ਮੈਂ ਉਹਨਾਂ ਨੂੰ ਉਦੋਂ ਹੀ ਆਖ ਦਿੱਤਾ ਸੀ ਕਿ ਇਹ ਗੱਲ ਗ਼ਲਤ ਹੈ। ਪਰ ਨਾਲ ਹੀ ਮੈਂ ਇਹ ਗੱਲ ਵੀ ਪੂਰੇ ਖੁੱਲ੍ਹੇ ਦਿਲ ਨਾਲ ਮੰਨਦਾ ਹਾਂ ਕਿ ਜਾਣੇ-ਅਣਜਾਣੇ ਵਿਚ ਸਾਡੇ ਕੋਲੋਂ ਵੀ ਕਈ ਗ਼ਲਤੀਆਂ ਹੋਈਆਂ ਹਨ।" ਦੀਪਾ ਬੇਗੁਨਾਹ ਮਾਰੇ ਗਏ ਲੋਕਾਂ ਬਾਰੇ ਆਪਣੀ ਸਫ਼ਾਈ ਦੇ ਗਿਆ।

"ਗੁਰਾਇਆਂ ਸ਼ਹਿਰ ਦੀ ਅਨਾਜ ਮੰਡੀ ਵਿਚ ਕ੍ਰਿਕਟ ਖੇਡਦੇ ਮੁੰਡਿਆਂ ਦੇ ਕਤਲਾਂ ਬਾਰੇ ਤੁਹਾਡਾ ਕੀ ਖ਼ਿਆਲ ਏ ?" ਰਾਜਵੀਰ ਦੇ ਸਵਾਲ ਮੁੱਕਣ ਦਾ ਨਾਮ ਨਹੀਂ ਸੀ ਲੈ ਰਹੇ।

"ਅਨਾਜ ਮੰਡੀ ਵਿਚ ਕ੍ਰਿਕਟ ਖੇਡਦੇ ਬੇਗੁਨਾਹ ਮੁੰਡਿਆਂ ਨੂੰ ਲਿਬਰੇਸ਼ਨ ਫ਼ੋਰਸ ਦੇ ਸਤਪਾਲ ਸਿੰਘ ਸੱਤੇ ਲਾਦੀਆਂ ਵਾਲੇ ਨੇ ਮਾਰਿਆ ਸੀ, ਸਾਡੀ ਜਥੇਬੰਦੀ ਦਾ ਉਹਨਾਂ ਕਤਲਾਂ ਨਾਲ ਕੋਈ ਸੰਬੰਧ ਨਹੀਂ ਸੀ। ਉਹਨਾਂ ਬੇਗੁਨਾਹ ਮੁੰਡਿਆਂ ਦੇ ਕਤਲਾਂ ਤੋਂ ਬਾਅਦ ਮੈਂ ਸੱਤੇ ਨੂੰ ਇਹ ਸੁਨੇਹਾ ਭਿਜਵਾ ਦਿੱਤਾ ਸੀ ਕਿ ਤੂੰ ਪੁਲਿਸ ਦੀਆਂ ਗੋਲੀਆਂ ਤੋਂ ਤਾਂ ਬੇਸ਼ੱਕ ਬਚ ਜਾਵੇਂ ਪਰ ਸਾਡੀ ਜਥੇਬੰਦੀ ਤੈਨੂੰ ਬੇਗੁਨਾਹਾਂ ਦੇ ਕਤਲਾਂ ਲਈ ਮੌਤ ਦੀ ਸਜ਼ਾ ਜ਼ਰੂਰ ਦੇਵੇਗੀ।"

ਦੀਪਾ ਇਕੋ ਸਾਹ ਵਿਚ ਹੀ ਸਾਰੀ ਗੱਲ ਕਰ ਗਿਆ।

ਇਸ ਤਰ੍ਹਾਂ ਜਿੰਨੇ ਦਿਨ ਵੀ ਦੀਪਾ ਅਤੇ ਰਾਜਵੀਰ ਇਕੱਠੇ ਰਹੇ, ਇਸ ਤਰ੍ਹਾਂ ਦੀ ਚਰਚਾ ਉਹਨਾਂ ਵਿਚ ਚੱਲਦੀ ਰਹਿੰਦੀ।

ਇਸ ਤਰ੍ਹਾਂ ਹੀ ਇਕ ਦਿਨ ਗੱਲਾਂ ਕਰਦੇ-ਕਰਦੇ ਰਾਜਵੀਰ ਫੇਰ ਸ਼ੁਰੂ ਹੋ ਗਿਆ।

"ਭਾ ਜੀ, ਮੈਨੂੰ ਇਕ ਗੱਲ ਦੱਸੋ ? ਆਪਾਂ ਕਿੰਨਾ ਕੁ ਚਿਰ ਇਸੇ ਤਰ੍ਹਾਂ ਹਥਿਆਰ ਚੁੱਕੀ ਫਿਰੀ ਜਾਵਾਂਗੇ ?"

"ਮੈਨੂੰ ਤਾਂ ਆਪਣੀ ਮੰਜ਼ਿਲ ਅਜੇ ਬਹੁਤ ਦੂਰ ਜਾਪਦੀ ਏ। ਆਮ ਲੋਕਾਂ ਨਾਲ ਸਾਡਾ ਕੋਈ ਸੰਪਰਕ ਨਹੀਂ ਰਿਹਾ। ਆਮ ਲੋਕਾਂ ਦਾ ਪੁਲਿਸ ਅਤੇ ਲੁਟੇਰਿਆਂ ਨੇ ਜੀਣਾ ਹਰਾਮ ਕੀਤਾ ਹੋਇਆ ਏ। ਆਪਾਂ ਲੁਟੇਰਿਆਂ ਜਾਂ ਪੁਲਿਸ ਵਾਲਿਆਂ ਨੂੰ ਮਾਰ ਸਕਦੇ ਹਾਂ, ਪਰ ਇਹ ਕੋਈ ਸਥਾਈ ਹੱਲ ਨਹੀਂ। ਇਕ ਮਰਦਾ ਏ, ਉਹਦੇ ਵਰਗੇ ਹੋਰ ਆ ਜਾਂਦੇ ਨੇ। ਸਾਡੀ ਅਕਾਲੀ ਲੀਡਰਸ਼ਿਪ ਗੰਭੀਰ ਨਹੀਂ ਪੰਥ ਦੇ ਮਸਲਿਆਂ ਬਾਰੇ। ਇਹਨਾਂ ਹਾਲਤਾਂ ਵਿਚ

ਆਪਾਂ ਨੂੰ ਕੋਈ ਇਹੋ ਜਿਹਾ ਐਕਸ਼ਨ ਕਰਨਾ ਚਾਹੀਦਾ ਏ, ਜਿਸ ਦੇ ਨਾਲ ਦਿੱਲੀ ਦੀ ਸਰਕਾਰ ਦੇ ਥੰਮ੍ਹ ਹਿੱਲ ਜਾਣ। ਕਿਉਂ ਨਾ ਆਪਾਂ ਕੇ.ਪੀ.ਐਸ. ਗਿੱਲ ਜਾਂ ਬੇਅੰਤ ਸਿਹੁੰ ਵਰਗੇ ਦੁਸ਼ਟਾਂ ਨੂੰ ਹੱਥ ਪਾਈਏ?"

ਦੀਪਾ ਟਿਕ-ਟਿਕੀ ਲਾ ਕੇ ਰਾਜਵੀਰ ਵੱਲ ਦੇਖਣ ਲੱਗ ਪਿਆ। ਫਿਰ ਅਚਾਨਕ ਹੀ ਉਸ ਨੇ ਰਾਜਵੀਰ ਨੂੰ ਆਪਣੇ ਕਲਾਵੇ ਵਿਚ ਲੈ ਲਿਆ।

"ਰਾਜਵੀਰ ਸਿੰਘ, ਸਾਨੂੰ ਬੱਸ ਤੇਰੇ ਵਰਗੀਆਂ ਸੋਚਾਂ ਦੀ ਲੋੜ ਏ। ਖ਼ਾਲਿਸਤਾਨ ਤਾਂ ਝੱਟ ਮਿਲ ਸਕਦਾ ਏ ਪਰ ਸਾਡੀ ਲੀਡਰਸ਼ਿਪ ਚੰਗੀ ਨਹੀਂ। ਇਹ ਪੰਥ ਦੀ ਬਦਕਿਸਮਤੀ ਹੀ ਸਮਝ ਕਿ ਸ਼ੇਰਾਂ ਦੀ ਅਗਵਾਈ ਗਿੱਦੜ ਕਰ ਰਹੇ ਹਨ। ਰਹੀ ਗੱਲ ਦੁਸ਼ਟਾਂ ਨੂੰ ਸੋਧਣ ਦੀ ਤਾਂ ਫਿਰ ਸੁਣ, ਅੱਜ ਮੈਂ ਤੈਨੂੰ ਸੁਣਾਉਨਾ ਕਿ ਮੈਂ ਇਹਨਾਂ ਦੁਸ਼ਟਾਂ ਨੂੰ ਸੋਧਣ ਲਈ ਕੀ ਕਰ ਰਿਹਾ ਹਾਂ। ਮੈਂ ਵੀ ਹਮੇਸ਼ਾਂ ਇਹੀ ਕਹਿੰਨਾ ਹੁੰਨਾਂ ਕਿ ਸਾਨੂੰ ਇਹੋ ਜਿਹਾ ਐਕਸ਼ਨ ਕਰਨਾ ਚਾਹੀਦਾ ਏ, ਜਿਸ ਨਾਲ ਦਿੱਲੀ ਸਰਕਾਰ ਦੀਆਂ ਜੜ੍ਹਾਂ ਹਿੱਲ ਜਾਣ। ਆਪਣੀ ਇਸੇ ਸੋਚ ਨੂੰ ਅੰਜ਼ਾਮ ਦੇਣ ਲਈ ਮੈਂ ਪੱਤਰਕਾਰ ਦੇ ਰੂਪ ਵਿਚ ਕੇ.ਪੀ.ਐਸ. ਗਿੱਲ ਨੂੰ ਮਿਲ ਵੀ ਚੁੱਕਾ ਹਾਂ। ਪਰ ਜੇ ਆਪਾਂ ਹੁਣ ਗਿੱਲ ਨੂੰ ਸੋਧ ਦੇਈਏ ਤਾਂ ਮੇਰੇ ਉਹ ਸਾਰੇ ਨਜ਼ਦੀਕੀ ਪੱਤਰਕਾਰ ਦੋਸਤ ਫੜੇ ਜਾਣਗੇ, ਜਿਹਨਾਂ ਦੀ ਮਦਦ ਨਾਲ ਮੈਂ ਉਸ ਦੀ ਪ੍ਰੈਸ ਕਾਨਫ਼ਰੰਸ ਵਿਚ ਗਿਆ ਸੀ। ਪਰ ਬਹੁਤ ਛੇਤੀ ਹੀ ਆਪਾਂ ਇਹੋ ਜਿਹੇ ਹੱਲ ਕੱਢਾਂਗੇ ਕਿ ਸੱਪ ਵੀ ਮਰ ਜਾਏ ਤੇ ਲਾਠੀ ਵੀ ਨਾ ਟੁੱਟੇ।"

ਦੀਪੇ ਨੇ ਗੱਲ ਰਾਜਵੀਰ ਨੂੰ ਬੜੇ ਵਿਸਥਾਰ ਨਾਲ ਸਮਝਾ ਦਿੱਤੀ।

ਰਾਜਵੀਰ ਹੁਣ ਦੀਪੇ ਨਾਲ ਪੂਰੀ ਤਰ੍ਹਾਂ ਘੁਲ-ਮਿਲ ਗਿਆ ਸੀ। ਇਕ-ਦੂਜੇ ਨਾਲ ਹਾਸਾ-ਠੱਠਾ ਕਰਦੇ ਕਦੇ-ਕਦੇ ਉਹ ਬੜੀਆਂ ਡੂੰਘੀਆਂ ਵਿਚਾਰਾਂ ਵਿਚ ਉਤਰ ਜਾਂਦੇ।

ਇਸੇ ਤਰ੍ਹਾਂ ਇਕ ਦਿਨ ਉਹ ਦੋਵੇਂ ਜਣੇ ਸਾਈਕਲ 'ਤੇ ਸਵਾਰ ਫ਼ਿਲੌਰ ਤੋਂ ਨਵਾਂ ਸ਼ਹਿਰ ਵਾਲੀ ਸੜਕ 'ਤੇ ਜਾ ਰਹੇ ਸਨ। ਤੜਕੇ ਦੇ ਕੋਈ ਦੋ ਕੁ ਵਜੇ ਦਾ ਟਾਈਮ ਸੀ। ਰਾਜਵੀਰ ਸਾਈਕਲ ਚਲਾ ਰਿਹਾ ਸੀ। ਆਪਸ ਵਿਚ ਹਾਸਾ-ਮਜ਼ਾਕ ਕਰਦੇ-ਕਰਦੇ ਕਦੇ-ਕਦੇ ਦੋਨੋਂ ਜਣੇ ਸਾਈਕਲ ਤੋਂ ਉਤਰ ਕੇ ਨਾਲ-ਨਾਲ ਦੌੜਨ ਲੱਗ ਪੈਂਦੇ।

ਅਠਖੇਲੀਆਂ ਕਰਦੇ-ਕਰਦੇ ਕਦੇ-ਕਦੇ ਉਹ ਉੱਚੀ-ਉੱਚੀ ਗਾਣੇ ਗਾਉਣ ਲੱਗ ਜਾਂਦੇ। ਜਦੋਂ ਦੂਰੋਂ ਕੋਈ ਲਾਈਟ ਆਉਂਦੀ ਦਿਸਦੀ ਤਾਂ ਸੜਕ ਤੋਂ ਪਾਸੇ ਹੋ ਜਾਂਦੇ ਅਤੇ ਵਾਹਨ ਦੇ ਲੰਘਣ ਤੋਂ ਬਾਅਦ ਫਿਰ ਉਹੀ

ਮਸਤੀਆਂ ਕਰਦੇ ਗਾਣੇ-ਗਾਉਣੇ ਸ਼ੁਰੂ ਕਰ ਦਿੰਦੇ।

ਸੜਕ ਦੇ ਕਿਨਾਰੇ ਬਣੇ ਘਰਾਂ 'ਚੋਂ ਉੱਚੀ-ਉੱਚੀ ਆਵਾਜ਼ਾਂ ਆ ਰਹੀਆਂ ਸਨ। ਘਰ ਦਾ ਸ਼ਰਾਬੀ ਮਰਦ ਘਰ ਦੀਆਂ ਔਰਤਾਂ ਨੂੰ ਗੰਦੀਆਂ-ਗੰਦੀਆਂ ਗਾਲ੍ਹਾਂ ਕੱਢ ਰਿਹਾ ਸੀ।

ਤੜਕੇ ਦੇ ਦੋ ਵਜੇ ਸਾਰੇ ਪਾਸੇ ਚੁੱਪ ਛਾਈ ਹੋਈ ਸੀ। ਰਾਤ ਦੇ ਹਨੇਰੇ ਵਿਚ ਦੀਪੇ ਹੁਰਾਂ ਦੇ ਗਾਉਣ ਦੀ ਆਵਾਜ਼ ਸੁਣ ਕੇ ਸ਼ਰਾਬੀ ਘਰ ਤੋਂ ਬਾਹਰ ਨਿਕਲ ਆਇਆ।

"ਕਿਹੜਾ ਭੈਣ ਦਾ.....ਅੱਧੀ ਰਾਤ ਨੂੰ ਗਾਣੇ ਗਾਉਂਦਾ ਫਿਰਦਾ?" ਸ਼ਰਾਬੀ ਨੇ ਉਹਨਾਂ ਨੂੰ ਲਲਕਾਰ ਕੇ ਕਿਹਾ।

ਆਪਣੀ ਮਸਤੀ ਵਿਚ ਗਾਉਂਦੇ ਜਾਂਦੇ ਉਹ ਦੋਵੇਂ ਜਣੇ ਥਾਂ 'ਤੇ ਹੀ ਰੁਕ ਗਏ।

"ਹੁਣ ਇਹਦਾ ਕੀ ਕਰੀਏ?" ਦੀਪੇ ਨੇ ਮੁਸਕਰਾ ਕੇ ਰਾਜਵੀਰ ਨੂੰ ਪੁੱਛਿਆ।

"ਤੁਹਾਡੀ ਮਰਜ਼ੀ ਏ ਭਾ ਜੀ," ਰਾਜਵੀਰ ਬੋਲਿਆ।

ਸਾਈਕਲ ਇਕ ਰੁੱਖ ਨਾਲ ਖੜਾ ਕਰ ਕੇ ਉਹ ਦੋਨੋਂ ਜਣੇ ਸ਼ਰਾਬੀ ਦੇ ਕੋਲ ਚਲੇ ਗਏ।

"ਕੀ ਗੱਲ ਏ ਭਾ ਜੀ?" ਦੀਪੇ ਨੇ ਸ਼ਰਾਬੀ ਦੇ ਕੋਲ ਜਾ ਕੇ ਪੁੱਛਿਆ।

"ਤੁਸੀਂ ਭੈਣ.....ਅੱਧੀ ਰਾਤ ਨੂੰ ਹੇਕਾਂ ਲਾਉਂਦੇ ਫਿਰਦੇ ਓ, ਪਿਓ ਦਾ ਰਾਜ ਸਮਝਿਆ?" ਸ਼ਰਾਬੀ ਨੇ ਉਹਨਾਂ ਦੇ ਮੋਢਿਆਂ 'ਤੇ ਟੰਗੀਆਂ ਬੰਦੂਕਾਂ ਨਹੀਂ ਸੀ ਦੇਖੀਆਂ।

ਇਸ ਤੋਂ ਪਹਿਲਾਂ ਕਿ ਸ਼ਰਾਬੀ ਕੁਝ ਹੋਰ ਬੋਲਦਾ ਦੀਪੇ ਨੇ ਏ.ਕੇ. 56 ਦਾ ਬੱਟ ਪੂਰੇ ਜ਼ੋਰ ਨਾਲ ਉਹਦੀ ਹਿੱਕ ਵਿਚ ਮਾਰਿਆ।

ਸ਼ਰਾਬੀ ਚੀਕ ਮਾਰ ਕੇ ਪਿੱਠ ਪਰਨੇ ਸੜਕ 'ਤੇ ਜਾ ਡਿੱਗਿਆ।

ਦੀਪੇ ਨੇ ਬੰਦੂਕ ਉਹਦੇ ਵੱਲ ਸਿੱਧੀ ਕਰ ਦਿੱਤੀ। ਸ਼ਰਾਬੀ ਦੀ ਚੀਕ ਸੁਣ ਕੇ ਘਰ ਦੀਆਂ ਔਰਤਾਂ ਬਾਹਰ ਵੱਲ ਨੂੰ ਦੌੜੀਆਂ ਆਈਆਂ।

ਸ਼ਰਾਬੀ ਉੱਤੇ ਬੰਦੂਕ ਤਣੀ ਦੇਖ ਕੇ ਉਹ ਸ਼ਰਾਬੀ ਉੱਤੇ ਲੰਮੀਆਂ ਪੈ ਗਈਆਂ।

"ਨਾ ਵੇ ਪੁੱਤ, ਮਾਰੀ ਨਾ ਵੇ ਪੁੱਤ, ਇਹ ਤਾਂ ਸ਼ਰਾਬੀ ਏ, ਮਾਫ਼ ਕਰ ਦੇ ਵੇ ਪੁੱਤ। ਤੁਸੀਂ ਗਾਉ ਵੇ ਪੁੱਤ, ਤੁਸੀਂ ਜੀਅ ਸਦਕੇ ਗਾਉ, ਇਹ ਨਹੀਂ ਤੁਹਾਨੂੰ ਕੁਝ ਕਹਿੰਦਾ।" ਸ਼ਰਾਬੀ ਦੀ ਮਾਂ ਦੀਪੇ ਦੇ ਪੈਰੀਂ ਪੈ ਗਈ। ਸ਼ਰਾਬੀ

ਦੀ ਜ਼ੁਬਾਨ ਹੁਣ ਤਾਲੂਏ ਲੱਗ ਚੁੱਕੀ ਸੀ।

ਬੰਦੂਕਾਂ ਦੇਖ ਕੇ ਉਹਦਾ ਸਾਰਾ ਨਸ਼ਾ ਹਰਨ ਹੋ ਚੁੱਕਾ ਸੀ।

"ਇਸ ਸ਼ਰਾਬੀ ਸਾਨ੍ਹ ਨੂੰ ਅੰਦਰ ਬੰਨ੍ਹ ਕੇ ਰੱਖ ਮਾਤਾ, ਬਾਹਰ ਨਿਕਲਿਆ ਤਾਂ ਐਵੇਂ ਮਾਰਿਆ ਜਾਊਗਾ।" ਦੀਪੇ ਦੀ ਆਵਾਜ਼ ਗਰਜੀ।

ਸ਼ਰਾਬੀ ਨੂੰ ਉਥੇ ਛੱਡ ਉਹ ਸਾਈਕਲ ਚੁੱਕ ਫੇਰ ਅੱਗੇ ਨੂੰ ਤੁਰ ਪਏ।

"ਸ਼ਰਾਬੀ ਨਹੀਂ ਮੁੜ ਕੇ ਕਿਸੇ ਨੂੰ ਗਾਣੇ ਗਾਉਣੋਂ ਰੋਕਦਾ।" ਰਾਜਵੀਰ ਨੇ ਹੱਸਦੇ ਹੋਏ ਕਿਹਾ।

"ਸ਼ਰਾਬੀ ਦੀ ਗੱਲ ਛੱਡ ਯਾਰ, ਤੂੰ ਇਹ ਸੋਚ ਕਿ ਜਿਹੜੀਆਂ ਔਰਤਾਂ ਨੂੰ ਉਹ ਕੁਝ ਮਿੰਟ ਪਹਿਲਾਂ ਗੰਦੀਆਂ-ਗੰਦੀਆਂ ਗਾਲ੍ਹਾਂ ਕੱਢ ਰਿਹਾ ਸੀ, ਉਹੋ ਹੀ ਔਰਤਾਂ ਕਿਸ ਤਰ੍ਹਾਂ ਉਸ ਨੂੰ ਬਚਾਉਣ ਲਈ ਉਸ ਉੱਤੇ ਲੰਮੀਆਂ ਪੈ ਗਈਆਂ ਸਨ। ਯਾਰ ਰੱਬ ਨੇ ਵੀ ਔਰਤ ਦੇ ਸੀਨੇ ਵਿਚ ਕਮਾਲ ਦਾ ਦਿਲ ਪਾਇਆ, ਹਮੇਸ਼ਾਂ ਆਪਣਿਆਂ ਤੋਂ ਕੁਰਬਾਨ ਹੋਣ ਨੂੰ ਤਿਆਰ ਰਹਿੰਦੀ ਏ ਔਰਤ।" ਦੀਪਾ ਔਰਤਾਂ ਦੀ ਕੁਰਬਾਨੀ ਦੀ ਭਾਵਨਾ 'ਤੇ ਕੁਰਬਾਨ ਜਾ ਰਿਹਾ ਸੀ।

*

ਕਾਂਡ 11

ਕਈ ਦਿਨਾਂ ਬਾਅਦ ਅੱਜ ਫਿਰ ਸਾਰੇ ਸਿੰਘ ਇਕੱਠੇ ਹੋਏ ਸਨ।

ਦੀਪੇ ਦੇ ਚੁਟਕਲੇ ਸੁਣ-ਸੁਣ ਸਾਰਿਆਂ ਦੇ ਢਿੱਡ ਦੁਖਣ ਲੱਗ ਪਏ। ਦੀਪੇ ਦੀ ਇਹ ਸਿਫ਼ਤ ਸੀ ਕਿ ਉਹ ਹਮੇਸ਼ਾਂ ਹੀ ਫੁੱਲਾਂ ਵਾਂਗ ਖਿੜਿਆ ਰਹਿੰਦਾ ਸੀ।

ਜਦ ਹਾਸਿਆਂ ਦਾ ਦੌਰ ਥੋੜ੍ਹਾ ਜਿਹਾ ਰੁਕਿਆ ਤਾਂ ਪ੍ਰਧਾਨ ਨੇ ਨਾਲ ਆਏ ਦੋ ਨਵੇਂ ਸਿੰਘਾਂ ਦੀ ਜਾਣ-ਪਛਾਣ ਕਰਾਈ।

ਇਹਨਾਂ ਵਿਚੋਂ ਇਕ ਛਿੰਦਰ ਸਿੰਘ ਰਾਜੂ ਸੀ ਜੋ ਕਿ ਬੱਬੂ ਤੇ ਨਾਲ ਰਾਜਵੀਰ ਦੇ ਲੰਬੜ ਦਾ ਕੰਮ ਕਰਨ ਗਿਆ ਸੀ, ਦੂਜੇ ਸਿੰਘ ਦਾ ਨਾਂ ਜਤਿੰਦਰ ਸਿੰਘ ਸੀ।

ਦੀਪੇ ਨੇ ਬੱਬੂ ਨੂੰ ਖ਼ਾਲਿਸਤਾਨ ਕਮਾਂਡੋ ਫ਼ੋਰਸ ਦਾ ਜਲੰਧਰ ਦਾ ਏਰੀਆ ਕਮਾਂਡਰ ਨਿਯੁਕਤ ਕਰ ਦਿੱਤਾ ਅਤੇ ਰਾਜੂ, ਰਾਜਵੀਰ ਅਤੇ ਜਤਿੰਦਰ ਨੂੰ ਉਸ ਦੀ ਅਗਵਾਈ ਵਿਚ ਚੱਲਣ ਲਈ ਆਖਿਆ।

ਬੱਬੂ, ਰਾਜੂ ਅਤੇ ਰਾਜਵੀਰ ਤਾਂ ਇਕ-ਦੂਜੇ ਨੂੰ ਪਹਿਲਾਂ ਤੋਂ ਹੀ ਜਾਣਦੇ ਸਨ। ਜਤਿੰਦਰ ਵੀ ਜਲਦੀ ਹੀ ਉਹਨਾਂ ਨਾਲ ਘੁਲ-ਮਿਲ ਗਿਆ।

ਹੁਣ ਇਹ ਚਾਰੇ ਜਣੇ ਰਾਤਾਂ ਨੂੰ ਪੈਦਲ ਮਾਰਚ ਕਰਦੇ, ਆਪਣੀਆਂ ਨਵੀਆਂ ਠਾਹਰਾਂ ਬਣਾਉਂਦੇ ਅਤੇ ਨਾਲ ਹੀ ਲੋਕਾਂ ਨੂੰ ਖ਼ਾਲਿਸਤਾਨ ਦੀ ਲਹਿਰ ਪ੍ਰਤੀ ਜਾਗਰੂਕ ਕਰਦੇ। ਸਿਆਲ ਦੀਆਂ ਠੰਡੀਆਂ ਰਾਤਾਂ ਉਹ ਸੱਪਾਂ ਦੀਆਂ ਸਿਰੀਆਂ ਮਿੱਧਦੇ ਆਪਣੀ ਮੰਜ਼ਲ ਵੱਲ ਨੂੰ ਤੁਰ ਪਏ ਸਨ।

ਪੂਰੀ ਰਾਤ ਤੁਰਨ ਤੋਂ ਬਾਅਦ ਤੜਕੇ ਦੇ ਤਿੰਨ ਕੁ ਵਜੇ ਉਹ ਦਿਆਲਪੁਰ ਪਹੁੰਚ ਗਏ।

ਜਿਸ ਘਰ ਵਿਚ ਉਹ ਪਹੁੰਚੇ, ਉਹ ਅਸਲ ਵਿਚ ਭਾਈ ਰਣਜੀਤ ਸਿੰਘ ਢੰਡਵਾੜ ਦੀ ਠਾਹਰ ਸੀ ਜਿਥੇ ਬੱਬੂ ਵੀ ਕਈ ਵਾਰ ਆ ਚੁੱਕਾ ਸੀ ਜਦੋਂ ਭਾਈ ਰਣਜੀਤ ਸਿੰਘ ਢੰਡਵਾੜ ਚੜ੍ਹਦੀ ਕਲਾ ਵਿਚ ਸੀ।

ਸੋ ਸਾਰੇ ਘਰ ਵਾਲੇ ਬੱਬੂ ਨੂੰ ਚੰਗੀ ਤਰ੍ਹਾਂ ਜਾਣਦੇ ਸਨ। ਘਰ ਵਾਲਿਆਂ ਦੇ ਵੱਡੇ ਮੁੰਡੇ ਨੇ ਮੋਟਰ ਚਲਾ ਦਿੱਤੀ। ਵਾਰੀ-ਵਾਰੀ ਸਾਰਿਆਂ ਨੇ ਇਸ਼ਨਾਨ ਕੀਤਾ।

ਫਿਰ ਬੱਬੂ ਪਾਠ ਕਰਨ ਬੈਠ ਗਿਆ ਤੇ ਉਹ ਤਿੰਨੇ ਜਣੇ ਗੁਰਬਾਣੀ ਸਰਵਣ ਕਰਨ ਲੱਗ ਪਏ।

ਪਾਠ ਕਰਨ ਉਪਰੰਤ ਘਰ ਵਾਲਿਆਂ ਦੇ ਮੁੰਡੇ ਨੂੰ ਪਹਿਰੇ 'ਤੇ ਬਿਠਾ ਕੇ ਉਹਨਾਂ ਚਾਰੇ ਜਣਿਆਂ ਨੇ ਮੰਜੇ ਮੱਲ ਲਏ। ਸਾਰੀ ਰਾਤ ਤੁਰਨ ਕਾਰਨ ਥੱਕਿਆਂ ਨੂੰ ਝੱਟ ਹੀ ਨੀਂਦ ਨੇ ਦਬੋਚ ਲਿਆ। ਰਾਤ ਢਲੀ ਤੋਂ ਜਦ ਉਹ ਰੋਟੀ-ਪਾਣੀ ਖਾ ਕੇ ਜਾਣ ਲੱਗੇ ਤਾਂ ਘਰ ਵਾਲਿਆਂ ਦੇ ਮੁੰਡੇ ਨੇ ਉਹਨਾਂ ਦਾ ਰਾਹ ਰੋਕ ਲਿਆ।

"ਮੈਂ ਵੀ ਤੁਹਾਡੇ ਨਾਲ ਜਾਣਾ ਏ ਭਾ ਜੀ। ਮੈਂ ਵੀ ਕੌਮ ਦੀ ਸੇਵਾ ਕਰਨੀ ਚਾਹੁੰਦਾਂ।" ਮੁੰਡਾ ਬੱਬੂ ਨੂੰ ਮੁਖ਼ਾਤਿਬ ਹੁੰਦਾ ਹੋਇਆ ਬੋਲਿਆ।

"ਆਹ ਜਿਹੜੀ ਤੁਸੀਂ ਸਾਨੂੰ ਆਇਆਂ ਨੂੰ ਲੰਗਰ-ਪਾਣੀ ਛਕਾਉਣ ਦੀ ਸੇਵਾ ਕਰਦੇ ਹੋ, ਇਹ ਸਭ ਤੋਂ ਵੱਡੀ ਸੇਵਾ ਹੈ।" ਬੱਬੂ ਨੇ ਉਹਨੂੰ ਟਾਲਣ ਲਈ ਆਖਿਆ।

"ਨਹੀਂ ਭਾ ਜੀ, ਤੁਸੀਂ ਵੀ ਮੈਨੂੰ ਰਣਜੀਤ ਭਾ ਜੀ ਵਾਂਗੂੰ ਟਾਲੀ ਜਾਂਦੇ ਹੋ। ਮੈਂ ਤਾਂ ਅੱਜ ਤੁਹਾਡੇ ਨਾਲ ਹੀ ਜਾਣਾ ਏ।" ਮੁੰਡਾ ਜ਼ਿੱਦ ਫੜੀ ਬੈਠਾ ਸੀ।

"ਤੇਰੇ ਘਰਦਿਆਂ ਨੇ ਸਾਨੂੰ ਬਦ-ਅਸੀਸਾਂ ਦੇਣੀਆਂ ਭਰਾਵਾ, ਕਿ ਬਈ ਖਾੜਕੂਆਂ ਨੂੰ ਰੋਟੀਆਂ ਖਵਾਉ, ਦੂਜੇ ਉਹ ਸਾਡੇ ਮੁੰਡਿਆਂ ਨੂੰ ਵੀ ਮੌਤ ਦੇ ਮੂੰਹ ਵੱਲ ਨੂੰ ਲਈ ਜਾਂਦੇ ਨੇ।" ਹੱਸਦੇ ਹੋਏ ਬੱਬੂ ਨੇ ਮੁੰਡੇ ਨੂੰ ਸਮਝਾਇਆ।

"ਮੈਨੂੰ ਨਹੀਂ ਪਤਾ ਕੁਝ ਵੀ, ਮੈਂ ਤਾਂ ਬੱਸ ਤੁਹਾਡੇ ਨਾਲ ਈ ਜਾਣਾ ਅੱਜ।" ਮੁੰਡਾ ਤਾਂ ਜਮਾਂ ਹੀ ਖਹਿੜੇ ਪੈ ਗਿਆ ਸੀ।

"ਆਪਾਂ ਇੰਜ ਕਰਦੇ ਹਾਂ ਕਿ ਜਦੋਂ ਅਸੀਂ ਅਗਲੀ ਵਾਰੀ ਆਏ, ਉਦੋਂ ਅਸੀਂ ਤੈਨੂੰ ਆਪਣੇ ਨਾਲ ਲੈ ਜਾਵਾਂਗੇ। ਨਾਲੇ ਉਦੋਂ ਤਕ ਮੈਂ ਵੱਡੇ ਭਾ ਜੀ ਹੋਰਾਂ ਨਾਲ ਵੀ ਸਲਾਹ ਕਰ ਲਊਂਗਾ।" ਬੱਬੂ ਦਾ ਇਸ਼ਾਰਾ ਦੀਪੇ ਦੇ ਵੱਲ ਸੀ।

"ਤੁਸੀਂ ਮੈਨੂੰ ਝੂਠੇ ਲਾਰੇ ਤਾਂ ਨਹੀਂ ਲਾ ਰਹੇ।" ਮੁੰਡੇ ਨੂੰ ਬੱਬੂ ਦੀ ਗੱਲ ਦਾ ਯਕੀਨ ਨਹੀਂ ਸੀ ਆ ਰਿਹਾ।

"ਦੇਖ ਮੇਰੀ ਗੱਲ ਸੁਣ, ਦੀਪੇ ਭਾ ਜੀ ਦੀ ਸਲਾਹ ਤੋਂ ਬਿਨਾਂ ਅਸੀਂ ਤੈਨੂੰ ਆਪਣੀ ਜਥੇਬੰਦੀ ਵਿਚ ਸ਼ਾਮਲ ਨਹੀਂ ਕਰ ਸਕਦੇ। ਮੈਂ ਤੇਰੇ ਜਜ਼ਬਾਤਾਂ ਦੀ ਕਦਰ ਕਰਦਾਂ, ਪਰ ਸਾਡੇ ਆਪਣੇ ਵੀ ਕੁਝ ਅਸੂਲ ਆ ਜਥੇਬੰਦੀ ਦੇ।" ਬੱਬੂ ਮੁੰਡੇ ਨੂੰ ਸਮਝਾਉਣ ਦੇ ਲਹਿਜ਼ੇ ਵਿਚ ਬੋਲਿਆ।

"ਚੰਗਾ ਫੇਰ ਮੈਨੂੰ ਤੁਹਾਡੀ ਉਡੀਕ ਰਹੇਗੀ।" ਬੇਬੱਸ ਜਿਹਾ ਹੋਇਆ ਮੁੰਡਾ ਬੋਲਿਆ।

ਸਾਰੇ ਟੱਬਰ ਨੂੰ ਫ਼ਤਹਿ ਬੁਲਾ ਕੇ ਉਹ ਚਾਰੇ ਜਣੇ ਘਰੋਂ ਬਾਹਰ ਆ ਗਏ।

"ਮੇਰਾ ਖ਼ਿਆਲ ਏ ਕਿ ਉਸ ਜੁਆਨ ਨੂੰ ਆਪਣੇ ਨਾਲ ਲੈ ਆਉਣਾ ਚਾਹੀਦਾ ਸੀ, ਜੇ ਕੋਈ ਕੌਮ ਦੀ ਖ਼ਾਤਿਰ ਹਥਿਆਰਬੰਦ ਸੰਘਰਸ਼ ਵਿਚ ਆਪਣਾ-ਆਪ ਕੁਰਬਾਨ ਕਰਨ ਦਾ ਜਜ਼ਬਾ ਰੱਖਦਾ ਹੋਵੇ ਤਾਂ ਸਾਨੂੰ ਨਾਂਹ ਨਹੀਂ ਕਰਨੀ ਚਾਹੀਦੀ।" ਖੇਤਾਂ ਵਿਚ ਦੀ ਤੁਰੇ ਜਾਂਦੇ ਰਾਜੂ ਨੇ ਆਪਣਾ ਵਿਚਾਰ ਦੱਸਿਆ।

"ਤੇਰੀ ਗੱਲ ਕਿਸੇ ਹੱਦ ਤਕ ਠੀਕ ਹੈ ਰਾਜੂ, ਪਰ ਉਹਨੇ ਆਪਣੀਆਂ ਸੋਹਣੀਆਂ ਪੱਗਾਂ ਅਤੇ ਚੰਗੇ ਕੱਪੜੇ ਪਾਈ ਫਿਰਦਿਆਂ ਨੂੰ ਹੀ ਦੇਖਿਆ ਏ। ਇਸ ਤਰ੍ਹਾਂ ਠੰਡੀਆਂ ਰਾਤਾਂ ਵਿਚ ਖੇਤਾਂ ਦੇ ਬੰਨੇ ਫਿਰਦੇ-ਤੁਰਦਿਆਂ ਨੂੰ ਨਹੀਂ ਦੇਖਿਆ।" ਬੱਬੂ ਨੇ ਜਵਾਬ ਦਿੱਤਾ।

"ਉਂਝ ਮੁੰਡਾ ਕਾਫ਼ੀ ਜਜ਼ਬਾਤੀ ਲੱਗਦੈ।" ਜਤਿੰਦਰ ਨੇ ਆਪਣਾ ਖ਼ਿਆਲ ਪ੍ਰਗਟ ਕੀਤਾ।

"ਕੱਲੇ ਜਜ਼ਬਾਤਾਂ ਨਾਲ ਜੰਗਾਂ ਨਹੀਂ ਜਿੱਤ ਹੁੰਦੀਆਂ ਮਿੱਤਰੋ, ਮੈਂ ਵੀ ਉਹਦੇ ਜਜ਼ਬਾਤਾਂ ਦੀ ਕਦਰ ਕਰਦਾਂ ਪਰ ਵੱਡੇ ਭਾ ਜੀ ਹੁਰਾਂ ਦੀ ਸਲਾਹ ਤੋਂ ਬਿਨਾਂ ਮੈਂ ਕਿਸੇ ਨੂੰ ਵੀ ਜਥੇਬੰਦੀ ਵਿਚ ਸ਼ਾਮਲ ਨਹੀਂ ਕਰ ਸਕਦਾ।" ਬੱਬੂ ਨੇ ਮੁੰਡੇ ਨੂੰ ਨਾਲ ਨਾ ਲਿਆਉਣ ਦਾ ਅਸਲੀ ਕਾਰਨ ਦੱਸਿਆ।

"ਚਲੋ ਆਪਾਂ ਵੱਡੇ ਭਾ ਜੀ ਹੁਰਾਂ ਨੂੰ ਮਿਲਣਾ ਏ, ਉਥੇ ਇਹ ਮਸਲਾ ਵੀ ਵਿਚਾਰ ਲਵਾਂਗੇ। ਨਾਲੇ ਸ਼ਾਇਦ ਕੁਝ ਸਿੰਘਾਂ ਨੇ ਵੀ ਆਉਣਾ ਹੈ, ਉਹਨਾਂ ਦੇ ਨਾਲ ਸਾਰੀਆਂ ਗੱਲਾਂ ਕੱਲ੍ਹ ਨੂੰ ਮਿਲ-ਬੈਠ ਕੇ ਭਾ ਜੀ ਹੁਰਾਂ ਨਾਲ ਕਰਾਂਗੇ।"

ਇਸੇ ਤਰ੍ਹਾਂ ਗੱਲਬਾਤ ਕਰਦੇ ਉਹ ਆਪਣੀ ਮੰਜ਼ਿਲ 'ਤੇ ਪਹੁੰਚ ਗਏ।

ਅੱਜ ਕਾਫ਼ੀ ਦਿਨਾਂ ਬਾਅਦ ਸਾਰੇ ਹੀ ਮੁੜ ਇਕੱਠੇ ਹੋਏ

ਸਨ। ਸਾਰਿਆਂ ਦੇ ਦਿਲਾਂ ਵਿਚ ਇਕ-ਦੂਜੇ ਨੂੰ ਮਿਲਣ ਲਈ ਇਕ ਚਾਅ ਜਿਹਾ ਚੜ੍ਹਿਆ ਰਹਿੰਦਾ ਸੀ। ਦੀਪੇ ਅਤੇ ਪ੍ਰਧਾਨ ਨਾਲ ਦੋ ਨਵੇਂ ਸਿੰਘ ਹੋਰ ਸਨ।

ਦੀਪੇ ਨੇ ਬੱਬੂ ਅਤੇ ਸਾਥੀਆਂ ਦੀ ਨਵੇਂ ਸਿੰਘਾਂ ਨਾਲ ਜਾਣ-ਪਛਾਣ ਕਰਾਈ।

"ਆਹ ਨੇ ਭਾਈ ਭੁਪਿੰਦਰ ਸਿੰਘ ਭਿੰਦਾ ਅਤੇ ਆਹ ਹੈ ਲੀਡਰਾਂ ਦਾ ਮੁੰਡਾ।" ਕਹਿ ਕੇ ਦੀਪੇ ਨੇ ਮੁੰਡੇ ਨੂੰ ਜੱਫੀ ਪਾ ਪਈ।

ਭੁਪਿੰਦਰ ਸਿੰਘ ਭਿੰਦੇ ਦਾ ਪਿੰਡ ਸ਼ਾਦੀਪੁਰ ਸੀ ਅਤੇ ਲੀਡਰਾਂ ਦਾ ਮੁੰਡਾ ਰਾਮੇਵਾਲ ਪਿੰਡ ਦੇ ਇਕ ਅਕਾਲੀ ਆਗੂ ਦਾ ਪੁੱਤ ਸੀ।

ਦੀਪਾ ਜਥੇਬੰਦੀ ਦਾ ਸੀਨੀਅਰ ਮੈਂਬਰ ਹੋਣ ਦੇ ਬਾਵਜੂਦ ਵੀ ਸਾਰੇ ਸਿੰਘਾਂ ਵਿਚ ਬਹੁਤ ਜਲਦੀ ਘੁਲ-ਮਿਲ ਜਾਂਦਾ ਸੀ। ਉਹ ਆਪਣੀਆਂ ਗੱਲਾਂ ਨਾਲ ਸਾਰਿਆਂ ਦਾ ਦਿਲ ਲਾਈ ਰੱਖਦਾ।

ਦੁਪਹਿਰ ਦਾ ਸਮਾਂ ਸੀ, ਖੇਤਾਂ ਵਿਚ ਬਣੇ ਇਸ ਘਰ ਵਿਚ ਦੀਪੇ ਦੀ ਠਾਹਰ ਸੀ। ਸਾਰਾ ਪਰਿਵਾਰ ਖ਼ਾਲਿਸਤਾਨ ਦੀ ਪ੍ਰਾਪਤੀ ਲਈ ਜੂਝਦੇ ਜੁਝਾਰੂਆਂ ਦੀ ਬਹੁਤ ਕਦਰ ਕਰਦਾ ਸੀ। ਪ੍ਰਧਾਨ ਤੇ ਬੱਬੂ ਉਪਰ ਚੁਬਾਰੇ ਵਿਚ ਡੇਰੇ ਜਮਾਈ ਬੈਠੇ ਸਨ ਜਦ ਕਿ ਦੀਪਾ ਅਤੇ ਰਾਜਵੀਰ ਮੋਟਰ ਦੇ ਕੋਲ ਦਰੱਖ਼ਤਾਂ ਥੱਲੇ ਮੰਜੇ ਡਾਹ ਕੇ ਆਪਣੀਆਂ ਗੱਲਾਂ ਵਿਚ ਮਸਰੂਫ਼ ਸਨ।

"ਯਾਰ, ਮੈਂ ਤਾਂ ਨਹਾਉਣ ਲੱਗਾਂ," ਗੱਲਾਂ ਕਰਦਾ-ਕਰਦਾ ਦੀਪਾ ਬੋਲਿਆ।

ਨਹਾਉਣ ਲਈ ਜਦ ਉਹ ਕੱਪੜੇ ਉਤਾਰ ਰਿਹਾ ਸੀ ਤਾਂ ਇਕ ਦਮ ਰਾਜਵੀਰ ਉੱਚੀ-ਉੱਚੀ ਹੱਸਣ ਲੱਗ ਪਿਆ। ਦੀਪਾ ਪਹਿਲਾਂ ਤਾਂ ਦੇਖਦਾ ਰਿਹਾ ਪਰ ਜਦ ਰਾਜਵੀਰ ਦਾ ਹਾਸਾ ਰੁਕਣ ਦਾ ਨਾਂ ਹੀ ਨਹੀਂ ਸੀ ਲੈ ਰਿਹਾ ਤਾਂ ਦੀਪੇ ਤੋਂ ਰਹਿ ਨਾ ਹੋਇਆ।

"ਕੀ ਹੋਇਆ ਓਏ, ਐਵੇਂ ਕਮਲਿਆਂ ਵਾਂਗ 'ਕੱਲਾ ਹੀ ਹੱਸੀ ਜਾਨੈਂ।"

ਪਰ ਰਾਜਵੀਰ ਕੋਲੋਂ ਕੋਈ ਜਵਾਬ ਨਾ ਦੇ ਹੋਇਆ। ਉਹ ਤਾਂ ਬੱਸ ਹੱਸ-ਹੱਸ ਦੂਹਰਾ ਹੋਈ ਜਾ ਰਿਹਾ ਸੀ। ਉਹਦੇ ਹੱਸਦੇ-ਹੱਸਦੇ ਦੀਆਂ ਅੱਖਾਂ ਵਿਚੋਂ ਪਾਣੀ ਨਿਕਲ ਆਇਆ ਸੀ।

"ਨਾ ਕੀ ਬੀਮਾਰੀ ਪੈ ਗਈ ਤੈਨੂੰ ?" ਉਹਦੇ ਵੱਲ ਦੇਖਦਾ ਹੋਇਆ ਦੀਪਾ ਫਿਰ ਬੋਲਿਆ।

"ਕੁਝ ਨਹੀਂ ਭਾ ਜੀ, ਕੁਝ ਨਹੀਂ," ਹੱਸਦੇ ਹੋਇਆਂ ਰਾਜਵੀਰ ਨੇ

ਕਿਹਾ।

"ਹੁਣ ਬੰਦਿਆਂ ਵਾਂਗੂੰ ਦੱਸ ਦੇ ਕਿਹੜੀ ਗੱਲੋਂ ਹੱਸਦਾ ਸੀ, ਨਹੀਂ ਤਾਂ ਮੈਂ ਬਾਲਾ ਚੁੱਕ ਕੇ ਸਿਰ 'ਚ ਮਾਰਨਾ ਤੇਰੇ।" ਛੱਤ 'ਤੇ ਪਾਉਣ ਵਾਲੇ ਬਾਲਿਆਂ ਵੱਲ ਇਸ਼ਾਰਾ ਕਰਦਾ ਹੋਇਆ ਦੀਪਾ ਬੋਲਿਆ।

"ਕੁਝ ਨਹੀਂ ਭਾ ਜੀ, ਮੈਂ ਤਾਂ ਇਹੀ ਸੋਚ ਕੇ ਹੱਸੀ ਜਾਨਾਂ ਕਿ ਪੂਰੇ ਪੰਜਾਬ ਦੀ ਪੁਲਿਸ ਨੂੰ ਵਖ਼ਤ ਪਾਉਣ ਵਾਲਾ ਦੀਪਾ ਕਿੱਡਾ ਵੱਡਾ ਭਲਵਾਨ ਆ।" ਰਾਜਵੀਰ ਦੀਪੇ ਦੇ ਪਤਲੇ ਜਿਹੇ ਸਰੀਰ ਵੱਲ ਦੇਖਦਾ ਫਿਰ ਹੱਸਣ ਲੱਗਾ।

"ਚੁੱਪ ਕਰ ਜਾ ਬੰਦਾ ਬਣ ਕੇ, ਮਤਾਂ ਮੇਰੇ ਕਸਰਤੀ ਸਰੀਰ ਨੂੰ ਕੋਈ ਨਜ਼ਰ ਹੀ ਨਾ ਲਾ ਦੇਵੀਂ," ਮੁਸਕਰਾਉਂਦਾ ਹੋਇਆ ਦੀਪਾ ਚਲ੍ਹੇ 'ਚ ਜਾ ਵੜਿਆ।

ਜਦ ਵੀ ਉਹ ਸਾਰੇ ਜਣੇ ਇਕੱਠੇ ਹੁੰਦੇ, ਸਮਾਂ ਖੰਭ ਲਾ ਕੇ ਉੱਡ ਜਾਂਦਾ। ਸਾਰਿਆਂ ਨੂੰ ਇਕ-ਦੂਜੇ ਨਾਲ ਮੋਹ ਜਿਹਾ ਹੋ ਗਿਆ ਸੀ।

ਗੱਲਬਾਤ ਕਰਦਿਆਂ ਪਤਾ ਹੀ ਨਾ ਲੱਗਿਆ ਉਹਨਾਂ ਨੂੰ ਕਿ ਦਿਨ ਕਦੋਂ ਬੀਤ ਗਿਆ। ਭਿੰਦੇ ਅਤੇ ਲੀਡਰਾਂ ਦੇ ਮੁੰਡੇ ਨੂੰ ਵੀ ਬੱਬੂ ਦੀ ਅਗਵਾਈ ਵਿਚ ਵਿਚਰਨ ਲਈ ਕਹਿ ਦਿੱਤਾ ਦੀਪੇ ਨੇ। ਅਸਲ ਵਿਚ ਭਿੰਦੇ ਅਤੇ ਰਾਮੇਵਾਲੀਏ ਸਿੰਘ ਦੇ ਘਰ ਦੀਪੇ ਦੀਆਂ ਠਾਹਰਾਂ ਸਨ। ਉਹ ਕਾਫ਼ੀ ਚਿਰ ਤੋਂ ਦੀਪੇ ਦੇ ਸੰਪਰਕ ਵਿਚ ਸਨ। ਉਹਨਾਂ ਦੋਨਾਂ ਨੂੰ ਐਸ.ਐਲ.ਆਰ. ਬੰਦੂਕਾਂ ਦੇ ਦਿੱਤੀਆਂ ਗਈਆਂ। ਸਾਰੇ ਸਿੰਘ ਵਿਹੜੇ ਵਿਚ ਡਿੱਠੇ ਮੰਜਿਆਂ 'ਤੇ ਬੈਠੇ ਵਿਚਾਰਾਂ ਕਰ ਰਹੇ ਸਨ।

"ਕੁਝ ਮੁੰਡੇ ਹੋਰ ਵੀ ਹੈਨ ਜੋ ਹਥਿਆਰਬੰਦ ਸੰਘਰਸ਼ 'ਚ ਕੁੱਦਣ ਲਈ ਤਿਆਰ ਨੇ, ਉਹਨਾਂ ਬਾਰੇ ਤੁਹਾਡੀ ਸਲਾਹ ਲੈਣੀ ਸੀ।" ਦੀਪੇ ਨੂੰ ਮੁਖ਼ਾਤਿਬ ਹੁੰਦਾ ਹੋਇਆ ਬੱਬੂ ਬੋਲਿਆ।

"ਕਿਥੋਂ ਹੈਨ ਅਤੇ ਕਿੰਨੀ ਕੁ ਦੇਰ ਤੋਂ ਉਹ ਤੁਹਾਡੇ ਸੰਪਰਕ 'ਚ ਹਨ?" ਸਵਾਲੀਆ ਨਜ਼ਰਾਂ ਨਾਲ ਦੇਖਦੇ ਹੋਏ ਦੀਪੇ ਨੇ ਪੁੱਛਿਆ।

"ਭਾਈ ਰਣਜੀਤ ਸਿੰਘ ਢੰਡਵਾੜ ਦੇ ਸਮੇਂ ਤੋਂ ਹੀ ਮੈਂ ਜਾਣਦਾਂ ਉਹਨਾਂ ਨੂੰ, ਪਹਿਲਾਂ ਰਣਜੀਤ ਦਾ ਉਧਰ ਆਉਣ-ਜਾਣ ਸੀ।" ਬੱਬੂ ਨੇ ਸੰਖੇਪ ਵਿਚ ਸਾਰੀ ਗੱਲ ਦੀਪੇ ਨੂੰ ਦੱਸ ਦਿੱਤੀ।

"ਇੰਜ ਕਰੋ, ਉਹਨਾਂ ਨੂੰ ਨਾਲ ਲੈ ਆਉ, ਪਰ ਕੁਝ ਮਹੀਨੇ ਪੱਕੀਆਂ ਠਾਹਰਾਂ 'ਤੇ ਨਾ ਲੈ ਕੇ ਜਾਇਓ।" ਦੀਪੇ ਨੇ ਨਵੇਂ ਮੁੰਡਿਆਂ ਨੂੰ ਨਾਲ

ਤੋਰਨ ਦੀ ਇਜਾਜ਼ਤ ਦੇ ਦਿੱਤੀ। ਰਾਤ ਨੂੰ ਵਿੱਛੜਨ ਤੋਂ ਪਹਿਲਾਂ ਦੀਪਾ ਤੇ ਪ੍ਰਧਾਨ ਹਮੇਸ਼ਾਂ ਦੀ ਤਰ੍ਹਾਂ ਸਾਰੇ ਸਿੰਘਾਂ ਨੂੰ ਗਲਵਕੜੀ ਪਾ ਕੇ ਮਿਲੇ। ਜਦ ਦੀਪਾ ਰਾਜਵੀਰ ਨੂੰ ਕਲਾਵੇ ਵਿਚ ਲੈ ਕੇ ਮਿਲ ਰਿਹਾ ਸੀ ਤਾਂ ਉਹ ਹੌਲੀ ਦੇਣੀ ਬੋਲਿਆ।

"ਅਗਲੀ ਵਾਰ ਆਪਾਂ ਦੋਹਾਂ ਨੇ ਕਿਤੇ ਚੱਲਣਾ ਏ। ਨਾਲੇ ਮੈਂ ਤੇਰੇ ਨਾਲ ਕਈ ਹੋਰ ਜ਼ਰੂਰੀ ਗੱਲਾਂ ਵੀ ਕਰਨੀਆਂ ਨੇ।"

ਰਾਜਵੀਰ ਬੁੱਲ੍ਹਾਂ ਵਿਚ ਮੁਸਕਰਾ ਪਿਆ।

"ਚੰਗਾ ਬਈ ਮਿੱਤਰੋ, ਹੁਣ ਫੇਰ ਮਿਲਾਂਗੇ," ਕਹਿ ਕੇ ਪ੍ਰਧਾਨ ਤੇ ਦੀਪਾ ਜਾਣ ਲੱਗੇ ਤਾਂ ਪ੍ਰਧਾਨ ਨੇ ਬੱਬੂ ਨੂੰ ਬਾਹਰ ਆਉਣ ਲਈ ਕਿਹਾ।

ਦੀਪੇ ਹੁਰਾਂ ਦੀ ਗੱਲ ਸੁਣ ਕੇ ਬੱਬੂ ਕੁਝ ਦੇਰ ਬਾਅਦ ਵਾਪਸ ਆ ਗਿਆ ਅਤੇ ਦੀਪੇ ਹੁਰਾਂ ਦੇ ਸਕੂਟਰ ਦੀ ਆਵਾਜ਼ ਹੌਲੀ-ਹੌਲੀ ਦੂਰ ਹੋ ਰਹੀ ਸੀ।

ਹੁਣ ਬੱਬੂ ਦੀ ਅਗਵਾਈ ਵਿਚ ਖ਼ਾਲਿਸਤਾਨੀ ਸਿੰਘਾਂ ਦਾ ਇਹ ਜਥਾ ਰਾਤਾਂ ਨੂੰ ਪੈਦਲ ਯਾਤਰਾ ਕਰਦਾ। ਹਰ ਰਾਤ ਉਹਨਾਂ ਦਾ ਇਕ ਨਵਾਂ ਸਫ਼ਰ ਸ਼ੁਰੂ ਹੁੰਦਾ। ਸਿਆਲ ਦੀਆਂ ਠੰਡੀਆਂ ਰਾਤਾਂ ਵਿਚ ਤੁਰਦਿਆਂ ਨੇ ਪੂਰਾ ਦੁਆਬਾ ਗਾਹ ਦਿੱਤਾ। ਉਹ ਤਰ੍ਹਾਂ-ਤਰ੍ਹਾਂ ਦੇ ਲੋਕਾਂ ਨੂੰ ਮਿਲਦੇ, ਉਹਨਾਂ ਦੀਆਂ ਦੁੱਖ-ਤਕਲੀਫ਼ਾਂ ਸੁਣਦੇ, ਉਹਨਾਂ ਨੂੰ ਖ਼ਾਲਿਸਤਾਨ ਦੀ ਲਹਿਰ ਬਾਰੇ ਸਮਝਾਉਂਦੇ।

ਇਸੇ ਤਰ੍ਹਾਂ ਹੀ ਘੁੰਮਦੇ ਉਹ ਇਕ ਰਾਤ ਨੂੰ ਮੰਡੀ ਪਿੰਡ ਵਿਚ ਜਾ ਪਹੁੰਚੇ। ਖੇਤਾਂ ਵਿਚ ਬਣਿਆ ਇਹ ਘਰ ਕਾਫ਼ੀ ਖੁੱਲ੍ਹਾ-ਡੁੱਲ੍ਹਾ ਸੀ। ਇਹ ਵੀ ਪਹਿਲਾਂ ਭਾਈ ਰਣਜੀਤ ਸਿੰਘ ਢੰਡਵਾੜ ਦੀ ਠਾਹਰ ਸੀ। ਇਸ ਘਰ ਵਿਚ ਵਿਆਹ ਕੇ ਲਿਆਂਦੀ ਨੂੰਹ ਨੂੰ ਘਰ ਵਾਲੇ ਕਾਫ਼ੀ ਤੰਗ ਅਤੇ ਦੁਖੀ ਕਰਦੇ ਸਨ। ਕੁੜੀ ਦੇ ਪੇਕਿਆਂ ਨੇ ਸਿੰਘਾਂ ਤਕ ਪਹੁੰਚ ਕੀਤੀ ਅਤੇ ਰਣਜੀਤ ਸਿੰਘ ਢੰਡਵਾੜ ਅਤੇ ਬਲਜੀਤ ਸਿੰਘ ਢੱਕ ਮਾਜਰਾ ਨੇ ਇਸ ਕੁੜੀ ਦਾ ਘਰ ਵਸਾਇਆ ਸੀ। ਸਿੰਘਾਂ ਦੇ ਦਖ਼ਲ ਦੇਣ ਤੋਂ ਬਾਅਦ ਹੁਣ ਕੁੜੀ ਆਪਣੇ ਘਰ ਸੁਖੀ ਵੱਸਦੀ ਸੀ। ਅੱਜ ਵੀ ਜਦ ਬੱਬੂ ਹੁਰਾਂ ਨੇ ਜਾ ਕੇ ਉਹਨਾਂ ਨੂੰ ਸੁੱਤਿਆਂ ਪਿਆਂ ਨੂੰ ਜਗਾਇਆ ਤਾਂ ਉਸ ਕੁੜੀ ਨੂੰ ਚਾਅ ਚੜ੍ਹ ਗਿਆ।

ਬੱਬੂ ਹੋਰਾਂ ਨੂੰ ਦੇਖਦਿਆਂ ਹੀ ਉਹ ਬੋਲੀ, "ਸ਼ੁਕਰ ਏ ਮੇਰੇ ਵੀਰਾਂ ਨੂੰ ਮੇਰੇ ਘਰ ਦਾ ਰਸਤਾ ਚੇਤੇ ਆਇਆ। ਮੈਂ ਤਾਂ ਸੋਚਿਆ ਸ਼ਾਇਦ ਇਸ ਭੈਣ ਨੂੰ ਭੁੱਲ ਹੀ ਗਏ ਨੇ ਮੇਰੇ ਭਰਾ।"

ਸਿੰਘਾਂ ਦੀ ਮੂੰਹ-ਬੋਲੀ ਭੈਣ ਆਪਣੇ ਭਰਾਵਾਂ 'ਤੇ ਬੜੀ ਦੇਰ ਬਾਅਦ ਆਉਣ ਦਾ ਗਿਲਾ ਕਰ ਰਹੀ ਸੀ।

"ਬੱਸ ਭੈਣੇ, ਸਮਾਂ ਹੀ ਨਹੀਂ ਲੱਗਿਆ ਤੇਰੇ ਕੰਨੀਂ ਆਉਣ ਦਾ," ਬੱਬੂ ਬੋਲਿਆ।

"ਰਣਜੀਤ ਭਾ ਜੀ ਦਾ ਤਾਂ ਬਹੁਤ ਮਾੜਾ ਹੋਇਆ ਭਾ ਜੀ।" ਕੁੜੀ ਨੇ ਭਾਈ ਰਣਜੀਤ ਸਿੰਘ ਨੂੰ ਚੇਤੇ ਕਰ ਕੇ ਅੱਖਾਂ ਭਰ ਲਈਆਂ।

"ਕੌਮੀ ਪਰਵਾਨਿਆਂ ਨੇ ਤਾਂ ਆਜ਼ਾਦੀ ਦੀ ਸ਼ਮ੍ਹਾ ਤੋਂ ਕੁਰਬਾਨ ਹੋਣ ਲਈ ਹੀ ਜਨਮ ਲਿਆ ਹੁੰਦਾ ਭੈਣੇ। ਨਾਲੇ ਸ਼ਹੀਦ ਦੀ ਮੌਤ ਤਾਂ ਕਿਸਮਤ ਵਾਲਿਆਂ ਨੂੰ ਮਿਲਦੀ ਏ।" ਬੱਬੂ ਵੀ ਰਣਜੀਤ ਢੰਡਵਾੜ ਨੂੰ ਯਾਦ ਕਰ ਕੇ ਜਜ਼ਬਾਤੀ ਹੋ ਗਿਆ।

ਕੁੜੀ ਦੇ ਸਹੁਰੇ ਨੇ ਮੋਟਰ ਚਲਾ ਦਿੱਤੀ। ਵਾਰੋ-ਵਾਰੀ ਸਾਰਿਆਂ ਨੇ ਇਸ਼ਨਾਨ ਕੀਤਾ। ਪਾਠ ਕਰਨ ਉਪਰੰਤ ਰਾਜਵੀਰ ਅਤੇ ਬੱਬੂ ਪਹਿਰੇ 'ਤੇ ਬਹਿ ਗਏ ਅਤੇ ਬਾਕੀ ਸਿੰਘ ਮੰਜਿਆਂ 'ਤੇ ਅੜਿੰਗ-ਬੜਿੰਗ ਹੋ ਗਏ।

ਉਸ ਤੋਂ ਅਗਲੀ ਰਾਤ ਸਾਰਾ ਜਥਾ ਦਿਆਲਪੁਰ ਜਾ ਵੜਿਆ। ਪਿੰਡੋਂ ਬਾਹਰਵਾਰ ਫਿਰਨੀ 'ਤੇ ਬਣੀ ਕੋਠੀ ਅੰਦਰ ਸੁੱਤੇ ਪਏ ਪਰਿਵਾਰ ਨੂੰ ਜਾ ਜਗਾਇਆ।

ਸਿੰਘਾਂ ਨੂੰ ਦੇਖ ਕੇ ਸਾਰੇ ਪਰਿਵਾਰ ਵਿਚ ਇਕ ਮਾਤਮ ਜਿਹਾ ਛਾ ਗਿਆ। ਉਹਨਾਂ ਦੇ ਚਿਹਰੇ ਉਤਰ ਗਏ। ਇਸ ਤਰ੍ਹਾਂ ਮਹਿਸੂਸ ਹੋ ਰਿਹਾ ਸੀ ਜਿਵੇਂ ਉਹ ਕਹਿ ਰਹੇ ਹੋਣ, 'ਲਉ ਹੋਰ ਮੁਸੀਬਤਾਂ ਆ ਗਈਆਂ'। ਸਾਰੇ ਟੱਬਰ ਦੀ ਹਾਲਤ ਫਸੀ ਨੂੰ ਫਟਕਣ ਵਾਲੀ ਹੋਈ ਪਈ ਸੀ।

ਦਿਲੋਂ ਉਹ ਖਾੜਕੂਆਂ ਨੂੰ ਪਸੰਦ ਨਹੀਂ ਸੀ ਕਰਦੇ ਪਰ ਬੰਦੂਕਾਂ ਦੇ ਡਰੋਂ ਹੀ ਰੋਟੀ-ਪਾਣੀ ਛਕਾ ਦਿੰਦੇ ਸਨ।

"ਸਾਨੂੰ ਦੇਖ ਕੇ ਇਹਨਾਂ ਦੇ ਚਿਹਰੇ ਕਿਉਂ ਉਤਰ ਜਿਹੇ ਗਏ ਨੇ ?" ਰਾਜਵੀਰ ਨੇ ਬੱਬੂ ਨੂੰ ਹੌਲੀ ਜਿਹੇ ਪੁੱਛਿਆ।

"ਸਬਰ ਕਰ, ਤੈਨੂੰ ਦੱਸਦਾਂ ਇਹਨਾਂ ਦੀ ਸਾਰੀ ਕਹਾਣੀ," ਬੱਬੂ ਬੋਲਿਆ।

ਘਰ ਦੀਆਂ ਔਰਤਾਂ ਨੇ ਚਾਹ ਦਾ ਪਤੀਲਾ ਧਰ ਦਿੱਤਾ।

ਘਰ ਦਾ ਮੁਖੀ ਮਰਦ ਬੱਬੂ ਹੋਰਾਂ ਦੇ ਕੋਲ ਆ ਕੇ ਬਹਿ ਗਿਆ।

"ਅੱਜ ਕੱਲ੍ਹ ਪੁਲਿਸ ਦੀ ਸਖ਼ਤੀ ਬਹੁਤ ਵਧ ਗਈ ਆ ਜੀ।" ਬੱਬੂ ਨੂੰ ਮੁਖ਼ਾਤਿਬ ਹੁੰਦਾ ਉਹ ਬੋਲਿਆ।

"ਹਾਂ, ਗੱਲ ਤਾਂ ਤੁਹਾਡੀ ਠੀਕ ਏ," ਬੱਬੂ ਨੇ ਸੰਖੇਪ ਜਿਹਾ ਉੱਤਰ ਦਿੱਤਾ।

"ਪੁਲਿਸ ਵਾਲੇ ਕੁੱਟ-ਮਾਰ ਬਹੁਤ ਕਰਦੇ ਆ ਜੀ। ਹੁਣ ਤਾਂ ਮੁਕਾਬਲਾ ਬਣਾਉਣ ਲੱਗੇ ਵੀ ਬਿੰਦ ਨਹੀਂ ਲਾਉਂਦੇ।" ਟੱਬਰ ਦਾ ਮੁਖੀ ਪੁਲਿਸ ਤਸ਼ੱਦਦ ਤੋਂ ਖ਼ੌਫ਼ਜ਼ਦਾ ਸੀ।

"ਆਪਣੇ ਘਰ ਕਿੰਨੀ ਵਾਰੀ ਆਈ ਏ ਭਲਾ ਪੁਲਿਸ ਬਜ਼ੁਰਗੋ ?" ਬੱਬੂ ਨੇ ਉਹਦੇ ਵੱਲ ਸਵਾਲੀਆ ਨਜ਼ਰਾਂ ਸੁੱਟਦੇ ਹੋਏ ਪੁੱਛਿਆ।

"ਆਪਣੇ ਤਾਂ ਨਹੀਂ ਆਈ ਜੀ ਹਾਲੇ ਤਕ, ਬੱਸ ਲੋਕਾਂ ਤੋਂ ਹੀ ਸੁਣਿਆ ਜਾਂ ਅਖ਼ਬਾਰਾਂ ਵਿਚ ਪੜ੍ਹਿਆ ਏ।" ਬਜ਼ੁਰਗ ਬੱਬੂ ਦੀ ਗੱਲ ਸੁਣ ਕੇ ਕਾਹਲੀ-ਕਾਹਲੀ ਬੋਲਿਆ।

"ਬਜ਼ੁਰਗੋ, ਗੱਲ ਤੁਹਾਡੀ ਬਿਲਕੁਲ ਸੋਲ੍ਹਾਂ ਆਨੇ ਸੱਚੀ ਆ। ਪੁਲਿਸ ਦਾ ਤਸ਼ੱਦਦ ਅਤੇ ਜ਼ੁਲਮ ਕਾਫ਼ੀ ਵਧ ਗਿਆ ਏ। ਅਸੀਂ ਵੀ ਇਸ ਜ਼ੁਲਮ ਦੇ ਖ਼ਿਲਾਫ਼ ਹੀ ਹਥਿਆਰ ਚੁੱਕੇ ਨੇ। ਅਸੀਂ ਵੀ ਇਸ ਨਿਜ਼ਾਮ ਨੂੰ ਬਦਲਣਾ ਚਾਹੁੰਦੇ ਆਂ। ਅਸੀਂ ਵੀ ਚਾਹੁੰਨੇ ਆਂ ਕਿ ਗੁਰੂ ਦੇ ਦੱਸੇ ਮਾਰਗ 'ਤੇ ਚੱਲਦਿਆਂ ਅਸੀਂ ਹਲੇਮੀ ਰਾਜ ਸਥਾਪਿਤ ਕਰੀਏ, ਜਿਥੇ ਅਸੀਂ ਵੀ ਆਜ਼ਾਦੀ ਦਾ ਨਿੱਘ ਮਾਣ ਸਕੀਏ। ਇਸ ਜ਼ੁਲਮੀ ਰਾਜ ਨੂੰ ਜੜ੍ਹੋਂ ਖ਼ਤਮ ਕਰਨ ਲਈ ਸਾਨੂੰ ਤੁਹਾਡਾ ਸਹਿਯੋਗ ਚਾਹੀਦਾ ਏ ਪਰ ਤੁਸੀਂ ਤਾਂ ਸਾਨੂੰ ਰੋਟੀ-ਪਾਣੀ ਖਵਾਉਣ ਤੋਂ ਵੀ ਇਨਕਾਰੀ ਹੋ।" ਬੱਬੂ ਇਕੋ ਸਾਹ ਵਿਚ ਹੀ ਲੰਮਾ-ਚੌੜਾ ਭਾਸ਼ਣ ਦੇ ਗਿਆ ਬਜ਼ੁਰਗ ਨੂੰ।

"ਮੈਂ ਜੀ ਤੁਹਾਡੇ ਲਈ ਚਾਹ ਲੈ ਕੇ ਆਉਨਾਂ," ਕਹਿੰਦਾ ਹੋਇਆ ਘਰ ਦਾ ਮੁਖੀ ਰਸੋਈ ਵੱਲ ਨੂੰ ਖਿਸਕ ਗਿਆ।

"ਇਹੋ ਜਿਹੇ ਲੋਕਾਂ 'ਤੇ ਸਾਡੀਆਂ ਗੱਲਾਂ ਦਾ ਕੋਈ ਅਸਰ ਨਹੀਂ ਹੁੰਦਾ ਰਾਜਵੀਰ। ਇਹਨਾਂ ਨੂੰ ਕੌਮ ਦੇ ਦਰਦ ਦਾ ਕੋਈ ਅਹਿਸਾਸ ਨਹੀਂ," ਕਹਿੰਦਾ ਹੋਇਆ ਬੱਬੂ ਛੱਤ 'ਤੇ ਲੱਗੇ ਲਾਟੂ ਨੂੰ ਘੂਰਨ ਲੱਗ ਪਿਆ।

ਬਜ਼ੁਰਗ ਚਾਹ ਲੈ ਕੇ ਆਇਆ। ਉਹ ਸਾਰੇ ਜਣੇ ਚਾਹ ਦੀਆਂ ਚੁਸਕੀਆਂ ਭਰਨ ਲੱਗ ਪਏ।

ਚਾਹ ਪੀਣ ਤੋਂ ਬਾਅਦ ਬੱਬੂ ਅਤੇ ਰਾਜਵੀਰ ਨੇ ਚੁਬਾਰਾ ਮੱਲ ਲਿਆ। ਬਾਕੀ ਦੇ ਸਿੰਘ ਆਰਾਮ ਕਰਨ ਲਈ ਮੰਜਿਆਂ 'ਤੇ ਲੇਟ ਗਏ।

"ਆ ਬਈ ਮਿੱਤਰਾ, ਤੈਨੂੰ ਸੁਣਾਵਾਂ ਇਸ ਟੱਬਰ ਦੀ ਕਹਾਣੀ।" ਮੰਜੇ ਦੇ ਸਿਰਹਾਣੇ ਆਪਣੀ ਅਸਾਲਟ ਟਿਕਾਉਂਦਾ ਹੋਇਆ ਬੱਬੂ ਬੋਲਿਆ,

"ਸਾਲ ਕੁ ਪੁਰਾਣੀ ਗੱਲ ਆ, ਅਸੀਂ ਸਾਰੇ ਜਣੇ ਦੀਪੇ ਭਾ ਜੀ ਨਾਲ ਇਕ ਰਾਤ ਨੂੰ ਏਸ ਘਰ ਆ ਗਏ। ਸਾਨੂੰ ਦੇਖਦਿਆਂ ਹੀ ਆਹ ਘਰ ਦਾ ਮੁਖੀ ਬੋਲਿਆ, "ਕਿਧਰ ਮੂੰਹ ਚੁੱਕੀ ਤੁਰੇ ਆਉਂਦੇ ਹੋ? ਕੌਣ ਹੋ ਭਾਈ?"

"ਕੋਈ ਗੱਲ ਨਹੀਂ ਬਜ਼ੁਰਗੋ, ਆ ਜਾਉ, ਆਪਾਂ ਘਰ ਦੇ ਹੀ ਬੰਦੇ ਆਂ।" ਦੀਪਾ ਬਜ਼ੁਰਗ ਦੇ ਮੋਢੇ 'ਤੇ ਹੱਥ ਰੱਖਦਾ ਹੋਇਆ ਬੋਲਿਆ।

"ਕਿਹੜੇ ਘਰ ਦੇ, ਅਸੀਂ ਨਹੀਂ ਜਾਣਦੇ ਤੁਹਾਨੂੰ। ਤੁਸੀਂ ਬੂਹਿਉਂ ਬਾਹਰ ਹੋਵੋ," ਬਜ਼ੁਰਗ ਵਾਹਵਾ ਗ਼ੁੱਸੇ ਵਿਚ ਬੋਲਿਆ।

"ਬਜ਼ੁਰਗੋ, ਅਸੀਂ ਖ਼ਾਲਿਸਤਾਨ ਕਮਾਂਡੋ ਫ਼ੋਰਸ ਦੇ ਸਿੰਘ ਆਂ। ਅਸੀਂ ਬੱਸ ਪ੍ਰਸ਼ਾਦਾ ਛਕਣਾ ਏ, ਫਿਰ ਅਸੀਂ ਚਲੇ ਜਾਵਾਂਗੇ।" ਦੀਪੇ ਨੇ ਬੜੇ ਪਿਆਰ ਅਤੇ ਹਲੀਮੀ ਨਾਲ ਬਜ਼ੁਰਗ ਨੂੰ ਆਖਿਆ।

"ਤੁਸੀਂ ਭਾਵੇਂ ਕਿਸੇ ਵੀ ਕਮਾਂਡੋ ਫ਼ੋਰਸ ਦੇ ਹੋਵੋ, ਤੁਸੀਂ ਬੂਹਿਉਂ ਬਾਹਰ ਨਿਕਲੋ। ਸਾਡੇ ਘਰ ਹੈ ਨਹੀਂ ਆਟਾ ਤੁਹਾਡੀਆਂ ਦੁੱਪੜਾਂ ਲਾਹੁਣ ਲਈ।" ਬਜ਼ੁਰਗ ਗ਼ੁੱਸੇ ਵਿਚ ਤਪਿਆ ਹੋਇਆ ਬੋਲਿਆ।

"ਬਜ਼ੁਰਗੋ, ਨੌਜਵਾਨ ਤੁਹਾਡੇ ਲਈ ਕੌਮੀ ਘਰ ਉਸਾਰਨ ਲਈ ਆਪਣੇ ਘਰਾਂ ਦਾ ਮੋਹ-ਪਿਆਰ ਤਿਆਗ ਕੇ ਆਪਣੀਆਂ ਜਾਨਾਂ ਕੁਰਬਾਨ ਕਰ ਰਹੇ ਹਨ ਤੇ ਤੁਸੀਂ ਲੋਕ ਇਕ ਪ੍ਰਸ਼ਾਦਾ ਵੀ ਨਹੀਂ ਛਕਾ ਸਕਦੇ।" ਦੀਪਾ ਬਜ਼ੁਰਗ ਨੂੰ ਸਮਝਾਉਣ ਦੇ ਲਹਿਜੇ ਵਿਚ ਬੋਲਿਆ।

"ਨਾ ਮੈਂ ਤੁਹਾਨੂੰ ਕਹਿਣ ਗਿਆ ਸੀ ਕਿ ਘਰ-ਬਾਰ ਛੱਡ ਕੇ ਆਉ, ਲੱਗਦੇ ਕੌਮੀ ਘਰ ਦੇ।" ਬਜ਼ੁਰਗ ਪੈਰਾਂ 'ਤੇ ਪਾਣੀ ਨਹੀਂ ਸੀ ਪੈਣ ਦੇ ਰਿਹਾ।

ਪਰ ਹੁਣ ਦੀਪੇ ਦਾ ਧੀਰਜ ਜਵਾਬ ਦੇ ਗਿਆ।

ਉਸ ਨੇ ਪਸ਼ੂਆਂ ਦਾ ਗੋਹਾ ਪਿੱਛੇ ਹਟਾਉਣ ਵਾਲਾ ਫੌੜਾ ਚੁੱਕ ਲਿਆ। ਸਾਡੇ ਵੱਲ ਦੇਖਦਾ ਹੋਇਆ ਉਹ ਬੋਲਿਆ, "ਜਿਹੜਾ ਵੀ ਸਾਰੇ ਟੱਬਰ ਵਿਚੋਂ ਚੀਕ ਮਾਰੇ, ਉਹਨੂੰ ਗੋਲੀ ਮਾਰ ਦਿਓ।"

ਅਸੀਂ ਆਪਣੀਆਂ ਬੰਦੂਕਾਂ ਬੁੱਕਲਾਂ ਵਿਚੋਂ ਬਾਹਰ ਕੱਢ ਲਈਆਂ। ਜਿਹੜਾ ਵੀ ਟੱਬਰ ਦਾ ਮਰਦ ਮੈਂਬਰ ਉਹਦੇ ਸਾਹਮਣੇ ਆਇਆ, ਫੌੜੇ ਮਾਰ-ਮਾਰ ਦੀਪੇ ਨੇ ਉਹਦੇ ਹੱਡ ਸੇਕ ਦਿੱਤੇ। ਦਸ ਕੁ ਮਿੰਟ ਘਰ ਦੇ ਸਾਰੇ ਮਰਦ ਮੈਂਬਰਾਂ ਦੀ ਚੰਗੀ ਭੁਗਤ ਸਵਾਰੀ।

ਗੋਲੀ ਵੱਜਣ ਦੇ ਡਰੋਂ ਕੋਈ ਮੂੰਹ 'ਚੋਂ ਹਾਏ ਵੀ ਨਹੀਂ ਸੀ ਕੱਢ ਰਿਹਾ। ਆਖ਼ਰ ਪ੍ਰਧਾਨ ਨੇ ਹੀ ਦੀਪੇ ਨੂੰ ਹਟਾਇਆ ਸੀ।

ਘਰ ਦੀਆਂ ਔਰਤਾਂ ਨੇ ਪਲਾਂ ਵਿਚ ਹੀ ਪ੍ਰਸ਼ਾਦੇ ਸਿੰਘਾਂ ਅੱਗੇ ਪਰੋਸ ਦਿੱਤੇ।

"ਇਹ ਆ ਸਾਰੀ ਕਹਾਣੀ ਇਸ ਟੱਬਰ ਦੀ।" ਬੱਬੂ ਸਾਰੀ ਕਹਾਣੀ ਸੁਣਾ ਕੇ ਬੋਲਿਆ।

"ਤਾਹੀਓਂ ਮੈਂ ਕਹਾਂ ਕਿ ਸਾਨੂੰ ਦੇਖ ਕੇ ਇਹਨਾਂ 'ਚ ਸੋਗ ਕਿਉਂ ਪੈ ਗਿਆ," ਮੁਸਕਰਾਉਂਦਾ ਹੋਇਆ ਰਾਜਵੀਰ ਬੋਲਿਆ।

"ਇਹੋ ਜਿਹੇ ਲੋਕਾਂ 'ਤੇ ਕੋਈ ਯਕੀਨ ਨਹੀਂ ਕੀਤਾ ਜਾ ਸਕਦਾ। ਇਸੇ ਕਰਕੇ ਮੈਂ ਚੁਬਾਰੇ ਚੜ੍ਹ ਆਇਆਂ, ਬਈ ਆਲੇ-ਦੁਆਲੇ ਦੂਰ ਤਕ ਨਜ਼ਰ ਰਹੇਗੀ।"

ਰਾਜੂ ਅਤੇ ਨਾਲ ਦੇ ਸਾਰੇ ਸਿੰਘ ਆਰਾਮ ਨਾਲ ਸੌਂ ਗਏ। ਚੁਬਾਰੇ ਵਿਚ ਬੈਠੇ ਬੱਬੂ ਤੇ ਰਾਜਵੀਰ ਕਾਲਜ ਦੀਆਂ ਗੱਲਾਂ ਕਰਦੇ ਆਲੇ-ਦੁਆਲੇ ਨਿਗ੍ਹਾ ਰੱਖ ਰਹੇ ਸਨ।

ਦਿਨ ਚੜ੍ਹਦੇ ਹੀ ਘਰ ਦੇ ਇਕ ਮੈਂਬਰ ਨੂੰ ਘੱਲ ਕੇ ਉਸ ਜਵਾਨ ਨੂੰ ਵੀ ਬੁਲਾ ਲਿਆ, ਜਿਹੜਾ ਉਹਨਾਂ ਦੇ ਗਰੁੱਪ ਵਿਚ ਸ਼ਾਮਲ ਹੋਣ ਲਈ ਕਾਹਲਾ ਸੀ। ਬੱਬੂ ਹੋਰਾਂ ਨੂੰ ਦੇਖ ਕੇ ਉਸ ਨੂੰ ਚਾਅ ਚੜ੍ਹ ਗਿਆ।

ਸਾਰਾ ਦਿਨ ਆਪਸ ਵਿਚ ਗੱਲਾਂ ਕਰਦਿਆਂ ਲੰਘ ਗਿਆ। ਰਾਤ ਦੇ ਹਨੇਰੇ ਨੇ ਹੌਲੀ-ਹੌਲੀ ਪਸਰਨਾ ਸ਼ੁਰੂ ਕਰ ਦਿੱਤਾ ਸੀ।

ਉਹਨਾਂ ਨੇ ਵੀ ਅਗਲੇ ਸਫ਼ਰ ਦੀ ਤਿਆਰੀ ਸ਼ੁਰੂ ਕਰ ਦਿੱਤੀ। ਜਦੋਂ ਉਹ ਸਾਰੇ ਜਣੇ ਪਰਿਵਾਰ ਨੂੰ ਫ਼ਤਹਿ ਬੁਲਾ ਕੇ ਘਰੋਂ ਬਾਹਰ ਹੋ ਗਏ ਤਾਂ ਘਰ ਵਾਲਿਆਂ ਨੇ ਸੁਖ ਦਾ ਸਾਹ ਲਿਆ।

ਖਾੜਕੂ ਸਿੰਘਾਂ ਦਾ ਘਰ ਆਉਣਾ ਉਹਨਾਂ ਲਈ ਇਕ ਮੁਸੀਬਤ ਸੀ। ਜੇ ਉਹਨਾਂ ਦਾ ਵੱਸ ਚੱਲਦਾ ਤਾਂ ਪੁਲਿਸ ਨੂੰ ਸੱਦ ਕੇ ਸਾਰੇ ਸਿੰਘਾਂ ਨੂੰ ਮਰਵਾ ਦੇਣ ਪਰ ਸਿੰਘ ਇਹਨਾਂ ਦਾ ਵਿਸਾਹ ਨਹੀਂ ਸੀ ਖਾਂਦੇ। ਜਿੰਨਾ ਚਿਰ ਉਹ ਇਸ ਘਰ ਵਿਚ ਰਹਿੰਦੇ, ਉਹ ਘਰ ਦੇ ਕਿਸੇ ਵੀ ਮੈਂਬਰ ਨੂੰ ਘਰੋਂ ਬਾਹਰ ਨਾ ਜਾਣ ਦਿੰਦੇ। ਦੋ ਸਿੰਘ ਹਮੇਸ਼ਾਂ ਪਹਿਰੇ 'ਤੇ ਬਹਿੰਦੇ ਅਤੇ ਘਰ ਦਾ ਫ਼ੋਨ ਉਹ ਆਉਂਦੇ ਹੀ ਆਪਣੇ ਕਬਜ਼ੇ ਵਿਚ ਕਰ ਕੇ ਉਹਦੀ ਤਾਰ ਕੱਢ ਦਿੰਦੇ ਸਨ।

ਦਿਆਲਪੁਰ ਇਕ ਇਹੋ ਜਿਹਾ ਪਿੰਡ ਸੀ, ਜਿਥੇ ਘੱਟੋ-ਘੱਟ ਅੱਧੇ ਪਿੰਡ ਦੇ ਘਰਾਂ ਵਿਚ ਫ਼ੋਨ ਲੱਗੇ ਹੋਏ ਸਨ।

ਪਿੰਡੋਂ ਬਾਹਰ ਨਿਕਲ ਕੇ ਖੇਤਾਂ ਵਿਚ ਖੜੇ ਸਿੰਘਾਂ ਨੂੰ ਮੁਖ਼ਾਤਿਬ ਹੁੰਦਾ ਹੋਇਆ ਬੱਬੂ ਬੋਲਿਆ, "ਲਓ ਬਈ ਮਿੱਤਰੋ, ਮੈਂ ਅਤੇ ਰਾਜੂ ਨੇ ਕਿਸੇ ਹੋਰ ਕੰਮ ਕਿਤੇ ਜਾਣਾ ਏ, ਸੋ ਤੁਸੀਂ ਰਾਜਵੀਰ ਅਤੇ ਜਤਿੰਦਰ ਦੀ ਅਗਵਾਈ ਵਿਚ ਚੱਲਣਾ ਏ। ਆਪਣਾ ਸਾਰਾ ਸਫ਼ਰ ਖੇਤਾਂ ਜਾਂ ਕੱਚੇ ਰਾਹਾਂ ਰਾਹੀਂ ਕਰਨਾ ਏ। ਰਾਜਵੀਰ ਤੇ ਜਤਿੰਦਰ ਨੂੰ ਪਤਾ ਹੈ ਕਿ ਕਿਥੇ ਪਹੁੰਚਣਾ ਏ। ਅਸੀਂ ਕੁਝ ਦਿਨਾਂ ਬਾਅਦ ਤੁਹਾਨੂੰ ਆ ਮਿਲਾਂਗੇ।"

ਸੋ ਸਾਰੇ ਜਣੇ ਇਕ-ਦੂਜੇ ਨੂੰ ਗਲਵਕੜੀਆਂ ਪਾ ਕੇ ਮਿਲਣ ਤੋਂ ਬਾਅਦ ਦੋ ਵੱਖੋ-ਵੱਖਰੀਆਂ ਦਿਸ਼ਾਵਾਂ ਨੂੰ ਰਵਾਨਾ ਹੋ ਗਏ।

ਦਿਆਲਪੁਰ ਵਾਲਾ ਜਵਾਨ ਵੀ ਉਹਨਾਂ ਦੇ ਨਾਲ ਸੀ। ਸਿਆਲੀ ਰਾਤ ਵਿਚ ਖੇਤਾਂ ਦੇ ਵਿਚ ਦੀ ਤੁਰੇ ਜਾਂਦੇ ਉਹ ਕਦੀ-ਕਦੀ ਭੁਲੇਖੇ ਨਾਲ ਪਾਣੀ ਲੱਗੇ ਖੇਤਾਂ ਵਿਚ ਵੀ ਜਾ ਵੜਦੇ। ਦਿਆਲਪੁਰੀਏ ਜਵਾਨ ਲਈ ਇਹ ਇਕ ਨਵਾਂ ਤਜਰਬਾ ਸੀ। ਰਾਜਵੀਰ ਅਤੇ ਜਤਿੰਦਰ ਅੱਗੇ ਹੋ ਕੇ ਹਰ ਨਾਕਾ ਆਪ ਚੈੱਕ ਕਰਦੇ। ਇਸ ਤਰ੍ਹਾਂ ਸਾਰੀ ਰਾਤ ਤੁਰਨ ਮਗਰੋਂ ਉਹ ਇਕ ਡੇਰੇ 'ਤੇ ਜਾ ਪਹੁੰਚੇ। ਇਹ ਪਰਿਵਾਰ ਸਿੰਘਾਂ ਦਾ ਹਮਦਰਦ ਸੀ। ਸਾਰਾ ਦਿਨ ਇਥੇ ਆਰਾਮ ਕਰਨ ਤੋਂ ਬਾਅਦ ਰਾਤ ਹੋਈ ਤਾਂ ਉਹ ਫਿਰ ਤੁਰ ਪਏ।

ਖੇਤਾਂ ਅਤੇ ਕੱਚੇ ਰਾਹਾਂ ਰਾਹੀਂ ਤੁਰਦੇ ਉਹ ਕਈ ਵਾਰ ਪੈਰ ਵਿਚ ਕਿਸੇ ਚੀਜ਼ ਦੇ ਫਸਣ ਕਾਰਨ ਮੂੰਹ-ਭਾਰ ਜਾ ਡਿਗਦੇ, ਪਰ ਸਿਦਕੀ ਸਿੰਘ 'ਵਾਹਿਗੁਰੂ' ਆਖ ਕੇ ਉੱਠਦੇ ਤੇ ਸਫ਼ਰ ਜਾਰੀ ਰੱਖਦੇ। ਇਸ ਤਰ੍ਹਾਂ ਤਿੰਨਾਂ ਰਾਤਾਂ ਦੇ ਸਫ਼ਰ ਤੋਂ ਬਾਅਦ ਉਹ ਉਸ ਟਿਕਾਣੇ 'ਤੇ ਜਾ ਪਹੁੰਚੇ ਜਿਥੇ ਬੱਬੂ ਨੇ ਪਹੁੰਚਣ ਲਈ ਕਿਹਾ ਸੀ। ਇਹਨਾਂ ਤਿੰਨਾਂ ਰਾਤਾਂ ਦੇ ਸਫ਼ਰ ਨੇ ਦਿਆਲਪੁਰੀਏ ਜਵਾਨ ਦੀਆਂ ਅੱਖਾਂ ਖੋਲ੍ਹ ਦਿੱਤੀਆਂ। ਉਸ ਦੇ ਸਾਹਮਣੇ ਖਾੜਕੂ ਜੀਵਨ ਦੀ ਅਸਲੀ ਤਸਵੀਰ ਆ ਗਈ। ਪਿਛਲੀ ਰਾਤ ਜਦੋਂ ਉਹ ਖਾਲ ਦੇ ਬੰਨੇ-ਬੰਨੇ ਤੁਰੇ ਜਾ ਰਹੇ ਸਨ ਤਾਂ ਉਹ ਦੋ ਵਾਰੀ ਵਗਦੇ ਖਾਲ ਵਿਚ ਡਿੱਗ ਪਿਆ ਸੀ। ਸਾਰੇ ਕੱਪੜੇ ਗਾਰੇ ਨਾਲ ਲਿੱਬੜ ਗਏ ਸਨ। ਉਸ ਨੇ ਤਾਂ ਸੁਪਨੇ ਵਿਚ ਵੀ ਨਹੀਂ ਸੀ ਸੋਚਿਆ ਕਿ ਖਾੜਕੂ ਜੀਵਨ ਇਸ ਤਰ੍ਹਾਂ ਦਾ ਹੋਵੇਗਾ। ਖਾੜਕੂ ਬਣਨ ਦਾ ਉਹਦਾ ਮੋਹ ਭੰਗ ਹੋ ਗਿਆ। ਜਦ ਉਹ ਆਪਣੇ ਟਿਕਾਣੇ 'ਤੇ ਪਹੁੰਚੇ ਤਾਂ ਆਰਾਮ ਕਰਨ ਤੋਂ ਬਾਅਦ ਦਿਆਲਪੁਰੀਆ ਜਵਾਨ ਰਾਜਵੀਰ ਦੇ ਕੋਲ ਗਿਆ।

"ਭਾ ਜੀ, ਮੇਰੇ ਸਾਰੇ ਕੱਪੜੇ ਖ਼ਰਾਬ ਹੋ ਗਏ ਆ, ਮੈਂ ਆਪਣੇ ਕੱਪੜੇ ਫਿਲੌਰ ਇਕ ਦਰਜ਼ੀ ਨੂੰ ਸੀਣੇ ਦਿੱਤੇ ਹੋਏ ਆ, ਜੇ ਤੁਸੀਂ ਇਜਾਜ਼ਤ ਦਿਓ ਤਾਂ ਮੈਂ ਜਾ ਕੇ ਉਹ ਕੱਪੜੇ ਲੈ ਆਵਾਂ ?" ਮੁੰਡੇ ਨੇ ਰਾਜਵੀਰ ਨੂੰ ਸਵਾਲ ਪਾਇਆ।

ਉਹਦੇ ਚਿਹਰੇ ਵੱਲ ਦੇਖ ਕੇ ਰਾਜਵੀਰ ਬੁੱਲ੍ਹਾਂ 'ਚ ਮੁਸਕਰਾ ਪਿਆ। ਪਿਛਲੀਆਂ ਤਿੰਨ ਰਾਤਾਂ ਵਿਚ ਰਾਜਵੀਰ ਨੇ ਵੀ ਇਹ ਮਹਿਸੂਸ ਕਰ ਲਿਆ ਸੀ ਕਿ ਇਹ ਮੁੰਡਾ ਨਹੀਂ ਨਿਭਾ ਸਕਦਾ ਖਾੜਕੂ ਜੀਵਨ ਦੀਆਂ ਤੰਗੀਆਂ ਤੁਰਸ਼ੀਆਂ।

ਉਹਦੇ ਚਿਹਰੇ ਨੂੰ ਨੀਝ ਲਾ ਕੇ ਦੇਖਦਾ ਹੋਇਆ ਰਾਜਵੀਰ ਬੋਲਿਆ, "ਤੂੰ ਮੇਰੇ ਵਾਲੇ ਕੱਪੜੇ ਪਾ ਲੈ, ਮੇਰੇ ਕੁਝ ਕੱਪੜੇ ਏਥੇ ਹੈਗੇ ਆ।"

ਉਹਨੇ ਘਰਦਿਆਂ ਨੂੰ ਆਖ ਕੇ ਆਪਣੇ ਕੱਪੜੇ ਦਿਆਲਪੁਰੀਏ ਮੁੰਡੇ ਨੂੰ ਦੇ ਦਿੱਤੇ। ਕੱਪੜੇ ਤਾਂ ਇਕ ਬਹਾਨਾ ਸੀ। ਹੁਣ ਮੁੰਡਾ ਉਹਨਾਂ ਕੋਲੋਂ ਜਾਨ ਛੁਡਾਉਣੀ ਚਾਹੁੰਦਾ ਸੀ।

ਕੁਝ ਦੇਰ ਬਾਅਦ ਉਹ ਜਤਿੰਦਰ ਕੋਲ ਜਾ ਬੈਠਾ।

"ਭਾ ਜੀ, ਮੈਂ ਆਪਣੇ ਕੱਪੜੇ ਲੈ ਆਵਾਂ ਫਿਲੌਰੋਂ, ਮੇਰੇ ਸਾਰੇ ਕੱਪੜੇ ਖ਼ਰਾਬ ਹੋ ਗਏ ਆ।"

"ਹਾਂ, ਜਾ ਲੈ ਆ, ਪਰ ਸ਼ਾਮ ਤਕ ਆ ਜਾਵੀਂ।" ਜਤਿੰਦਰ ਨੇ ਲਾਪਰਵਾਹੀ ਨਾਲ ਆਖਿਆ।

"ਠੀਕ ਹੈ ਭਾ ਜੀ, ਮੈਂ ਸ਼ਾਮ ਤਕ ਆ ਜਾਊਂਗਾ।" ਮੁੰਡਾ ਇਕ ਚਾਅ ਜਿਹੇ ਵਿਚ ਬੋਲਿਆ।

"ਨਹੀਂ ਤੂੰ ਕਿਤੇ ਨਹੀਂ ਜਾ ਸਕਦਾ ਅੱਜ, ਰਾਤ ਨੂੰ ਬੱਬੂ ਅਤੇ ਰਾਜੂ ਨੇ ਆ ਜਾਣਾ ਏ, ਉਹਨਾਂ ਨੂੰ ਪੁੱਛ ਕੇ ਜਾਵੀਂ ਜਿਥੇ ਵੀ ਜਾਣਾ ਏ।" ਮੁੰਡੇ ਦੇ ਪਿੱਛਿਉਂ ਰਾਜਵੀਰ ਦੀ ਆਵਾਜ਼ ਗੂੰਜੀ।

"ਜਾਣ ਦੇ ਯਾਰ ਰਾਜਵੀਰ, ਇਹਨੇ ਸ਼ਾਮ ਤਕ ਮੁੜ ਹੀ ਆਉਣਾ ਏ, ਨਾਲੇ ਇਹ ਕਿਹੜਾ ਭਗੌੜਾ ਕਰਾਰ ਦਿੱਤਾ ਹੋਇਆ ਪੁਲਿਸ ਨੇ।" ਰਾਜਵੀਰ ਵੱਲ ਦੇਖਦਾ ਹੋਇਆ ਜਤਿੰਦਰ ਬੋਲਿਆ।

"ਬੱਬੂ ਨੇ ਆਪਣੀ ਜ਼ਿੰਮੇਵਾਰੀ ਲਾਈ ਸੀ ਸਾਰੇ ਸਿੰਘਾਂ ਦਾ ਖ਼ਿਆਲ ਰੱਖਣ ਦੀ, ਜੇ ਇਹ ਬਾਹਰ ਜਾਂਦਾ ਉਂਝ ਹੀ ਪੁਲਿਸ ਨੇ ਰੋਕ ਲਿਆ ਤਾਂ ਇਹਨੇ ਪੁਲਿਸ ਲੈ ਕੇ ਇਥੇ ਆ ਜਾਣਾ ਏ। ਮੈਂ ਇਹਦੀ ਖ਼ਾਤਰ ਘਰ

ਵਾਲਿਆਂ ਅਤੇ ਬਾਕੀ ਸਿੰਘਾਂ ਦੀ ਜਾਨ ਖ਼ਤਰੇ ਵਿਚ ਨਹੀਂ ਪਾ ਸਕਦਾ।" ਰਾਜਵੀਰ ਨੇ ਸਪੱਸ਼ਟ ਸ਼ਬਦਾਂ ਵਿਚ ਆਪਣੇ ਦਿਲ ਦੀ ਗੱਲ ਜਤਿੰਦਰ ਨੂੰ ਦੱਸ ਦਿੱਤੀ।

"ਕੁਝ ਨਹੀਂ ਹੁੰਦਾ ਯਾਰ, ਇਹਦੇ ਮੱਥੇ 'ਤੇ ਥੋੜ੍ਹਾ ਲਿਖਿਆ ਬਈ ਇਹ ਖਾੜਕੂਆਂ ਕੋਲੋਂ ਆਇਆ।" ਜਤਿੰਦਰ ਮੁੰਡੇ ਨੂੰ ਰੋਕਣ ਦੇ ਹੱਕ ਵਿਚ ਨਹੀਂ ਸੀ।

"ਤੂੰ ਜਾਹ ਯਾਰ, ਸ਼ਾਮ ਤਕ ਵਾਪਸ ਆ ਜਾਵੀਂ।" ਉਹਨੇ ਮੁੰਡੇ ਨੂੰ ਜਾਣ ਦੀ ਇਜਾਜ਼ਤ ਦੇ ਦਿੱਤੀ।

ਰਾਜਵੀਰ ਨੇ ਜਤਿੰਦਰ ਨਾਲ ਹੋਰ ਬਹਿਸ ਨਾ ਕੀਤੀ। ਘਰ ਦਾ ਇਕ ਮੈਂਬਰ ਮੁੰਡੇ ਨੂੰ ਬੱਸੇ ਚੜ੍ਹਾ ਆਇਆ।

ਆਥਣ ਵੇਲੇ ਬੱਬੂ ਤੇ ਰਾਜੂ ਵੀ ਆਣ ਪਹੁੰਚੇ। ਸਾਰਿਆਂ ਨੂੰ ਫ਼ਤਹਿ ਬੁਲਾਉਣ ਤੋਂ ਬਾਅਦ ਜਦ ਉਹਨਾਂ ਨੂੰ ਦਿਆਲਪੁਰੀਆ ਮੁੰਡਾ ਨਾ ਦਿਸਿਆ ਤਾਂ ਰਾਜੂ ਬੋਲਿਆ, "ਜਜ਼ਬਾਤੀ ਸਿੰਘ ਨਹੀਂ ਦਿਸਦਾ ਬਈ ?"

ਸਾਰੇ ਸਿੰਘ ਖ਼ਾਮੋਸ਼ ਸਨ।

"ਰਾਜਵੀਰ, ਮੁੰਡਾ ਕਿਥੇ ਆ ਯਾਰ ?" ਬੱਬੂ ਨੇ ਉਹਦੇ ਮੋਢੇ 'ਤੇ ਹੱਥ ਰੱਖਦੇ ਹੋਏ ਪੁੱਛਿਆ।

"ਜਤਿੰਦਰ ਨੇ ਉਹਨੂੰ ਜਾਣ ਦੀ ਇਜਾਜ਼ਤ ਦੇ ਦਿੱਤੀ ਸੀ ਕਿ ਉਹ ਸ਼ਾਮ ਤਕ ਵਾਪਸ ਆ ਜਾਏਗਾ, ਪਰ ਉਹ ਹਾਲੇ ਤਕ ਨਹੀਂ ਆਇਆ।" ਰਾਜਵੀਰ ਨੇ ਸਾਰੀ ਗੱਲ ਸਾਫ਼-ਸਾਫ਼ ਦੱਸ ਦਿੱਤੀ।

ਜਤਿੰਦਰ ਨਮੋਸ਼ੀ ਦਾ ਮਾਰਿਆ ਸਿਰ ਸੁੱਟੀ ਬੈਠਾ ਸੀ।

"ਮੇਰੇ ਕੋਲੋਂ ਗ਼ਲਤੀ ਹੋ ਗਈ, ਮੈਨੂੰ ਰਾਜਵੀਰ ਦੀ ਸਲਾਹ ਮੰਨ ਲੈਣੀ ਚਾਹੀਦੀ ਸੀ।" ਨੀਵੀਂ ਪਾਈ ਬੈਠਾ ਜਤਿੰਦਰ ਬੋਲਿਆ।

"ਇਹ ਗ਼ਲਤੀ ਕੋਈ ਛੋਟੀ ਜਿਹੀ ਭੁੱਲ ਨਹੀਂ। ਇਕ ਉਸ ਮੁੰਡੇ ਕਰਕੇ ਤੂੰ ਸਾਰਿਆਂ ਦੀ ਜਾਨ ਨੂੰ ਖ਼ਤਰੇ ਵਿਚ ਪਾਇਆ ਏ। ਇਹ ਗ਼ਲਤੀ ਨਹੀਂ ਮੂਰਖਤਾ ਏ।" ਬੱਬੂ ਗ਼ੁੱਸੇ ਵਿਚ ਬੋਲਿਆ।

"ਜੋ ਹੋ ਗਿਆ, ਉਹਨੂੰ ਹੁਣ ਆਪਾਂ ਬਦਲ ਨਹੀਂ ਸਕਦੇ, ਹੁਣ ਆਪਾਂ ਨੂੰ ਇਥੋਂ ਨਿਕਲਣਾ ਚਾਹੀਦਾ ਏ। ਇਹ ਨਾ ਹੋਵੇ ਕਿ ਉਹ ਮੁੰਡਾ ਫੜਿਆ ਗਿਆ ਹੋਵੇ ਤੇ ਆਪਾਂ ਇਥੇ ਘੇਰੇ ਵਿਚ ਫਸ ਜਾਈਏ।" ਰਾਜੂ ਨੇ ਦੂਰ ਦੀ ਸੋਚਦੇ ਹੋਏ ਆਪਣੀ ਸਲਾਹ ਦਿੱਤੀ।

ਸਾਰਿਆਂ ਨੇ ਆਪੋ-ਆਪਣੇ ਹਥਿਆਰ ਸੰਭਾਲੇ ਅਤੇ ਘਰ ਵਾਲਿਆਂ ਦਾ ਧੰਨਵਾਦ ਕਰ ਕੇ ਉਹ ਘਰੋਂ ਬਾਹਰ ਹੋ ਗਏ।

ਕੁਝ ਦਿਨਾਂ ਬਾਅਦ ਉਹਨਾਂ ਨੂੰ ਖ਼ਬਰ ਮਿਲ ਗਈ ਕਿ ਦਿਆਲਪੁਰੀਆ ਮੁੰਡਾ ਕਿਸੇ ਬਾਹਰਲੇ ਮੁਲਕ ਨੂੰ ਜਹਾਜ਼ੇ ਚੜ੍ਹ ਗਿਆ ਹੈ।

*

ਕਾਂਡ 12

ਦੀਪਾ ਅਤੇ ਰਾਜਵੀਰ ਦੋਨੋਂ ਜਣੇ ਨਵਾਂ ਸ਼ਹਿਰ ਇਲਾਕੇ ਵਿਚ ਵਿਚਰ ਰਹੇ ਸਨ। ਮਹਿਲ ਵਰਗੀ ਕੋਠੀ ਵਿਚ ਬੈਠੇ ਉਹ ਆਪਣੀਆਂ ਗੱਲਾਂ 'ਚ ਮਸਤ ਸਨ। ਘਰ ਵਾਲੇ ਉਹਨਾਂ ਨਾਲ ਇਉਂ ਵਰਤਾਉ ਕਰ ਰਹੇ ਸਨ ਜਿਵੇਂ ਉਹ ਉਹਨਾਂ ਦੇ ਸਭ ਤੋਂ ਪਿਆਰੇ ਮਹਿਮਾਨ ਹੋਣ।

ਰਾਜਵੀਰ ਲਈ ਇਹ ਇਕ ਨਵਾਂ ਤਜਰਬਾ ਸੀ। ਦੀਪੇ ਦੀ ਇਹ ਇਕ ਸੁਰੱਖਿਅਤ ਠਾਹਰ ਸੀ। ਉਹ ਇਸ ਤਰ੍ਹਾਂ ਫਿਰ ਰਿਹਾ ਸੀ ਜਿਵੇਂ ਘਰ ਦਾ ਹੀ ਇਕ ਮੈਂਬਰ ਹੋਵੇ।

ਕੁਝ ਦੇਰ ਬਾਅਦ ਰਾਜਵੀਰ ਨੂੰ ਲੈ ਕੇ ਦੀਪਾ ਉਪਰਲੀ ਮੰਜ਼ਿਲ 'ਤੇ ਜਾ ਚੜ੍ਹਿਆ।

"ਆ ਮਿੱਤਰਾ, ਤੈਨੂੰ ਤੇਰੀ ਭਾਬੀ ਨਾਲ ਮਿਲਾਵਾਂ," ਬੁੱਲ੍ਹਾਂ 'ਚ ਹੱਸਦਾ ਹੋਇਆ ਉਹ ਬੋਲਿਆ।

ਇਕ ਅਲਮਾਰੀ ਖੋਲ੍ਹ ਕੇ ਉਸ ਨੇ ਇਕ ਫ਼ੋਟੋਆਂ ਵਾਲੀ ਐਲਬਮ ਕੱਢ ਲਈ, ਐਲਬਮ ਉਸ ਨੇ ਰਾਜਵੀਰ ਦੇ ਹੱਥ ਫੜਾ ਦਿੱਤੀ।

"ਆਹ ਏ ਤੇਰੀ ਭਾਬੀ, ਯਾਨੀ ਕਿ ਮੇਰੀ ਸਿੰਘਣੀ।"

ਇਕ ਖ਼ੂਬਸੂਰਤ ਚਿਹਰੇ ਵਾਲੀ ਕੁੜੀ ਦੀ ਫ਼ੋਟੋ 'ਤੇ ਉਂਗਲ ਰੱਖਦਾ ਹੋਇਆ ਉਹ ਬੋਲਿਆ।

"ਆਹ ਦੇਖ, ਆਹ ਫ਼ੋਟੋ ਉਦੋਂ ਦੀ ਆ, ਜਦੋਂ ਉਹ ਦਸਵੀਂ ਕਲਾਸ ਵਿਚ ਪੜ੍ਹਦੀ ਹੁੰਦੀ ਸੀ ਤੇ ਆਹ ਜਦੋਂ ਉਹ ਕਾਲਜ 'ਚ ਸੀ।" ਦੀਪਾ ਬੜੇ ਚਾਅ ਨਾਲ ਰਾਜਵੀਰ ਦੀ ਫ਼ੋਟੋਆਂ ਨਾਲ ਜਾਣ-ਪਛਾਣ ਕਰਵਾ ਰਿਹਾ ਸੀ।

"ਭਾ ਜੀ ਤੁਸੀਂ ਵੀ ਕੁਝ ਨਹੀਂ, ਫ਼ੋਟੋਆਂ ਨਾਲ ਹੀ ਮਿਲਾਈ ਜਾਉਗੇ ਕਿ ਭਾਬੀ ਨਾਲ ਵੀ ਮਿਲਾਉਗੇ।" ਫ਼ੋਟੋਆਂ ਨੂੰ ਬੜੇ ਗਹੁ ਨਾਲ ਤੱਕਦੇ ਹੋਏ ਰਾਜਵੀਰ ਨੇ ਕਿਹਾ।

"ਭਾਬੀ ਤਾਂ ਤੇਰੀ ਕੈਨੇਡਾ ਚਲੀ ਗਈ ਏ, ਰਾਜਵੀਰ ਸਿਆਂ। ਆਹ ਵੇਖ ਉਹਦੀਆਂ ਚਿੱਠੀਆਂ।" ਦੀਪੇ ਨੇ ਜੇਬ 'ਚੋਂ ਕੱਢ ਕੇ ਚਿੱਠੀਆਂ ਰਾਜਵੀਰ ਨੂੰ ਦਿਖਾਈਆਂ।

"ਇਹ ਤਾਂ ਬੜੀ ਮਾੜੀ ਗੱਲ ਆ ਭਾ ਜੀ, ਆਪ ਤੁਸੀਂ ਇਥੇ ਤੇ ਭਾਬੀ ਕੈਨੇਡਾ 'ਚ। ਇਹ ਤਾਂ ਅਨਿਆਇ ਆ, ਦੋ ਪਿਆਰ ਕਰਨ ਵਾਲੀਆਂ ਰੂਹਾਂ ਨਾਲ।" ਰਾਜਵੀਰ ਸ਼ਾਇਰਾਂ ਵਾਂਗ ਬੋਲਿਆ।

"ਇਸੇ ਕਰਕੇ ਤਾਂ ਮੈਂ ਤੈਨੂੰ ਨਾਲ ਲੈ ਕੇ ਆਇਆਂ ਰਾਜਵੀਰ। ਆਪਾਂ ਹੁਣ ਇਹ ਅਨਿਆਇ ਖ਼ਤਮ ਕਰ ਦੇਣਾ ਏ," ਦੀਪਾ ਬੋਲਿਆ।

"ਮੈਂ ਸਮਝਿਆ ਨਹੀਂ ਭਾ ਜੀ।" ਦੀਪੇ ਦੀ ਕਹੀ ਗੱਲ ਰਾਜਵੀਰ ਦੇ ਸਿਰ ਦੇ ਉਪਰ ਦੀ ਲੰਘ ਗਈ ਸੀ।

"ਗੱਲ ਇਹ ਆ ਰਾਜਵੀਰ, ਜਥੇਬੰਦੀ ਦੀ ਜ਼ਿੰਮੇਵਾਰੀ ਮੈਂ ਹੁਣ ਤੁਹਾਡੇ 'ਤੇ ਪਾ ਦੇਣੀ ਆ। ਤੂੰ ਰਾਜੂ ਤੇ ਬੱਬੂ ਰਲ ਕੇ ਜਥੇਬੰਦੀ ਦਾ ਕਾਰਜ ਸੰਭਾਲਿਓ। ਮੈਂ ਵੀ ਹੁਣ ਕੈਨੇਡਾ ਚਲੇ ਜਾਣਾ ਏ। ਇਸੇ ਕਰਕੇ ਮੈਂ ਤੈਨੂੰ ਆਪਣੇ ਨਾਲ ਲੈ ਕੇ ਆਇਆਂ ਕਿ ਤੈਨੂੰ ਆਪਣੀਆਂ ਖ਼ਾਸ ਠਾਹਰਾਂ ਨਾਲ ਜਾਣੂ ਕਰਵਾ ਦਿਆਂ, ਆਉਣ ਵਾਲੇ ਸਮੇਂ ਵਿਚ ਤੁਹਾਡੇ ਕੰਮ ਆਉਣਗੀਆਂ।" ਦੀਪਾ ਆਉਣ ਵਾਲੇ ਸਮੇਂ ਵਿਚ ਜਥੇਬੰਦੀ ਨੂੰ ਕਿਵੇਂ ਚਲਾਉਣਾ ਏ, ਕਿਹੜੇ ਕੰਮ ਕਿਸ ਤਰ੍ਹਾਂ ਕਰਨੇ ਨੇ, ਕਿਹੜਾ ਸਾਮਾਨ ਕਿਥੋਂ ਤੇ ਕਿਵੇਂ ਲੈਣਾ ਏ, ਇਹ ਸਾਰੀਆਂ ਗੱਲਾਂ ਉਹ ਰਾਜਵੀਰ ਨੂੰ ਸਮਝਾ ਰਿਹਾ ਸੀ।

ਰਾਜਵੀਰ ਅਵਾਕ ਹੋਇਆ ਦੀਪੇ ਦੇ ਮੂੰਹ ਵੱਲ ਨੂੰ ਦੇਖੀ ਜਾ ਰਿਹਾ ਸੀ। ਇਕਦਮ ਉੱਠ ਕੇ ਉਸ ਨੇ ਦੀਪੇ ਨੂੰ ਜੱਫੀ ਪਾ ਲਈ। ਦੀਪੇ ਨੇ ਵੀ ਵੱਡੇ ਭਰਾ ਵਾਂਗ ਉਹਨੂੰ ਸੀਨੇ ਨਾਲ ਲਾ ਲਿਆ।

ਜਲੰਧਰ ਜ਼ਿਲ੍ਹੇ ਦੀ ਤਹਿਸੀਲ ਫ਼ਿਲੌਰ ਤੋਂ ਕੁਝ ਕੁ ਮੀਲ ਦੂਰ ਇਕ ਛੋਟਾ ਜਿਹਾ ਪਿੰਡ ਤਰਖਾਣ ਮਾਜਰਾ ਹੈ। ਇਥੋਂ ਦਾ ਇਕ ਗੱਭਰੂ ਜਵਾਨ ਮੁੰਡਾ ਪੁਲਿਸ ਦਾ ਕੈਟ ਬਣ ਗਿਆ। ਉਹਦਾ ਨਾਂ ਜੀਤਾ ਸੀ।

ਪੁਲਿਸ ਨੇ ਉਹਨੂੰ ਖੁੱਲ੍ਹਾ ਅਸਲਾ ਦਿੱਤਾ ਹੋਇਆ ਸੀ। ਉਹ ਤੇ ਉਹਦੇ ਦੋਨੋਂ ਭਰਾ ਪੂਰੀ ਬਦਮਾਸ਼ੀ ਕਰਦੇ ਸਨ ਇਲਾਕੇ ਵਿਚ। ਕੋਈ ਵੀ ਉਹਨਾਂ ਦੇ ਮੂਹਰੇ ਨਾ ਕੁਸਕਦਾ। ਇਲਾਕੇ ਦੇ ਲੋਕ ਉਹਨਾਂ ਦੀ ਦਹਿਸ਼ਤ ਤੋਂ ਤ੍ਰਾਹ-ਤ੍ਰਾਹ ਕਰਦੇ। ਜੀਤਾ ਸਿੰਘਾਂ ਨੂੰ ਵੀ ਭਾਜੀ ਪਾ ਚੁੱਕਾ ਸੀ।

ਹਰਿਮੰਦਰ ਸਿੰਘ ਲਾਲੇ ਦੇ ਨਜ਼ਦੀਕੀ ਸਾਥੀ ਮਨਜੀਤ ਸਿੰਘ ਕਰਨਾਣੇ ਵਾਲੇ ਨੂੰ ਇਕ ਨਹਿਰ ਤੋਂ ਲੱਕੜ ਦਾ ਪੁਲ ਪਾਰ ਕਰਦੇ ਸਮੇਂ ਸਣੇ ਸਾਈਕਲ ਨਹਿਰ 'ਚ ਸੁੱਟ ਕੇ ਜੀਉਂਦਾ ਫੜ ਲਿਆ ਸੀ। ਜੀਤੇ ਅਤੇ ਉਸ ਦੇ ਕੈਟ ਸਾਥੀਆਂ ਨੇ ਬਾਅਦ ਵਿਚ ਮਨਜੀਤ ਦਾ ਝੂਠਾ ਪੁਲਿਸ ਮੁਕਾਬਲਾ ਬਣਾ ਦਿੱਤਾ ਸੀ।

ਇਹਨਾਂ ਦਿਨਾਂ ਵਿਚ ਹੀ ਇਕ ਹੋਰ ਘਟਨਾ ਘਟੀ ਜਿਸ ਨੇ ਲੋਕਾਂ ਨੂੰ ਮੂੰਹ ਵਿਚ ਉਂਗਲਾਂ ਲੈ ਕੇ ਸੋਚਣ ਲਈ ਮਜਬੂਰ ਕਰ ਦਿੱਤਾ।

ਰੂਪੋਵਾਲ ਪਿੰਡ ਦੀ ਕੁੜੀ ਲਾਗਲੇ ਸ਼ਹਿਰ ਵਿਚ ਇਕ ਐਸ.ਟੀ.ਡੀ. ਉੱਤੇ ਕੰਮ ਕਰਦੀ ਸੀ। ਬੀਮਾਰ ਬੁੱਢਾ ਬਾਪ ਕੰਮ ਕਰਨ ਜੋਗਾ ਨਹੀਂ ਸੀ। ਪੜ੍ਹਾਈ ਵਿਚੇ ਛੱਡ ਕੇ ਕੁੜੀ ਨੇ ਘਰ ਦਾ ਭਾਰ ਚੁੱਕਣ ਲਈ ਨੌਕਰੀ ਕਰ ਲਈ ਸੀ।

ਇਕ ਦਿਨ ਸ਼ਾਮ ਦੇ ਸਮੇਂ ਉਹ ਆਪਣੀ ਡਿਊਟੀ ਖ਼ਤਮ ਕਰ ਕੇ ਇਕ ਟੈਂਪੂ ਵਿਚ ਬੈਠੀ ਆਪਣੇ ਪਿੰਡ ਨੂੰ ਆ ਰਹੀ ਸੀ। ਟੈਂਪੂ ਸਵਾਰੀਆਂ ਨਾਲ ਉਪਰ ਤਕ ਭਰਿਆ ਪਿਆ ਸੀ।

ਪਾਂਸਲੇ ਤੋਂ ਥੋੜ੍ਹਾ ਜਿਹਾ ਅੱਗੇ ਜਾ ਕੇ ਇਕ ਜਿਪਸੀ ਜੋ ਟੈਂਪੂ ਨੂੰ ਓਵਰਟੇਕ ਕਰ ਕੇ ਅੱਗੇ ਆ ਗਈ ਸੀ, ਉਸ ਨੇ ਟੈਂਪੂ ਦਾ ਰਾਹ ਰੋਕ ਲਿਆ। ਚਾਰ ਹਥਿਆਰਬੰਦ ਬੰਦਿਆਂ ਨੇ ਟੈਂਪੂ ਤੋਂ ਸਾਰੇ ਲੋਕ ਥੱਲੇ ਲਾਹ ਲਏ। ਕਿਸੇ ਹੋਰ ਨੂੰ ਕੁਝ ਕਹੇ ਬਗ਼ੈਰ ਉਸ ਕੁੜੀ ਨੂੰ ਬੰਦੂਕ ਦੀ ਨੋਕ 'ਤੇ ਚੁੱਕ ਕੇ ਆਪਣੀ ਜਿਪਸੀ ਵਿਚ ਸੁੱਟ ਲਿਆ। ਟੈਂਪੂ ਦੇ ਬਹੁਤੇ ਸਵਾਰਾਂ ਨੇ ਜੀਤੇ ਨੂੰ ਪਛਾਣ ਲਿਆ ਸੀ ਪਰ ਬੰਦੂਕਾਂ ਦੇਖ ਕੇ ਸਾਰੇ ਹੀ ਮਿੱਟੀ ਹੋ ਗਏ। ਕੋਈ ਵੀ ਨਾ ਬੋਲਿਆ। ਕੁੜੀ ਨੂੰ ਜਿਪਸੀ ਵਿਚ ਸੁੱਟ ਉਹ ਧੂੜ ਉਡਾਉਂਦੇ ਅੱਖੋਂ ਓਹਲੇ ਹੋ ਗਏ।

ਰੂਪੋਵਾਲ ਦੇ ਹੀ ਲੋਕ ਜੋ ਟੈਂਪੂ ਵਿਚ ਸਵਾਰ ਸਨ, ਉਹਨਾਂ ਨੇ ਜਾ ਕੇ ਪਿੰਡ ਦੇ ਸਰਪੰਚ ਨੂੰ ਦੱਸਿਆ। ਦੂਜੇ ਦਿਨ ਚੜ੍ਹਦੇ ਹੀ ਪਿੰਡ ਦੀ ਪੰਚਾਇਤ ਫ਼ਿਲੌਰ ਡੀ.ਐਸ.ਪੀ. ਕੋਲ ਪੇਸ਼ ਹੋ ਗਈ। ਸਰਪੰਚ ਨੇ ਡੀ.ਐਸ.ਪੀ. ਨੂੰ ਦੱਸ ਦਿੱਤਾ ਕਿ ਜੀਤਾ ਹੀ ਕੁੜੀ ਨੂੰ ਚੁੱਕ ਕੇ ਲੈ ਗਿਆ ਹੈ।

ਡੀ.ਐਸ.ਪੀ. ਚਾਰੇ ਪੈਰ ਚੁੱਕ ਕੇ ਪੰਚਾਇਤ ਨੂੰ ਪੈ ਗਿਆ।

ਡੀ.ਐਸ.ਪੀ. ਤੋਂ ਬੇਇਜ਼ਤੀ ਕਰਵਾ ਕੇ ਪੂਰੀ ਪੰਚਾਇਤ ਪਿੰਡ ਨੂੰ

ਵਾਪਸ ਮੁੜ ਆਈ। ਕੁੜੀ ਦੇ ਬੁੱਢੇ ਮਾਂ-ਬਾਪ ਦਾ ਰੋ-ਰੋ ਕੇ ਬੁਰਾ ਹਾਲ ਸੀ। ਕੰਨੋ-ਕੰਨੀ ਗੱਲ ਸਾਰੇ ਇਲਾਕੇ ਵਿਚ ਫੈਲ ਗਈ।

ਲੋਕੀਂ ਮੂੰਹ ਜੋੜ-ਜੋੜ ਗੱਲਾਂ ਕਰਦੇ।

"ਯਾਰ, ਖਾੜਕੂਆਂ ਨੂੰ ਕੁਝ ਕਰਨਾ ਚਾਹੀਦਾ ਏ, ਹੁਣ ਤਾਂ ਦਿਨ-ਦਿਹਾੜੇ ਹੀ ਇੱਜ਼ਤਾਂ 'ਤੇ ਡਾਕੇ ਮਾਰਨ ਲੱਗ ਪਏ ਨੇ ਪੁਲਿਸ ਦੇ ਕੈਟ।" ਇਕ ਜਣਾ ਦੂਸਰੇ ਨੂੰ ਕਹਿੰਦਾ।

"ਮੈਨੂੰ ਤਾਂ ਲੱਗਦਾ ਹੁਣ ਖਾੜਕੂ ਵੀ ਡਰਦੇ ਆ ਕੈਟਾਂ ਕੋਲੋਂ।" ਦੂਜਾ ਜਣਾ ਆਪਣਾ ਖ਼ਿਆਲ ਪ੍ਰਗਟ ਕਰਦਾ।

"ਆਪਾਂ ਖਾੜਕੂਆਂ ਨੂੰ ਤਾਂ ਕਹੀ ਜਾਨੇ ਆਂ ਬਈ ਕੁਝ ਕਰਨ, ਪਰ ਆਪਾਂ ਆਪ ਵੀ ਤਾਂ ਕੁਝ ਨਹੀਂ ਕਰਦੇ।" ਕੋਲੋਂ ਹੀ ਇਕ ਹੋਰ ਜਣਾ ਬੋਲਿਆ।

"ਨਾ ਹੁਣ ਕੈਟਾਂ ਨੇ ਜਦੋਂ ਇੱਜ਼ਤਾਂ ਨੂੰ ਹੱਥ ਪਾਇਆ ਤਾਂ ਸਾਰਿਆਂ ਨੂੰ ਖਾੜਕੂ ਯਾਦ ਆ ਗਏ। ਉਂਝ ਕਿਸੇ ਨੇ ਕਦੀ ਉਹਨਾਂ ਨੂੰ ਹੱਸ ਕੇ ਰੋਟੀ ਵੀ ਖੁਆਈ ਆ ਕਦੀ?" ਨਾਲ ਵਾਲੇ ਅੰਮ੍ਰਿਤਧਾਰੀ ਸਿੰਘ ਨੇ ਲੋਕਾਂ ਦਾ ਸੱਚ ਲੋਕਾਂ ਦੇ ਮੂਹਰੇ ਕਰ ਦਿੱਤਾ।

"ਗੱਲ ਤਾਂ ਤੇਰੀ ਠੀਕ ਆ ਖ਼ਾਲਸਾ, ਪਰ ਰਫਲਾਂ ਵਾਲਿਆਂ ਨੂੰ ਰਫਲਾਂ ਵਾਲੇ ਹੀ ਠੀਕ ਕਰ ਸਕਦੇ ਆ। ਆਪਾਂ ਖੁੰਡੀਆਂ ਗੰਡਾਸੀਆਂ ਨਾਲ ਉਹਨਾਂ ਦਾ ਕੀ ਮੁਕਾਬਲਾ ਕਰਨਾ, ਮੇਰਾ ਮਤਲਬ ਬਈ ਕੈਟਾਂ ਨੂੰ ਤਾਂ ਖਾੜਕੂ ਹੀ ਕਾਬੂ ਕਰ ਸਕਦੇ ਆ। ਆਪਾਂ ਤੋਂ ਨਹੀਂ ਉਹ ਲੋਟ ਆਉਂਦੇ।" ਇਕ ਬਜ਼ੁਰਗ ਨੇ ਆਪਣਾ ਵਿਚਾਰ ਰੱਖਿਆ।

ਖ਼ਬਰ ਦੀਪੇ ਦੇ ਗਰੁੱਪ ਨੂੰ ਵੀ ਮਿਲ ਗਈ ਸੀ। ਉਹਨੇ ਆਪਣੇ ਗੁਪਤ ਰੂਪ ਵਿਚ ਵਿਚਰਨ ਵਾਲੇ ਸਿੰਘਾਂ ਦੀ ਡਿਊਟੀ ਲਾ ਦਿੱਤੀ ਸੀ ਕਿ ਜੀਤੇ 'ਤੇ ਨਿਗ੍ਹਾ ਰੱਖਣ। ਜਦ ਕਦੀ ਵੀ ਮੌਕਾ ਹੱਥ ਲੱਗਾ, ਜੀਤੇ ਵਾਲਾ ਕੰਮ ਨਿਬੇੜ ਦਿਆਂਗੇ।

ਅਤੇ ਫਿਰ ਇਕ ਦਿਨ ਰੱਬ ਨੇ ਢੋਅ-ਢੁਆ ਹੀ ਦਿੱਤਾ।

ਸਾਰੀ ਸਕੀਮ ਬਣਾ ਕੇ ਦੀਪੇ, ਬੱਬੂ ਤੇ ਰਾਜੂ ਨੇ ਕੁਝ ਗੁਪਤ ਰੂਪ ਵਿਚ ਸੇਵਾ ਨਿਭਾ ਰਹੇ ਸਿੰਘਾਂ ਨੂੰ ਨਾਲ ਲੈ ਕੇ ਜੀਤੇ ਦੇ ਘਰ ਨੂੰ ਘੇਰ ਲਿਆ। ਰਾਤ ਦੇ ਕੋਈ ਦੋ ਵਜੇ, ਸਾਰਾ ਪਿੰਡ ਘੂਕ ਸੁੱਤਾ ਪਿਆ ਸੀ। ਪਰ ਪੰਜਾਬ ਦੀ ਅਣਖ ਦੇ ਰਾਖੇ ਇੱਜ਼ਤਾਂ ਦੇ ਲੁਟੇਰਿਆਂ ਨੂੰ ਉਹਨਾਂ ਦੀ ਕੀਤੀ ਦਾ ਦੰਡ ਦੇਣ ਲਈ ਜੀਤੇ ਦੇ ਘਰ ਨੂੰ ਪੌੜੀ ਲਾ ਰਹੇ ਸਨ।

ਜੀਤੇ ਦੇ ਦੋਨੋਂ ਭਰਾ ਅਤੇ ਮਾਂ-ਬਾਪ ਕੋਠਿਆਂ 'ਤੇ ਸੁੱਤੇ ਪਏ ਸਨ। ਰਾਜੂ ਅਤੇ ਬੱਬੂ ਨੇ ਉਹਨਾਂ ਦੇ ਸਿਰਹਾਣੇ ਪਈਆਂ ਬੰਦੂਕਾਂ ਆਪਣੇ ਕਬਜ਼ੇ ਵਿਚ ਕਰ ਲਈਆਂ। ਉਸ ਦੇ ਮਾਂ-ਬਾਪ ਨੂੰ ਵੀ ਉਠਾ ਲਿਆ।

ਸਾਰਿਆਂ ਨੂੰ ਚੁੱਪ-ਚਾਪ ਬੈਠਣ ਦਾ ਹੁਕਮ ਦੇ ਕੇ ਦੀਪਾ ਵਿਹੜੇ ਵਿਚ ਉਤਰ ਗਿਆ। ਜਿਸ ਕਮਰੇ ਵਿਚ ਜੀਤਾ ਤੇ ਉਸ ਦੀ ਘਰਵਾਲੀ ਸੁੱਤੇ ਪਏ ਸਨ, ਉਸ ਕਮਰੇ ਦੀ ਤਾਕੀ ਦੀਪੇ ਨੇ ਹੌਲੀ ਜਿਹੀ ਖੋਲ੍ਹ ਲਈ ਅਤੇ ਉਹ ਸ਼ੇਰ ਵਾਂਗ ਦਹਾੜਦਾ ਹੋਇਆ ਗਰਜਿਆ, "ਉੱਠ ਓਏ ਵੱਢਿਆ ਕੋਟਾ, ਤੇਰੀ ਮੌਤ ਤੇਰੇ ਵਿਹੜੇ ਆਣ ਢੁੱਕੀ ਏ।"

ਉਹਦੀ ਲਲਕਾਰ ਸੁਣ ਕੇ ਜੀਤਾ ਤੇ ਉਹਦੀ ਘਰਵਾਲੀ ਅੱਬੜਵਾਹੇ ਉੱਠੇ।

ਇਸ ਤੋਂ ਪਹਿਲਾਂ ਕਿ ਉਹ ਸੰਭਲਦੇ, ਦੀਪੇ ਦੇ ਹੱਥ 'ਚ ਫੜੀ ਏ.ਕੇ. 56 ਨੇ ਅੱਗ ਵਰ੍ਹਾਉਣੀ ਸ਼ੁਰੂ ਕਰ ਦਿੱਤੀ ਸੀ।

ਜੀਤਾ ਤੇ ਉਸ ਦੀ ਘਰਵਾਲੀ ਥਾਂ 'ਤੇ ਹੀ ਮਾਰੇ ਗਏ।

ਸਕੀਮ ਮੁਤਾਬਕ ਬੱਬੂ ਤੇ ਰਾਜੂ ਨੇ ਜੀਤੇ ਦੇ ਦੋਨੋਂ ਭਰਾ ਵੀ ਨਰਕਾਂ ਦੇ ਰਾਹ ਤੋਰ ਦਿੱਤੇ। ਉਹਨਾਂ ਦੇ ਬੁੱਢੇ ਮਾਂ-ਬਾਪ ਅਤੇ ਜੀਤੇ ਦੇ ਛੋਟੇ ਬੱਚਿਆਂ ਨੂੰ ਕੁਝ ਨਾ ਕਿਹਾ।

ਆਪਣੇ ਐਕਸ਼ਨ ਨੂੰ ਸਫ਼ਲਤਾ ਪੂਰਵਕ ਨੇਪਰੇ ਚਾੜ੍ਹ ਕੇ ਦੀਪਾ ਤੇ ਉਹਦੇ ਸਾਥੀ ਰਾਤ ਦੇ ਹਨੇਰਿਆਂ ਵਿਚ ਗੁਆਚ ਗਏ।

ਥੋੜ੍ਹੇ ਦਿਨਾਂ ਬਾਅਦ ਹੀ ਅਖ਼ਬਾਰਾਂ ਵਿਚ ਜੀਤੇ ਹੁਰਾਂ ਦੇ ਕਤਲ ਦੀ ਜ਼ਿੰਮੇਵਾਰੀ ਖ਼ਾਲਿਸਤਾਨ ਕਮਾਂਡੋ ਫ਼ੋਰਸ ਨੇ ਆਪਣੇ ਸਿਰ ਲੈ ਲਈ।

ਪੁਲਿਸ ਵਿਚ ਦੀਪੇ ਦਾ ਖ਼ੌਫ਼ ਛਾ ਗਿਆ। ਵੱਡੇ-ਵੱਡੇ ਅਫ਼ਸਰ ਵੀ ਦੀਪੇ ਦੇ ਨਾਂ ਤੋਂ ਤਰ੍ਹਾਉਂਦੇ ਸਨ।

ਇਹਨਾਂ ਦਿਨਾਂ ਵਿਚ ਹੀ ਦੀਪਾ ਆਪਣੇ ਸਾਥੀ ਸਿੰਘਾਂ ਨਾਲ ਜਲੰਧਰ ਦੇ ਲਾਗੇ ਪਿੰਡ ਵਿਚ ਜਾ ਵੜਿਆ। ਦੀਪੇ ਦੇ ਸੂਹੀਏ ਸਿੰਘਾਂ ਨੇ ਖ਼ਬਰ ਦਿੱਤੀ ਸੀ ਕਿ ਥਾਣੇਦਾਰ ਮਾਨ ਸਿਹੁੰ ਅੱਜ ਕੱਲ੍ਹ ਰਾੜੇ ਪਿੰਡ 'ਚ ਆਪਣੀ ਕੋਠੀ ਬਣਵਾ ਰਿਹਾ ਹੈ। ਥਾਣੇਦਾਰ ਕਿਸੇ ਸਮੇਂ ਗੁਰਾਇਆਂ ਥਾਣੇ ਵਿਚ ਇੰਚਾਰਜ ਸੀ। ਆਪਣੇ ਗੁਰਾਇਆਂ ਥਾਣੇ ਵਿਚ ਮਾਨ ਸਿਹੁੰ ਸਿੱਖ ਨੌਜਵਾਨਾਂ 'ਤੇ ਬੜੇ ਜ਼ੁਲਮ ਢਾਹਿਆ ਕਰਦਾ ਸੀ। ਭਾਈ ਰਣਜੀਤ ਸਿੰਘ ਢੰਡਵਾੜ, ਸਤਪਾਲ ਸਿੰਘ ਢਿੱਲੋਂ ਅਤੇ ਕੁਲਬੀਰ ਸਿੰਘ ਬੜਾ ਪਿੰਡ 'ਤੇ ਇਸ ਬੁੱਚੜ ਨੇ ਅੰਨ੍ਹਾ ਤਸ਼ੱਦਦ ਢਾਹਿਆ ਸੀ।

ਨੌਜਵਾਨਾਂ 'ਤੇ ਤਸ਼ੱਦਦ ਕਰਦਾ ਥਾਣੇਦਾਰ ਸ਼ਰਾਬ ਦੇ ਨਸ਼ੇ ਵਿਚ ਵਹਿਸ਼ੀ ਹਾਸੇ ਹੱਸਦਾ ਅਕਸਰ ਹੀ ਇਹ ਕਿਹਾ ਕਰਦਾ ਸੀ, "ਮੈਂ ਤੁਹਾਨੂੰ ਘਰਾਂ 'ਚ ਟਿਕਣ ਨਹੀਂ ਦੇਣਾ, ਤੁਹਾਨੂੰ ਘਰੋਂ ਭਗੌੜੇ ਕਰਾਉਣਾ ਐ।" ਛੇ ਫ਼ੁੱਟ ਤੋਂ ਉੱਚਾ ਮਾਨ ਸਿਹੁੰ ਜ਼ਾਲਮ ਬਿਰਤੀ ਦਾ ਮਾਲਕ ਸੀ।

ਦੀਪਾ ਕਾਫ਼ੀ ਚਿਰਾਂ ਤੋਂ ਇਹਦਾ ਪਤਾ ਲਗਾਉਣ ਦੀ ਕੋਸ਼ਿਸ਼ ਕਰ ਰਿਹਾ ਸੀ ਕਿਉਂਕਿ ਗੁਰਾਇਆਂ ਥਾਣੇ ਤੋਂ ਬਦਲੀ ਕਰਾਉਣ ਤੋਂ ਬਾਅਦ ਇਸ ਦਾ ਪਤਾ ਨਹੀਂ ਸੀ ਲੱਗ ਰਿਹਾ ਕਿ ਕਿਥੇ ਗੁੰਮ ਹੋ ਗਿਆ ਹੈ।

ਜਦ ਉਹਦੇ ਸੂਹੀਏ ਸਿੰਘ ਨੇ ਖ਼ਬਰ ਦਿੱਤੀ ਤਾਂ ਉਹ ਉਸੇ ਵੇਲੇ ਹੀ ਤਿਆਰ ਹੋ ਗਿਆ।

ਸਿਖਰ ਦੁਪਹਿਰੇ ਹੀ ਉਹ ਮਾਨ ਸਿਹੁੰ ਦੀ ਬਣ ਰਹੀ ਕੋਠੀ ਵਿਚ ਜਾ ਵੜੇ। ਕੁਰਸੀ 'ਤੇ ਬੈਠਾ ਮਾਨ ਸਿਹੁੰ ਰਾਜ ਮਿਸਤਰੀਆਂ ਨੂੰ ਹਦਾਇਤਾਂ ਦੇ ਰਿਹਾ ਸੀ।

ਸਿੰਘਾਂ ਨੂੰ ਦੇਖ ਕੇ ਉਹਦੇ ਪਸੀਨੇ ਛੁੱਟ ਗਏ। ਉਹ ਕੋਠੀ ਦੇ ਅੰਦਰ ਵੱਲ ਨੂੰ ਦੌੜਿਆ।

ਪਰ ਦੀਪੇ ਹੋਰਾਂ ਨੇ ਉਸ ਨੂੰ ਵਿਹੜੇ ਵਿਚ ਹੀ ਢਾਹ ਲਿਆ। ਇਕ ਸਿੰਘ ਨੇ ਅਸਾਲਟ ਦਾ ਬਰੱਸਟ ਹਵਾ ਵਿਚ ਕੱਢ ਦਿੱਤਾ। ਰਾਜ ਮਿਸਤਰੀ ਆਪਣੀਆਂ ਕਾਂਡੀਆਂ ਸੁੱਟ ਕੇ ਦੌੜ ਗਏ। ਪੌੜੀ 'ਤੇ ਚੜ੍ਹਿਆ ਇਕ ਮਜ਼ਦੂਰ ਜੋ ਮਿਸਤਰੀਆਂ ਨੂੰ ਰੇਤਾ ਤੇ ਸੀਮਿੰਟ ਫੜਾ ਰਿਹਾ ਸੀ ਉਹ ਵਿਚਾਰਾ ਪੌੜੀ ਤੋਂ ਥੱਲੇ ਆ ਡਿੱਗਿਆ। ਡਿੱਗਦੇ ਸਾਰ ਹੀ ਉਹ ਉੱਠ ਕੇ ਬਾਹਰ ਨੂੰ ਦੌੜ ਗਿਆ।

ਮਾਨ ਸਿਹੁੰ ਨੂੰ ਦੀਪੇ ਹੋਰਾਂ ਨੇ ਵਿਹੜੇ ਵਿਚ ਢਾਹ ਲਿਆ। ਉਹ ਆਪਣੀ ਜ਼ਿੰਦਗੀ ਦੀ ਭੀਖ ਮੰਗ ਰਿਹਾ ਸੀ।

ਕਰੋਧ ਵਿਚ ਆਏ ਦੀਪੇ ਨੇ ਅਸਾਲਟ ਦਾ ਪੂਰਾ ਮੈਗਜ਼ੀਨ ਮਾਨ ਸਿਹੁੰ 'ਤੇ ਖ਼ਾਲੀ ਕਰ ਦਿੱਤਾ। ਮਾਨ ਸਿਹੁੰ ਦਾ ਸਰੀਰ ਛਾਨਣੀ ਵਰਗਾ ਹੋ ਗਿਆ ਸੀ। ਡਿੱਗੇ ਪਏ ਥਾਣੇਦਾਰ ਨੂੰ ਠੁਡਾ ਮਾਰ ਕੇ ਦੀਪੇ ਹੋਰੀਂ ਅਗਲੇ ਸਫ਼ਰ ਲਈ ਰਵਾਨਾ ਹੋ ਗਏ।

ਰਾਤਾਂ ਦਾ ਸਫ਼ਰ ਉਸੇ ਤਰ੍ਹਾਂ ਜਾਰੀ ਸੀ। ਬੱਬੂ ਅਤੇ ਉਸ ਦੇ ਸਾਥੀ ਰਾਤਾਂ ਨੂੰ ਲੋਕਾਂ ਵਿਚ ਖ਼ਾਲਿਸਤਾਨ ਦੀ ਲਹਿਰ ਦਾ ਪ੍ਰਚਾਰ ਕਰਦੇ, ਉਹਨਾਂ

ਨੂੰ ਆਪਣੇ ਫ਼ਰਜ਼ਾਂ ਪ੍ਰਤੀ ਸੁਚੇਤ ਕਰਦੇ। ਇਹਨਾਂ ਦਿਨਾਂ ਵਿਚ ਹੀ ਬੱਬੂ ਨੂੰ ਦੀਪੇ ਦਾ ਸੁਨੇਹਾ ਮਿਲਿਆ ਕਿ ਰਾਮੇਵਾਲ ਵਾਲਾ ਅਕਾਲੀ ਆਗੂ ਆਪਣੇ ਪੁੱਤ ਨੂੰ ਲੈ ਕੇ ਬਹੁਤ ਚਿੰਤਤ ਹੈ, ਕਿਤੇ ਆਉਂਦੇ-ਜਾਂਦੇ ਉਹਨੂੰ ਉਹਦੇ ਪਰਿਵਾਰ ਨਾਲ ਮਿਲਾ ਲਿਆਇਉ।

ਬੱਬੂ ਆਪਣੇ ਸਾਥੀਆਂ ਨਾਲ ਪਾਂਸਲੇ ਪਿੰਡ ਦੇ ਇਕ ਅਕਾਲੀ ਆਗੂ ਦੇ ਘਰ ਠਹਿਰਿਆ ਹੋਇਆ ਸੀ। ਇਥੋਂ ਹੀ ਸੁਨੇਹਾ ਘੱਲ ਕੇ ਰਾਮੇਵਾਲੀਏ ਸਿੰਘ ਦੇ ਪਰਿਵਾਰ ਨੂੰ ਬੁਲਾ ਲਿਆ ਗਿਆ।

ਉਹਨਾਂ ਦੇ ਘਰੋਂ ਉਹਦਾ ਵੱਡਾ ਭਰਾ ਤੇ ਭਾਬੀ ਉਹਨੂੰ ਮਿਲਣ ਆਏ।

ਉਹ ਆਉਂਦੇ ਹੋਏ ਆਪਣੇ ਨਾਲ ਇਕ ਹੋਰ ਅਕਾਲੀ ਆਗੂ ਗੁਰਦੀਪ ਸਿੰਘ ਭੁੱਲਰ ਨੂੰ ਲੈ ਆਏ ਸਨ।

ਗੁਰਦੀਪ ਸਿੰਘ ਭੁੱਲਰ ਦਾ ਖਾੜਕੂਆਂ ਵਿਚ ਚੰਗਾ ਸਤਿਕਾਰ ਸੀ। ਸਾਰਿਆਂ ਨੇ ਆ ਕੇ ਬੱਬੂ ਹੋਰਾਂ ਨੂੰ ਫ਼ਤਹਿ ਬੁਲਾਈ।

ਰਾਮੇਵਾਲੀਏ ਸਿੰਘ ਦਾ ਭਰਾ ਤੇ ਭਰਜਾਈ ਉਹਨੂੰ ਲੈ ਕੇ ਇਕ ਕਮਰੇ ਵਿਚ ਵੜ ਗਏ। ਗੁਰਦੀਪ ਸਿੰਘ ਭੁੱਲਰ ਬੱਬੂ ਨਾਲ ਵਿਚਾਰਾਂ ਕਰਨ ਲੱਗ ਪਿਆ।

"ਮੇਰਾ ਖ਼ਿਆਲ ਹੈ, ਤੁਸੀਂ ਇਸ ਮੁੰਡੇ ਨੂੰ ਇਸ ਦੇ ਘਰਦਿਆਂ ਦੇ ਨਾਲ ਜਾ ਲੈਣ ਦਿਉ। ਉਹ ਇਹਨੂੰ ਬਾਹਰਲੇ ਮੁਲਕ ਭੇਜ ਦੇਣਗੇ।" ਬੱਬੂ ਨਾਲ ਵਿਚਾਰਾਂ ਕਰਦਾ ਭੁੱਲਰ ਬੋਲਿਆ।

"ਅਸੀਂ ਕਿਸੇ ਨੂੰ ਜ਼ਬਰਦਸਤੀ ਆਪਣੇ ਨਾਲ ਨਹੀਂ ਤੋਰਦੇ ਭੁੱਲਰ ਸਾਹਿਬ! ਇਹ ਸਿੰਘ ਵੀ ਆਪਣੀ ਮਰਜ਼ੀ ਨਾਲ ਹੀ ਸਾਡੇ ਕਾਫ਼ਲੇ ਵਿਚ ਸ਼ਾਮਲ ਹੋਇਆ ਏ।" ਬੱਬੂ ਨੇ ਭੁੱਲਰ ਨੂੰ ਸੰਖੇਪ ਜਿਹਾ ਜਵਾਬ ਦਿੱਤਾ।

"ਉਹ ਤਾਂ ਤੁਹਾਡੀ ਗੱਲ ਠੀਕ ਹੈ ਸਿੰਘੋ, ਪਰ ਇਹਦੇ ਘਰਦਿਆਂ ਦਾ ਬਹੁਤ ਬੁਰਾ ਹਾਲ ਏ, ਉਹ ਤਾਂ ਵਿਚਾਰੇ ਮਰਨ ਨੂੰ ਫਿਰਦੇ ਨੇ ਇਹਦੇ ਬਗੈਰ।" ਭੁੱਲਰ ਨੇ ਘਰਦਿਆਂ ਦੀ ਹਾਲਤ ਬਿਆਨ ਕੀਤੀ।

"ਕਿਹੜੇ ਸਿੰਘ ਦੇ ਘਰਦਿਆਂ ਦਾ ਬੁਰਾ ਹਾਲ ਨਹੀਂ ਭੁੱਲਰ ਸਾਹਿਬ! ਕਿਸੇ ਵੀ ਮਾਪਿਆਂ ਨੇ ਪੁੱਤਰ ਸੁੱਟੇ ਨਹੀਂ ਹੁੰਦੇ, ਬੱਸ ਕੌਮੀ ਫ਼ਰਜ਼ਾਂ ਲਈ ਆਪਣੀ ਮਮਤਾ ਕੁਰਬਾਨ ਕਰਨੀ ਪੈਂਦੀ ਏ। ਦਸਵੇਂ ਪਾਤਸ਼ਾਹ ਨੇ ਆਪਣੇ ਚਾਰੇ ਪੁੱਤਰ ਕੌਮ ਤੋਂ ਵਾਰ ਦਿੱਤੇ ਸਨ।" ਬੱਬੂ ਜ਼ਰਾ ਉੱਚੀ ਸੁਰ ਵਿਚ ਬੋਲਿਆ, "ਨਾਲੇ ਕੌਮ ਦੀ ਆਜ਼ਾਦੀ ਲਈ ਹਮੇਸ਼ਾਂ ਆਮ ਸਿੱਖ ਹੀ

ਕੁਰਬਾਨੀ ਕਰਦਾ ਆਇਆ ਏ। ਹੁਣ ਜੇ ਕਿਸੇ ਆਗੂ ਦੇ ਪੁੱਤ ਨੇ ਹੀਆ ਕੀਤਾ ਹੀ ਹੈ ਤਾਂ ਇਹ ਲੋਕ ਹੁਣ ਤੁਹਾਡੀਆਂ ਸਿਫ਼ਾਰਸ਼ਾਂ ਪਾਉਣ ਲੱਗ ਪਏ ਆ। ਸਟੇਜਾਂ 'ਤੇ ਖੜੋ ਕੇ ਇਹੀ ਆਗੂ ਬੜੀਆਂ ਜੋਸ਼ੀਲੀਆਂ ਤਕਰੀਰਾਂ ਕਰਦੇ ਨੇ ਕਿ ਸਿੰਘੋ, ਕੌਮ 'ਤੇ ਭੀੜ ਪੈ ਗਈ ਹੈ। ਇਹ ਕੌਮ ਦੀ ਆਜ਼ਾਦੀ ਲਈ ਲੋਕਾਂ ਨੂੰ ਲਲਕਾਰਦੇ ਆ ਪਰ ਜਦ ਗੱਲ ਆਪਣੇ ਘਰਦਿਆਂ 'ਤੇ ਆਉਂਦੀ ਆ ਤਾਂ ਇਹਨਾਂ ਦੀ ਕਹਿਣੀ ਤੇ ਕਰਨੀ ਵਿਚ ਫ਼ਰਕ ਆ ਜਾਂਦਾ ਹੈ। ਇਹੋ ਜਿਹੇ ਆਗੂਆਂ ਨੂੰ ਤਾਂ ਗੋਲੀ ਮਾਰ ਦੇਣੀ ਚਾਹੀਦੀ ਆ।" ਬੱਬੂ ਆਗੂਆਂ ਦੇ ਦੋਗਲੇ ਚਿਹਰਿਆਂ ਤੋਂ ਦੁਖੀ ਸੀ।

ਗੁਰਦੀਪ ਸਿੰਘ ਭੁੱਲਰ ਕੋਲ ਬੱਬੂ ਦੀਆਂ ਸੱਚੀਆਂ ਦਲੀਲਾਂ ਦਾ ਕੋਈ ਜਵਾਬ ਨਹੀਂ ਸੀ।

"ਭੁੱਲਰ ਸਾਹਿਬ, ਤੁਸੀਂ ਸਾਡੇ ਸਤਿਕਾਰਯੋਗ ਹੋ, ਜੇ ਇਹ ਸਿੰਘ ਜਾਣਾ ਚਾਹੁੰਦਾ ਹੈ ਤਾਂ ਤੁਸੀਂ ਬੇਸ਼ੱਕ ਲੈ ਜਾਓ ਪਰ ਇਕ ਗੱਲ ਇਹਦੇ ਘਰਦਿਆਂ ਨੂੰ ਦੱਸ ਦਿਓ ਕਿ ਜੇ ਸਾਡੀ ਇਕ ਵੀ ਠਾਹਰ ਦਾ ਨੁਕਸਾਨ ਇਹਨਾਂ ਕਰਕੇ ਹੋਇਆ ਤਾਂ ਇਹ ਸਾਡੇ ਸਭ ਤੋਂ ਵੱਡੇ ਦੁਸ਼ਮਣ ਹੋਣਗੇ। ਅਤੇ ਹਾਂ ਸੱਚ, ਇਹਦੇ ਆਗੂ ਬਾਪ ਨੂੰ ਵੀ ਮੇਰਾ ਸੁਨੇਹਾ ਦੇ ਦਿਓ ਕਿ ਜੇ ਉਹਨੇ ਅੱਜ ਤੋਂ ਬਾਅਦ ਸਟੇਜਾਂ 'ਤੇ ਖੜੋ ਕੇ ਲੋਕਾਂ ਦੇ ਪੁੱਤਾਂ ਦੇ ਜਜ਼ਬਾਤ ਭੜਕਾਉਣ ਦੀ ਕੋਸ਼ਿਸ਼ ਕੀਤੀ ਤਾਂ ਮੈਂ ਉਹਨੂੰ ਗੋਲੀ ਮਾਰਨ ਲੱਗਾ ਝਿਜਕਾਂਗਾ ਨਹੀਂ।" ਬੱਬੂ ਨੇ ਸਪੱਸ਼ਟ ਸ਼ਬਦਾਂ ਵਿਚ ਆਪਣੇ ਦਿਲ ਦੀ ਗੱਲ ਭੁੱਲਰ ਨੂੰ ਦੱਸ ਦਿੱਤੀ।

ਕੁਝ ਸਮੇਂ ਬਾਅਦ ਰਾਮੇਵਾਲੀਆ ਮੁੰਡਾ ਵੀ ਆਪਣੇ ਭਰਾ ਤੇ ਭਾਬੀ ਨਾਲ ਕਮਰਿਉਂ ਬਾਹਰ ਆ ਗਿਆ। ਭਰਾ ਤੇ ਭਾਬੀ ਦੇ ਆਖੇ ਲੱਗ ਕੇ ਉਹ ਆਪਣੇ ਸਾਥੀਆਂ ਨੂੰ ਛੱਡ ਕੇ ਜਾਣ ਲਈ ਤਿਆਰ ਹੋ ਗਿਆ ਸੀ। ਅੱਖਾਂ ਨੀਵੀਆਂ ਕਰੀ ਖੜਾ ਉਹ ਸਾਥੀਆਂ ਨਾਲ ਅੱਖ ਨਹੀਂ ਸੀ ਮਿਲਾ ਰਿਹਾ।

ਫ਼ਤਹਿ ਬੁਲਾ ਕੇ ਉਹ ਨੀਵੀਂ ਪਾਈ ਆਪਣੇ ਭਰਾ ਅਤੇ ਭਾਬੀ ਨਾਲ ਘਰੋਂ ਬਾਹਰ ਹੋ ਗਿਆ। ਕੁਝ ਦੇਰ ਹੋਰ ਬੈਠਣ ਮਗਰੋਂ ਭੁੱਲਰ ਵੀ ਰਵਾਨਾ ਹੋ ਗਿਆ।

ਥੋੜ੍ਹੇ ਦਿਨਾਂ ਬਾਅਦ ਹੀ ਭੁਪਿੰਦਰ ਸਿੰਘ ਭਿੰਦੇ ਦੇ ਪਿੰਡ ਸ਼ਾਦੀਪੁਰ ਪੁਲਿਸ ਨੇ ਛਾਪਾ ਮਾਰਿਆ।

ਉਹ ਭਿੰਦੇ ਦੇ ਭਰਾ ਅਤੇ ਬਾਪ ਨੂੰ ਚੁੱਕ ਕੇ ਲੈ ਗਏ।

ਪੁਲਿਸ ਨੇ ਉਹਨਾਂ 'ਤੇ ਅੰਨ੍ਹਾ ਤਸ਼ੱਦਦ ਕੀਤਾ।

ਪੰਚਾਇਤ ਵਾਲੇ ਉਹਨਾਂ ਨੂੰ ਮੰਜਿਆਂ 'ਤੇ ਪਾ ਕੇ ਥਾਣਿਉਂ ਲੈ ਕੇ ਆਏ। ਜਦ ਇਹ ਖ਼ਬਰ ਭਿੰਦੇ ਨੂੰ ਮਿਲੀ ਤਾਂ ਉਹ ਜੁਆਕਾਂ ਵਾਂਗ ਧਾਹਾਂ ਮਾਰ ਕੇ ਰੋਣ ਲੱਗ ਪਿਆ।

ਉਹ ਆਪਣੇ ਘਰਦਿਆਂ ਨੂੰ ਮਿਲਣ ਲਈ ਕਾਹਲਾ ਪੈ ਗਿਆ। ਉਹਦਾ ਧਾਹੀਂ ਰੋਣਾ ਅਤੇ ਘਰਦਿਆਂ ਨੂੰ ਮਿਲਣ ਦੀ ਕਾਹਲ ਦੀਪੇ ਨੂੰ ਪਸੰਦ ਨਹੀਂ ਆਈ।

"ਬੰਦ ਕਰ ਯਾਰ ਆਹ ਨਿਆਣਿਆਂ ਵਾਂਗੂੰ ਰੋਣਾ। ਕੁਝ ਦਿਨਾਂ ਤਕ ਤੇਰੇ ਘਰਦਿਆਂ ਨੂੰ ਮਿਲ ਆਵਾਂਗੇ।" ਦੀਪਾ ਭਿੰਦੇ ਦੇ ਕੋਲ ਬਹਿੰਦਾ ਬੋਲਿਆ।

"ਨਹੀਂ ਭਾ ਜੀ, ਮੈਂ ਨਹੀਂ ਰਹਿ ਸਕਦਾ ਆਪਣੇ ਘਰਦਿਆਂ ਬਗ਼ੈਰ। ਤੁਸੀਂ ਮੈਨੂੰ ਉਹਨਾਂ ਕੋਲ ਛੱਡ ਆਵੋ। ਮੇਰੇ ਕਰਕੇ ਹੀ ਉਹਨਾਂ 'ਤੇ ਆਹ ਕਹਿਰ ਹੋਇਆ ਏ। ਮੈਨੂੰ ਬੱਸ ਉਹਨਾਂ ਕੋਲ ਛੱਡ ਆਵੋ। ਮੈਂ ਨਹੀਂ ਕਰ ਸਕਦਾ ਆਹ ਸੇਵਾ।" ਮੋਟੇ-ਮੋਟੇ ਅੱਥਰੂ ਸੁੱਟਦਾ ਭਿੰਦਾ ਬੋਲਿਆ। ਉਹ ਜਮਾਂ ਹੀ ਡੋਲ ਗਿਆ ਸੀ।

"ਕੀਹਦੇ ਘਰ ਵਾਲਿਆਂ ਨੂੰ ਪੁਲਿਸ ਨੇ ਆਪਣੇ ਕਹਿਰ ਦਾ ਨਿਸ਼ਾਨਾ ਨਹੀਂ ਬਣਾਇਆ। ਬੱਬੂ ਦੀ ਮਾਤਾ ਨੂੰ ਪੁਲਿਸ ਵਾਲੇ ਰੋਜ਼ ਹੀ ਥਾਣੇ ਬਿਠਾਈ ਰੱਖਦੇ ਆ। ਰਾਜਵੀਰ ਦੇ ਘਰ ਰੋਜ਼ ਮਿਲਟਰੀ ਵਾਲੇ ਛਾਪੇ ਮਾਰਦੇ ਆ, ਪ੍ਰਧਾਨ ਦੇ ਭੈਣ-ਜੀਜੇ ਨੂੰ ਵੀ ਪੁਲਿਸ ਨੇ ਨਹੀਂ ਬਖ਼ਸ਼ਿਆ। ਰਾਜੂ ਦੇ ਘਰਵਾਲੇ ਲੋਕਾਂ ਦੇ ਘਰੀਂ ਰਾਤਾਂ ਕੱਟਦੇ ਆ। ਅਸੀਂ ਸਰਕਾਰ ਦੇ ਬਾਗ਼ੀ ਹਾਂ, ਬਾਗ਼ੀਆਂ ਦੇ ਘਰੀਂ ਜ਼ੁਲਮੀ ਸਰਕਾਰਾਂ ਦੇ ਕਰਿੰਦੇ ਜ਼ੁਲਮ ਢਾਹੁੰਦੇ ਹੀ ਹੁੰਦੇ ਆ।" ਦੀਪੇ ਨੇ ਸਾਰੇ ਸਿੰਘਾਂ ਦੇ ਘਰਾਂ ਦੀ ਹਾਲਤ ਦੱਸ ਕੇ ਭਿੰਦੇ ਨੂੰ ਸਮਝਾਉਣਾ ਚਾਹਿਆ।

"ਨਹੀਂ ਭਾ ਜੀ, ਮੈਨੂੰ ਬੱਸ ਮੇਰੇ ਘਰਦਿਆਂ ਕੋਲ ਛੱਡ ਆਉ, ਮੈਂ ਕਿਸੇ ਬਾਹਰਲੇ ਮੁਲਕ ਚਲਾ ਜਾਵਾਂਗਾ। ਮੈਥੋਂ ਨਹੀਂ ਹੁੰਦੀ ਹੋਰ ਸੇਵਾ।" ਭਿੰਦਾ ਜਮਾਂ ਹੀ ਪਾਣੀ ਵਿਚ ਬਹਿ ਗਿਆ ਸੀ।

"ਤੇਰੇ ਵਰਗੇ ਬੁਜ਼ਦਿਲ ਦੀ ਸਾਡੇ ਸੰਘਰਸ਼ ਨੂੰ ਲੋੜ ਵੀ ਕੋਈ ਨਹੀਂ, ਜੋ ਜ਼ਰਾ ਜਿੰਨੇ ਤਸ਼ੱਦਦ ਤੋਂ ਹੀ ਘਬਰਾ ਜਾਏ। ਅੱਜ ਤੋਂ ਤੇਰੇ ਤੇ ਸਾਡੇ

ਰਸਤੇ ਅਲੱਗ-ਅਲੱਗ ਨੇ। ਆਪਣੇ ਹਥਿਆਰ ਬੱਬੂ ਦੇ ਹਵਾਲੇ ਕਰ ਦੇ ਤੇ ਮੇਰੀ ਗੱਲ ਧਿਆਨ ਨਾਲ ਸੁਣ। ਸਾਡਾ ਤੇਰੇ ਨਾਲ ਓਨਾ ਚਿਰ ਕੋਈ ਵੈਰ ਨਹੀਂ ਜਿੰਨਾ ਚਿਰ ਤੂੰ ਸਾਡਾ ਕੋਈ ਨੁਕਸਾਨ ਨਹੀਂ ਕਰਦਾ। ਪਰ ਜੇ ਤੇਰੇ ਕਰਕੇ ਸਾਡੇ ਕਿਸੇ ਸਿੰਘ ਦੇ ਝਰੀਟ ਵੀ ਆ ਗਈ ਤਾਂ ਯਾਦ ਰੱਖੀਂ, ਪੁਲਿਸ ਨੇ ਤਾਂ ਤੇਰੇ ਘਰ ਦੇ ਛੱਡ ਦਿੱਤੇ ਆ ਪਰ ਅਸੀਂ ਨਹੀਂ ਛੱਡਣੇ।" ਦੀਪੇ ਨੇ ਚੇਤਾਵਨੀ ਭਰੇ ਲਹਿਜ਼ੇ ਵਿਚ ਸਾਰੀ ਗੱਲ ਭਿੰਦੇ ਦੇ ਕੰਨੀਂ ਕੱਢ ਦਿੱਤੀ। ਦੀਪੇ ਦੀ ਚੇਤਾਵਨੀ ਸੁਣ ਕੇ ਭਿੰਦੇ ਦਾ ਸਰੀਰ ਕੰਬ ਗਿਆ। ਉਹ ਨੀਵੀਂ ਪਾਈ ਇਕ ਪਾਸੇ ਹੋ ਕੇ ਬੈਠ ਗਿਆ।

ਬੱਬੂ ਹੋਰਾਂ ਨੂੰ ਮੁਖ਼ਾਤਿਬ ਹੁੰਦਾ ਹੋਇਆ ਦੀਪਾ ਜਜ਼ਬਾਤੀ ਸੁਰ ਵਿਚ ਫੇਰ ਬੋਲਿਆ, "ਮੇਰਾ ਤੇ ਤੁਹਾਡਾ ਕੋਈ ਲਹੂ ਦਾ ਰਿਸ਼ਤਾ ਨਹੀਂ, ਮੇਰਾ ਤੇ ਤੁਹਾਡਾ ਰਿਸ਼ਤਾ ਬੱਸ ਦਰਦ ਦਾ ਏ, ਕੌਮੀ ਦਰਦ ਦਾ..... ਅਸੀਂ ਸਾਰੇ ਕੌਮੀ ਦਰਦ ਨੂੰ ਇਕੋ ਜਿਹਾ ਮਹਿਸੂਸ ਕਰਦੇ ਆਂ। ਅਸੀਂ ਸਾਰੇ ਪੰਜਾਬ ਦੀ ਅਣਖ ਬਚਾਉਣ ਖ਼ਾਤਰ ਲੜ ਰਹੇ ਹਾਂ। ਅਸੀਂ ਤੁਰੇ ਹਾਂ ਇਕ ਇਹੋ ਜਿਹਾ ਸਮਾਜ ਸਿਰਜਣ, ਜਿਥੇ ਗੁਰੂਆਂ ਦੇ ਨਾਮ ਦਾ ਬੋਲਬਾਲਾ ਹੋਵੇ। ਕੇਸਰੀ ਨਿਸ਼ਾਨ ਸਾਹਿਬ ਝੁੱਲਣ, ਸਾਡੇ ਗੁਰਧਾਮ ਮਹਿਫ਼ੂਜ਼ ਹੋਣ, ਸਾਡੀਆਂ ਇੱਜ਼ਤਾਂ ਮਹਿਫ਼ੂਜ਼ ਹੋਣ, ਸਾਡਾ ਆਪਣਾ ਦੇਸ਼ ਹੋਵੇ। ਉਸ ਮੰਜ਼ਿਲ 'ਤੇ ਪਹੁੰਚਣ ਲਈ ਸਾਨੂੰ ਅਜੇ ਲੰਮਾ ਸਫ਼ਰ ਤੈਅ ਕਰਨਾ ਪੈਣਾ ਹੈ। ਹੋ ਸਕਦਾ ਕਿ ਅਸੀਂ ਆਪਣੀਆਂ ਜ਼ਿੰਦਗੀਆਂ ਵਿਚ ਉਸ ਮੰਜ਼ਿਲ 'ਤੇ ਪਹੁੰਚ ਹੀ ਨਾ ਸਕੀਏ। ਪਰ ਸਾਡੀਆਂ ਪਾਈਆਂ ਪੈੜਾਂ ਵਿਚ ਪੈਰ ਧਰਨ ਲਈ ਹੋਰ ਸੂਰਮੇ ਆਉਣਗੇ। ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਉਸ ਰਾਜ ਦੀ ਬੁੱਕਲ ਦਾ ਨਿੱਘ ਮਾਣਨਗੀਆਂ। ਇਸ ਸਫ਼ਰ 'ਤੇ ਤੁਰਨ ਲਈ ਮਜ਼ਬੂਤ ਇਰਾਦੇ ਅਤੇ ਗੁਰੂ 'ਤੇ ਪੂਰਨ ਭਰੋਸੇ ਦੀ ਲੋੜ ਏ। ਤੁਹਾਡੇ ਵਿਚੋਂ ਜਿਹੜਾ ਵੀ ਇਸ ਸਫ਼ਰ 'ਤੇ ਨਹੀਂ ਤੁਰਨਾ ਚਾਹੁੰਦਾ, ਬੇਸ਼ੱਕ ਨਾ ਤੁਰੇ। ਜੋ ਕੋਈ ਵੀ ਘਰਾਂ ਨੂੰ ਮੁੜਨਾ ਚਾਹੁੰਦਾ, ਬੇਸ਼ੱਕ ਮੁੜ ਜਾਵੇ ਮੈਨੂੰ ਕੋਈ ਗਿਲ੍ਹਾ ਨਹੀਂ। ਮੈਂ ਅੱਜ ਭਿੰਦੇ ਨੂੰ ਜਿਥੇ ਵੀ ਕਹੇਗਾ, ਛੱਡ ਆਵਾਂਗਾ। ਤੁਹਾਡੇ 'ਚੋਂ ਵੀ ਜੇ ਕੋਈ ਜਾਣਾ ਚਾਹੁੰਦਾ ਹੈ ਤਾਂ ਮੈਨੂੰ ਹੁਣੇ ਹੀ ਦੱਸ ਦਿਉ।"

ਜਜ਼ਬਾਤ 'ਚ ਆਇਆ ਦੀਪਾ ਇਕ ਲੰਮਾ ਚੌੜਾ ਭਾਸ਼ਣ ਦੇ ਗਿਆ। ਉਹ ਟਿਕ-ਟਿਕੀ ਲਾ ਕੇ ਬੱਬੂ ਹੋਰਾਂ ਦੇ ਚਿਹਰਿਆਂ ਵੱਲ ਦੇਖ ਰਿਹਾ ਸੀ।

ਭਿੰਦੇ ਤੋਂ ਇਲਾਵਾ ਸਾਰਿਆਂ ਦੇ ਚਿਹਰਿਆਂ 'ਤੇ ਇਕ ਦ੍ਰਿੜ੍ਹਤਾ ਸੀ। "ਅਸੀਂ ਆਪਣੇ ਆਖ਼ਰੀ ਸਾਹਾਂ ਤਕ ਆਜ਼ਾਦੀ ਦੀ ਲੜਾਈ ਲੜਾਂਗੇ ਭਾ ਜੀ।"

ਬੱਬੂ, ਰਾਜੂ, ਰਾਜਵੀਰ ਅਤੇ ਜਤਿੰਦਰ ਨੇ ਇਕ ਸੁਰ ਵਿਚ ਆਖਿਆ।

ਦੀਪੇ ਨੇ ਵਾਰੋ-ਵਾਰੀ ਆਪਣੇ ਕਲਾਵੇ ਵਿਚ ਲੈ ਲਿਆ ਅਤੇ ਭਿੰਦਾ ਨੀਵੀਂ ਪਾਈ ਇਕ ਪਾਸੇ ਖੜਾ ਧਰਤੀ ਨੂੰ ਘੂਰ ਰਿਹਾ ਸੀ।

(ਇਸੇ ਭੁਪਿੰਦਰ ਸਿੰਘ ਭਿੰਦੇ ਦੀ ਫ਼ੋਟੋ ਪੰਜਾਬ ਪੁਲਿਸ ਦੀ ਵੈਬ-ਸਾਈਟ 'ਤੇ ਮੋਸਟ ਵਾਂਟੇਡ ਖਾੜਕੂਆਂ ਨਾਲ ਲੱਗੀ ਹੋਈ ਹੈ।)

*

ਕਾਂਡ 13

ਪੁਲਿਸ ਦਾ ਜਬਰ ਪੂਰੇ ਜ਼ੋਰਾਂ 'ਤੇ ਸੀ। ਹੁਣ ਪੁਲਿਸ ਨੇ ਖਾੜਕੂਆਂ ਦੇ ਟੱਬਰਾਂ ਨੂੰ ਆਪਣੇ ਜ਼ੁਲਮ ਦਾ ਨਿਸ਼ਾਨਾ ਬਣਾਉਣਾ ਸ਼ੁਰੂ ਕਰ ਦਿੱਤਾ ਸੀ। ਬੱਬਰ ਬਲਵਿੰਦਰ ਸਿੰਘ ਜਟਾਣਾਂ ਦੇ ਪਰਿਵਾਰ ਦੇ ਮੈਂਬਰਾਂ ਨੂੰ ਮਾਰ ਕੇ ਉਹਦੇ ਘਰ ਨੂੰ ਸਾੜ ਕੇ ਸੁਆਹ ਕਰ ਦਿੱਤਾ ਗਿਆ ਸੀ। ਇਸੇ ਤਰ੍ਹਾਂ ਜੋਗਾ ਸਿੰਘ ਖ਼ਾਨਪੁਰੀਏ ਦੇ ਸਾਰੇ ਟੱਬਰ ਨੂੰ ਵੀ ਪੁਲਿਸ ਦੇ ਕੈਟਾਂ ਨੇ ਖ਼ਤਮ ਕਰਵਾ ਦਿੱਤਾ ਸੀ।

ਗੁੱਸੇ ਵਿਚ ਖਾੜਕੂਆਂ ਨੇ ਵੀ ਪੁਲਿਸ ਮੁਲਾਜ਼ਮਾਂ ਦੇ ਪਰਿਵਾਰਾਂ ਨੂੰ ਨਿਸ਼ਾਨਾ ਬਣਾਉਣਾ ਸ਼ੁਰੂ ਕਰ ਦਿੱਤਾ।

ਸਿੱਖਾਂ ਦੇ ਪੁੱਤ ਹੀ ਸਿੱਖਾਂ ਦੇ ਪੁੱਤਾਂ ਦਾ ਘਾਣ ਕਰਨ ਲੱਗ ਪਏ ਸਨ।

ਮਾਝੇ ਅਤੇ ਮਾਲਵੇ ਵਿਚ ਇਹ ਅੱਗ ਬੁਰੀ ਤਰ੍ਹਾਂ ਭਖੀ ਪਈ ਸੀ। ਖ਼ਾਲਿਸਤਾਨ ਦੀ ਲਹਿਰ ਰਾਹੋਂ ਕੁਰਾਹੇ ਪੈ ਗਈ ਸੀ। ਪੁਲਿਸ ਮੁਲਾਜ਼ਮਾਂ ਦੇ ਪਰਿਵਾਰਾਂ ਦੇ ਬਹੁਤੇ ਕਤਲ ਪੁਲਿਸ ਕੈਟਾਂ ਨੇ ਕੀਤੇ ਸਨ ਪਰ ਨਾਂ ਖ਼ਾਲਿਸਤਾਨੀ ਖਾੜਕੂਆਂ ਦਾ ਹੀ ਲੱਗਦਾ ਸੀ। ਬਹੁਤ ਸਾਰੇ ਪੁਲਿਸ ਅਫ਼ਸਰਾਂ ਨੇ ਆਪਣੀਆਂ ਨਿੱਜੀ ਦੁਸ਼ਮਣੀਆਂ ਕੱਢਣ ਲਈ ਵੀ ਪੁਲਿਸ ਵਾਲਿਆਂ ਦੇ ਪਰਿਵਾਰ ਕਤਲ ਕਰਾਏ। ਪੂਰੇ ਪੰਜਾਬ ਵਿਚ ਅੰਨ੍ਹੀ ਨੂੰ ਬੋਲਾ ਘੜੀਸ ਰਿਹਾ ਸੀ।

ਟੈਲੀਵਿਜ਼ਨ 'ਤੇ ਖ਼ਬਰਾਂ ਦੇਖਦਾ ਦੀਪਾ ਕਚੀਚੀਆਂ ਵੱਟਦਾ ਆਪਣੇ ਆਪ ਨਾਲ ਹੀ ਗੱਲਾਂ ਕਰਦਾ ਰਹਿੰਦਾ, 'ਕਿਉਂ ਸੰਘਰਸ਼ ਦੀਆਂ ਬੇੜੀਆਂ 'ਚ ਵੱਟੇ ਪਾ ਰਹੇ ਹੋ ? ਪੁਲਿਸ ਵਾਲਿਆਂ ਦੇ ਪਰਿਵਾਰਾਂ ਦਾ ਕੀ ਦੋਸ਼ ਏ, ਕਿਉਂ ਮਾਰ ਰਹੇ ਹੋ ਬੇਦੋਸ਼ਿਆਂ ਨੂੰ.....?'

ਪੂਰੇ ਦੁਆਬੇ ਵਿਚ ਵਿਚਰਦੇ ਖਾੜਕੂ ਸਿੰਘਾਂ ਦੀ ਮੀਟਿੰਗ ਸੱਦ ਕੇ ਦੀਪੇ ਨੇ ਸਾਰਿਆਂ ਨੂੰ ਇਹ ਸਖ਼ਤ ਹਦਾਇਤਾਂ ਕਰ ਦਿੱਤੀਆਂ ਸਨ ਕਿ ਕਿਸੇ ਵੀ ਪੁਲਿਸ ਵਾਲੇ ਦੇ ਪਰਿਵਾਰ ਨੂੰ ਕੁਝ ਨਾ ਕਿਹਾ ਜਾਏ। ਉਹ

ਹਮੇਸ਼ਾਂ ਹੀ ਇਹ ਕਹਿੰਦਾ ਕਿ ਜੇ ਅਸੀਂ ਵੀ ਜ਼ਾਲਮ ਪੁਲਸੀਆਂ ਵਾਂਗ ਉਹਨਾਂ ਦੇ ਬੇਕਸੂਰ ਪਰਿਵਾਰਾਂ ਨੂੰ ਮਾਰਨ ਲੱਗ ਪਏ ਤਾਂ ਫਿਰ ਸਾਡੇ ਅਤੇ ਉਹਨਾਂ ਵਿਚ ਫ਼ਰਕ ਕੀ ਹੋਇਆ ?

ਮਾਝੇ ਅਤੇ ਮਾਲਵੇ 'ਚ ਲੱਗੀ ਅੱਗ ਦਾ ਸੇਕ ਵੀ ਦੀਪੇ ਨੇ ਦੁਆਬੇ ਵਿਚ ਨਾ ਲੱਗਣ ਦਿੱਤਾ।

ਬੱਬੂ ਹੋਰਾਂ ਦੀ ਠਾਹਰ 'ਤੇ ਇਕ ਦਿਨ ਦੀਪਾ ਆਪਣੀ ਮਾਰੂਤੀ ਕਾਰ ਲੈ ਕੇ ਆ ਪਹੁੰਚਿਆ।

ਉਹ ਬੱਬੂ ਤੇ ਰਾਜੂ ਨੂੰ ਆਪਣੇ ਨਾਲ ਲਿਜਾਣ ਲਈ ਆਇਆ ਸੀ। ਰਾਜਵੀਰ ਤੇ ਜਤਿੰਦਰ ਨੂੰ ਉਥੇ ਛੱਡ ਦੀਪਾ, ਬੱਬੂ ਤੇ ਰਾਜੂ ਨਕੋਦਰ ਲਾਗੇ ਇਕ ਪਿੰਡ ਸਿਧਵਾਂ ਬੇਟ ਵਾਲੀਆਂ ਕਰਕੇ ਜਾਣਿਆ ਜਾਂਦਾ ਸੀ, ਉਥੇ ਜਾ ਵੜੇ। ਪਿੰਡ ਵਿਚ ਸਥਿਤ ਸਰਕਾਰੀ ਬੈਂਕ ਵਿਚ ਉਹ ਖੁੱਲ੍ਹਣ ਸਾਰ ਹੀ ਜਾ ਵੜੇ। ਬੱਬੂ ਨੂੰ ਪਿੰਡੋਂ ਬਾਹਰ ਹੀ ਵਾਇਰਲੈੱਸ ਸੈੱਟ ਫੜਾ ਕੇ ਇਕ ਮੋਟਰ ਵਾਲੀ ਕੋਠੀ ਕੋਲ ਬਿਠਾ ਆਏ ਸਨ ਕਿ ਬਈ ਜੇ ਕੋਈ ਪੁਲਿਸ ਦੀ ਗੱਡੀ ਆਉਂਦੀ ਦਿਸੇ ਤਾਂ ਉਹ ਉਹਨਾਂ ਨੂੰ ਖ਼ਬਰਦਾਰ ਕਰ ਦਏ। ਦੂਜਾ ਵਾਇਰਲੈੱਸ ਸੈੱਟ ਦੀਪੇ ਨੇ ਆਪਣੀ ਜੈਕਟ ਦੀ ਜੇਬ ਵਿਚ ਪਾ ਲਿਆ।

ਜੋ ਜੋ ਵੀ ਬੈਂਕ ਵਿਚ ਆਉਂਦਾ, ਉਹ ਸਾਰਿਆਂ ਨੂੰ ਇਕ ਪਾਸੇ ਬਿਠਾਈ ਜਾਂਦੇ। ਬੈਂਕ ਦੇ ਕਰਮਚਾਰੀ ਕਿਸੇ ਆਗਿਆਕਾਰੀ ਬੱਚਿਆਂ ਵਾਂਗ ਉਹਨਾਂ ਦਾ ਹੁਕਮ ਮੰਨ ਰਹੇ ਸਨ। ਥੋੜ੍ਹੀ ਦੇਰ ਬਾਅਦ ਹੀ ਬੈਂਕ ਦਾ ਮੈਨੇਜਰ ਵੀ ਆਣ ਪਹੁੰਚਿਆ। ਉਸ ਕੋਲ ਸੇਫ਼ ਦੀਆਂ ਚਾਬੀਆਂ ਸ਼ਨ।

ਦੀਪਾ ਬੜੇ ਆਰਾਮ ਨਾਲ ਗਾਣੇ ਗਾਉਂਦਾ ਸਾਰੇ ਸਟਾਫ਼ ਨਾਲ ਗੱਲਾਂ ਕਰ ਰਿਹਾ ਸੀ। ਰਾਜੂ ਆਪਣੀ ਏ.ਕੇ. 56 ਫੜੀ ਸਾਰੇ ਕਰਮਚਾਰੀਆਂ 'ਤੇ ਬਾਜ਼ ਨਿਗਾਹਾਂ ਟਿਕਾਈ ਖੜਾ ਸੀ।

ਦੀਪੇ ਵੱਲ ਦੇਖ ਕੇ ਇੰਜ ਜਾਪਦਾ ਸੀ ਜਿਵੇਂ ਬੈਂਕ ਲੁੱਟਣਾ ਉਹਦੇ ਲਈ ਇਕ ਖੇਲ ਵਾਂਗ ਹੋਵੇ। ਨਾਲੋ-ਨਾਲ ਉਹ ਵਾਇਰਲੈੱਸ 'ਤੇ ਬੱਬੂ ਨਾਲ ਰਾਬਤਾ ਵੀ ਰੱਖ ਰਿਹਾ ਸੀ।

ਬੈਂਕ ਦੇ ਕਰਮਚਾਰੀਆਂ ਵਿਚੋਂ ਇਕ ਸਿੱਖ ਕਰਮਚਾਰੀ ਦੀਪੇ ਵੱਲ ਦੇਖਦਾ ਜ਼ਰਾ ਉੱਚੀ ਸੁਰ ਵਿਚ ਬੋਲਿਆ, "ਇਹ ਤੁਸੀਂ ਠੀਕ ਨਹੀਂ ਕਰ ਰਹੇ, ਤੁਸੀਂ ਸਰਕਾਰੀ ਪੈਸਾ ਇਸ ਤਰ੍ਹਾਂ ਨਹੀਂ ਲਿਜਾ ਸਕਦੇ।" ਉਹਦੀ ਆਵਾਜ਼ ਸਾਰੇ ਕਰਮਚਾਰੀਆਂ ਨੇ ਵੀ ਸੁਣ ਲਈ।

"ਚੰਗਾ ਇਸ ਤਰ੍ਹਾਂ ਨਹੀਂ ਲਿਜਾਂਦੇ, ਤੂੰ ਹੀ ਦੱਸ ਦੇ ਫਿਰ ਕਿਸ ਤਰ੍ਹਾਂ ਲਿਜਾਈਏ?" ਤੀਹ ਬੋਰ ਦਾ ਪਿਸਤੌਲ ਉਸ ਦੀ ਪੁੜਪੁੜੀ 'ਤੇ ਟਿਕਾ ਕੇ ਦੀਪਾ ਵਿਅੰਗਮਈ ਲਹਿਜ਼ੇ ਵਿਚ ਬੋਲਿਆ।

ਨਾਲ ਹੀ ਉਹ ਵਾਇਰਲੈੱਸ ਸੈੱਟ 'ਤੇ ਬੱਬੂ ਨਾਲ ਗੱਲਾਂ ਕਰਦਾ ਹੋਇਆ ਬੋਲਿਆ, "ਆਹ ਆਪਣੇ ਇਕ ਸਿੱਖ ਭਰਾ ਨੂੰ ਜ਼ਰਾ ਤਕਲੀਫ ਜਿਹੀ ਹੋ ਰਹੀ ਆ ਯਾਰ, ਕਹਿੰਦਾ ਤੁਸੀਂ ਸਰਕਾਰੀ ਪੈਸੇ ਨੂੰ ਲੁੱਟ ਕੇ ਨਹੀਂ ਲਿਜਾ ਸਕਦੇ। ਕੀ ਕਰੀਏ ਇਹਦਾ?"

"ਜਿੱਦਾਂ ਤੁਹਾਡੀ ਮਰਜ਼ੀ ਆ, ਕਰ ਲਉ ਭਾ ਜੀ।" ਵਾਇਰਲੈੱਸ ਵਿਚੋਂ ਬੱਬੂ ਦੀ ਆਵਾਜ਼ ਗੂੰਜੀ।

ਬੈਂਕ ਦੇ ਸਿੱਖ ਕਰਮਚਾਰੀ ਦਾ ਰੰਗ ਉੱਡ ਗਿਆ। ਉਹਦੀਆਂ ਖੜੇ ਦੀਆਂ ਲੱਤਾਂ ਕੰਬ ਰਹੀਆਂ ਸਨ। ਉਹਨੇ ਐਵੇਂ ਬੋਲ ਕੇ ਮੁਸੀਬਤ ਆਪਣੇ ਗਲ ਪਾ ਲਈ ਸੀ।

ਉਹਦੀ ਹਾਲਤ ਦੇਖ ਕੇ ਦੀਪਾ ਫੇਰ ਬੋਲਿਆ, "ਜਦ ਬਾਕੀ ਦੇ ਸਾਰੇ ਜਣੇ ਸਾਡੀ ਗੱਲ ਮੰਨ ਕੇ ਚੁੱਪ-ਚਾਪ ਖੜੇ ਹਨ ਤਾਂ ਤੈਨੂੰ ਕੋਈ ਜ਼ਿਆਦਾ ਤਕਲੀਫ ਆ? ਤੈਨੂੰ ਬੜਾ ਹੇਜ ਆਇਆ ਹੋਇਆ ਸਰਕਾਰੀ ਪੈਸੇ ਦਾ। ਜੇ ਹੁਣ ਇਥੋਂ ਜ਼ਰਾ ਵੀ ਹਿੱਲਿਆ ਤਾਂ ਤੇਰੇ ਸਿਰ 'ਚ ਸੁਰਾਖ਼ ਕਰ ਦਊਂ। ਫਿਰ ਉਪਰ ਜਾ ਕੇ ਗਿਣਦਾ ਰਹੀਂ ਸਰਕਾਰੀ ਨੋਟ," ਦੀਪਾ ਗਰਜਿਆ।

ਇੰਨੀ ਦੇਰ ਨੂੰ ਬੈਂਕ ਮੈਨੇਜਰ ਨੇ ਪੈਸਾ ਇਕ ਵੱਡੇ ਸਾਰੇ ਬੈਗ ਵਿਚ ਪਾ ਕੇ ਉਹਨਾਂ ਦੇ ਮੂਹਰੇ ਲਿਆ ਰੱਖਿਆ। ਸਾਰੇ ਬੈਂਕ ਮੁਲਾਜ਼ਮਾਂ ਨੂੰ ਇਕ ਕਮਰੇ ਵਿਚ ਬੰਦ ਕਰ ਕੇ ਉਹ ਮਾਰੂਤੀ ਕਾਰ 'ਚ ਬੈਠ ਕੇ ਉਧਰ ਨੂੰ ਰਵਾਨਾ ਹੋ ਗਏ ਜਿਧਰ ਬੱਬੂ ਨੂੰ ਲਾਹ ਕੇ ਆਏ ਸਨ।

ਵੀਹ ਮਿੰਟਾਂ ਵਿਚ ਹੀ ਉਹ ਸਰਕਾਰੀ ਬੈਂਕ ਨੂੰ ਸਾਫ਼ ਕਰ, ਉੱਡਦੀ ਧੂੜ ਵਿਚ ਗੁਆਚ ਗਏ।

ਅਜੇ ਕੱਲ੍ਹ ਹੀ ਉਹ ਬੈਂਕ ਲੁੱਟ 'ਚੋਂ ਸਰਕਾਰੀ ਪੈਸਾ ਲੁੱਟ ਕੇ ਲਿਆਏ ਸਨ। ਨਕੋਦਰ ਦੇ ਲਾਗੇ ਇਕ ਪਿੰਡ 'ਚ ਬੈਠੇ ਤਿੰਨੇ ਜਣੇ ਰੋਟੀ ਖਾ ਰਹੇ ਸਨ ਕਿ ਘਰ ਵਾਲਿਆਂ ਦਾ ਮੁੰਡਾ ਅਖ਼ਬਾਰ ਲੈ ਆਇਆ। ਦੀਪੇ ਨੇ ਅਖ਼ਬਾਰ ਮੁੰਡੇ ਦੇ ਹੱਥੋਂ ਫੜ ਲਿਆ।

ਅਖ਼ਬਾਰ ਦੀ ਵੱਡੀ ਸਾਰੀ ਸੁਰਖ਼ੀ ਲੱਗੀ ਖ਼ਬਰ ਦੇਖ ਕੇ ਉਹਨੇ ਰੋਟੀ ਵਾਲੀ ਥਾਲੀ ਪਾਸੇ ਕਰ ਦਿੱਤੀ।

ਬੈਠੇ-ਬੈਠੇ ਦੀਆਂ ਅੱਖਾਂ ਹੰਝੂਆਂ ਨਾਲ ਭਰ ਗਈਆਂ, ਉਹ ਧਾਹਾਂ ਮਾਰ ਕੇ ਰੋਣ ਲੱਗ ਪਿਆ।

ਖ਼ਾਲਿਸਤਾਨ ਕਮਾਂਡੋ ਫ਼ੋਰਸ ਦਾ ਜਰਨੈਲ ਭਾਈ ਗੁਰਦੀਪ ਸਿੰਘ ਦੀਪਾ (ਹੇਰਾਂ) ਉਰਫ਼ ਡਾਕਟਰ ਭੁੱਬਾਂ ਮਾਰ ਕੇ ਰੋ ਰਿਹਾ ਸੀ, ਜਿਵੇਂ ਕੋਈ ਨਿਆਣਾ ਕਿਸੇ ਬਹੁਤ ਪਿਆਰੀ ਚੀਜ਼ ਦੇ ਗੁਆਚਣ ਦੇ ਬਾਅਦ ਰੋਂਦਾ ਹੈ। ਬੱਬੂ ਨੇ ਦੀਪੇ ਨੂੰ ਕਲਾਵੇ ਵਿਚ ਲੈ ਲਿਆ। ਉਹ ਹੈਰਾਨ ਸੀ ਕਿ ਏਡਾ ਬਹਾਦਰ ਦੀਪਾ ਇੰਜ ਕਿਉਂ ਧਾਹੀਂ ਰੋ ਰਿਹਾ ਸੀ।

ਰਾਜੂ ਨੇ ਪਾਸੇ ਪਈ ਅਖ਼ਬਾਰ ਚੁੱਕ ਲਈ ਅਤੇ ਉਹ ਬੋਲ ਕੇ ਅਖ਼ਬਾਰ ਪੜ੍ਹਨ ਲੱਗ ਪਿਆ।

ਕੱਲ੍ਹ ਤੜਕੇ ਚਾਰ ਵਜੇ ਹਿੰਦੁਸਤਾਨ ਦੀ ਸਰਕਾਰ ਨੇ ਭਾਈ ਹਰਜਿੰਦਰ ਸਿੰਘ ਜਿੰਦਾ ਤੇ ਭਾਈ ਸੁਖਦੇਵ ਸਿੰਘ ਸੁੱਖਾ ਨੂੰ ਫ਼ਾਂਸੀ ਚਾੜ੍ਹ ਦਿੱਤਾ ਸੀ।

ਬੱਸ ਇਹ ਖ਼ਬਰ ਪੜ੍ਹ ਕੇ ਹੀ ਦੀਪੇ ਦੀਆਂ ਭੁੱਬਾਂ ਨਿਕਲ ਗਈਆਂ ਸਨ। ਘਰ ਵਾਲੇ ਹੈਰਾਨ ਸਨ ਕਿ ਕਿਸ ਮਿੱਟੀ ਦੇ ਬਣੇ ਹਨ ਇਹ ਖਾੜਕੂ ? ਇਕ-ਦੂਜੇ ਨਾਲ ਇੰਨਾ ਪਿਆਰ ਤਾਂ ਸਕੇ ਭਰਾਵਾਂ ਦਾ ਵੀ ਨਹੀਂ ਹੁੰਦਾ। ਪੁਲਿਸ ਅਤੇ ਕੌਮ-ਦੋਖੀਆਂ ਲਈ ਖ਼ੌਫ਼ ਬਣਿਆ ਦੀਪਾ ਇੰਨਾ ਜਜ਼ਬਾਤੀ ਹੋਵੇਗਾ, ਇਹ ਤਾਂ ਸ਼ਾਇਦ ਕਿਸੇ ਨੇ ਵੀ ਨਹੀਂ ਸੋਚਿਆ ਹੋਣਾ।

ਜਿੰਦੇ-ਸੁੱਖੇ ਨੂੰ ਯਾਦ ਕਰ ਕੇ ਰਾਜੂ ਤੇ ਬੱਬੂ ਦੀਆਂ ਅੱਖਾਂ ਵੀ ਗਿੱਲੀਆਂ ਹੋ ਗਈਆਂ। ਦੀਪਾ ਆਪਣੇ ਆਪ ਨਾਲੋਂ ਜ਼ਿਆਦਾ ਕੌਮ ਦੀ ਅਣਖ ਬਚਾਉਣ ਤੁਰੇ ਆਪਣੇ ਵਰਗੇ ਹਜ਼ਾਰਾਂ ਹੀ ਨੌਜਵਾਨਾਂ ਨੂੰ ਦਿਲੋਂ ਪਿਆਰ ਕਰਦਾ ਸੀ।

ਥੋੜ੍ਹੀ ਦੇਰ ਬਾਅਦ ਹੀ ਉਹ ਕਾਰ ਵਿਚ ਬੈਠ ਬੋਪਾਰਾਏ ਪਿੰਡ ਵੱਲ ਨੂੰ ਰਵਾਨਾ ਹੋ ਗਏ। ਜਦੋਂ ਉਹ ਬੋਪਾਰਾਏ ਪਿੰਡ ਦੀ ਨਹਿਰੇ-ਨਹਿਰ ਜਾ ਰਹੇ ਸਨ ਤਾਂ ਉਹਨਾਂ ਦੇਖਿਆ ਕਿ ਉਹਨਾਂ ਦੇ ਸਾਹਮਣੇ ਪੁਲਿਸ ਦਾ ਭਰਿਆ ਟੈਂਪੂ ਜਾ ਰਿਹਾ ਸੀ। ਬੱਬੂ ਕਾਰ ਚਲਾ ਰਿਹਾ ਸੀ।

"ਕਿੱਦਾਂ ਕਰਨੀ ਆ ਭਾ ਜੀ, ਜੇ ਹੁਣ ਪਿਛਾਂਹ ਨੂੰ ਮੁੜੇ ਤਾਂ ਉਹਨਾਂ ਨੂੰ ਸਿੱਧਾ ਹੀ ਸ਼ੱਕ ਪਾਉਣ ਵਾਲੀ ਗੱਲ ਆ।" ਦੀਪੇ ਨੂੰ ਪੁੱਛਦਾ ਹੋਇਆ ਬੱਬੂ ਬੋਲਿਆ।

"ਆਪੋ ਆਪਣੇ ਹਥਿਆਰ ਮਾੜੇ ਜਿਹੇ ਪਰਦੇ ਵਿਚ ਕਰ ਲਵੋ। ਤੂੰ ਨਾਲ ਦੀ ਓਵਰਟੇਕ ਕਰ ਲਾ ਬੱਬੂ।" ਦੀਪਾ ਚੁਸਤ ਜਿਹਾ ਹੁੰਦਾ ਹੋਇਆ ਬੋਲਿਆ।

ਉਹ ਬੱਬੂ ਦੇ ਨਾਲ ਵਾਲੀ ਸੀਟ 'ਤੇ ਬੈਠਾ ਸੀ। ਕਾਰ ਹੌਲੀ-ਹੌਲੀ ਟੈਂਪੂ ਦੇ ਮਗਰ ਜਾ ਰਹੀ ਸੀ। ਬੱਬੂ ਨੇ ਕਾਰ ਦਾ ਹਾਰਨ ਮਾਰਿਆ। ਪੁਲਿਸ ਵਾਲਿਆਂ ਨੇ ਕਾਰ ਨੂੰ ਹੱਥ ਦੇ ਕੇ ਰੁਕਣ ਦਾ ਇਸ਼ਾਰਾ ਕੀਤਾ ਅਤੇ ਸੜਕ ਦੇ ਵਿਚਕਾਰ ਹੀ ਟੈਂਪੂ ਰੋਕ ਦਿੱਤਾ।

ਉਹਨਾਂ ਦੀ ਹਰਕਤ ਦੇਖ ਕੇ ਦੀਪਾ ਇਕਦਮ ਬੋਲਿਆ, "ਆਪੋ ਆਪਣੇ ਹਥਿਆਰ ਸੰਭਾਲੋ ਮਿੱਤਰੋ, ਅੱਜ ਆਹਮੋ-ਸਾਹਮਣੇ ਹੱਥ ਜੁੜ ਗਏ ਨੇ।"

ਇੰਨਾ ਆਖ ਉਹ ਸਾਰੇ ਜਣੇ ਬੜੀ ਫ਼ੁਰਤੀ ਨਾਲ ਕਾਰ 'ਚੋਂ ਬਾਹਰ ਨਿਕਲੇ। ਇਸ ਤੋਂ ਪਹਿਲਾਂ ਕਿ ਪੁਲਿਸ ਵਾਲੇ ਕੁਝ ਸਮਝਦੇ, ਏ.ਕੇ. 56 ਰਾਈਫ਼ਲਾਂ ਨੇ ਅੱਗ ਵਰ੍ਹਾਉਣੀ ਸ਼ੁਰੂ ਕਰ ਦਿੱਤੀ ਸੀ।

ਮੀਂਹ ਦੇ ਛਰ੍ਹਾਟੇ ਵਾਂਗ ਵਰ੍ਹਦੀਆਂ ਗੋਲੀਆਂ ਨੇ ਪੁਲਿਸ ਵਾਲਿਆਂ ਨੂੰ ਪਲਾਂ ਵਿਚ ਹੀ ਲਾਸ਼ਾਂ ਵਿਚ ਬਦਲ ਦਿੱਤਾ। ਖੇਤਾਂ ਵਿਚ ਨਹਿਰ ਦਾ ਪਾਣੀ ਲਾਉਂਦਾ ਇਕ ਕਿਸਾਨ ਮੂੰਹ ਦੇ ਭਾਰ ਪਾਣੀ ਲੱਗੇ ਖੇਤ ਵਿਚ ਲੰਮਾ ਪੈ ਗਿਆ, ਨਹੀਂ ਤਾਂ ਉਹ ਵਿਚਾਰਾ ਵੀ ਸਾਨ੍ਹਾਂ ਦੇ ਭੇੜ ਵਿਚ ਮਾਰਿਆ ਜਾਣਾ ਸੀ।

ਅੰਨ੍ਹੇਵਾਹ ਹੋਈ ਫ਼ਾਇਰਿੰਗ ਵਿਚ ਵਿਚਾਰਾ ਟੈਂਪੂ ਦਾ ਡਰਾਈਵਰ ਵੀ ਮਾਰਿਆ ਗਿਆ। ਪੰਜ ਪੁਲਿਸ ਵਾਲੇ ਸਣੇ ਏ.ਐਸ.ਆਈ. ਹਰਜੀਤ ਸਿਹੁੰ ਦੇ ਮਾਰੇ ਗਏ। ਕਈ ਪੁਲਿਸ ਵਾਲੇ ਅੱਡੀਆਂ ਨੂੰ ਥੁੱਕ ਲਾ ਕੇ ਦੌੜ ਗਏ।

ਦੀਪੇ ਹੋਰਾਂ ਨੇ ਪੁਲਿਸ ਦਾ ਸਾਰਾ ਅਸਲਾ ਆਪਣੇ ਕਬਜ਼ੇ ਵਿਚ ਕਰ ਲਿਆ। ਟੈਂਪੂ 'ਤੇ ਬੀੜੀ ਐਲ.ਐਮ.ਜੀ. ਵੀ ਉਤਾਰ ਲਈ ਗਈ। ਥਾਣੇਦਾਰ ਹਰਜੀਤ ਸਿਹੁੰ ਦਾ ਰਿਵਾਲਵਰ ਵੀ ਲਾਹ ਲਿਆ ਗਿਆ।

ਬੋਪਾਰਾਏ ਵਾਲੀ ਨਹਿਰ ਤੇ 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ', 'ਖ਼ਾਲਿਸਤਾਨ ਜ਼ਿੰਦਾਬਾਦ' ਦੇ ਜੈਕਾਰੇ ਗੂੰਜ ਰਹੇ ਸਨ।

ਇਕ ਥਾਣੇਦਾਰ ਸਮੇਤ ਪੰਜ ਪੁਲਿਸ ਮੁਲਾਜ਼ਮਾਂ ਦਾ ਮਾਰੇ ਜਾਣਾ ਪੁਲਿਸ ਲਈ ਇਕ ਸਦਮੇ ਵਾਂਗ ਸੀ। ਪੰਜਾਬ ਪੁਲਿਸ ਦਾ ਡੀ.ਜੀ.ਪੀ.

ਜਲੰਧਰ ਜ਼ਿਲ੍ਹੇ ਦੇ ਪੁਲਿਸ ਅਫ਼ਸਰਾਂ ਨੂੰ ਝਈਆਂ ਲੈ-ਲੈ ਪੈ ਰਿਹਾ ਸੀ। ਜਲੰਧਰ ਜ਼ਿਲ੍ਹੇ ਦੀ ਪੁਲਿਸ ਕੋਲੋਂ ਦੀਪੇ ਦਾ ਗਰੁੱਪ ਨਹੀਂ ਸੀ ਕਾਬੂ ਹੋ ਰਿਹਾ। ਪੁਲਿਸ ਅਫ਼ਸਰਾਂ ਵਿਚ ਉਹਨਾਂ ਦੀ ਦਹਿਸ਼ਤ ਸੀ। ਜੇ ਕਿਤੇ ਉਹਨਾਂ ਨੂੰ ਪਤਾ ਵੀ ਲੱਗ ਜਾਂਦਾ ਕਿ ਦੀਪੇ ਹੁਰੀਂ ਫਲਾਣੇ ਇਲਾਕੇ ਜਾਂ ਪਿੰਡ ਵਿਚ ਹਨ ਤਾਂ ਵੀ ਪੁਲਿਸ ਵਾਲੇ ਉਧਰ ਨੂੰ ਮੂੰਹ ਨਾ ਕਰਦੇ। ਇਸ ਤੋਂ ਇਲਾਵਾ ਪੰਜਾਬ ਪੁਲਿਸ ਵਿਚ ਵੀ ਸਿੰਘਾਂ ਦੇ ਸੈੱਲ ਸਨ ਜੋ ਸਮੇਂ-ਸਮੇਂ 'ਤੇ ਅੰਦਰ ਦੀਆਂ ਖ਼ਬਰਾਂ ਪਹੁੰਚਾਉਂਦੇ ਰਹਿੰਦੇ ਸਨ।

ਬੋਪਾਰਾਵਾਂ ਦੀ ਨਹਿਰ 'ਤੇ ਹੋਏ ਆਹਮੋ-ਸਾਹਮਣੇ ਮੁਕਾਬਲੇ ਤੋਂ ਬਾਅਦ ਪੇਪਰਾਂ 'ਚ ਇਹ ਖ਼ਬਰ ਆ ਚੁੱਕੀ ਸੀ ਕਿ ਦੀਪੇ ਹੋਰੀਂ ਮਾਰੂਤੀ ਕਾਰ ਵਿਚ ਸਵਾਰ ਸਨ। ਸੋ ਕੁਝ ਦਿਨਾਂ ਬਾਅਦ ਹੀ ਦੀਪੇ ਨੇ ਮਾਰੂਤੀ ਕਾਰ ਦੀਆਂ ਚਾਬੀਆਂ ਬੱਬੂ ਨੂੰ ਦੇ ਦਿੱਤੀਆਂ ਸਨ।

"ਲੈ ਬਈ ਬੱਬੂ, ਆਹ ਫੜ ਚਾਬੀਆਂ ਕਾਰ ਦੀਆਂ। ਇਹਨੂੰ ਜਿੰਨੀ ਛੇਤੀ ਹੋ ਸਕੇ ਕਿਸੇ ਖੂਹ ਵਿਚ ਸੁੱਟ ਦੇ ਤੇ ਹਾਂ, ਨਾਲੇ ਕਦੇ ਵੀ ਦਿਨ ਦੇ ਸਮੇਂ ਸਫ਼ਰ ਨਹੀਂ ਕਰਨਾ ਇਹਦੇ ਵਿਚ।" ਬੱਬੂ ਨੂੰ ਚਾਬੀਆਂ ਫੜਾਉਂਦਾ ਦੀਪਾ ਬੋਲਿਆ।

"ਠੀਕ ਆ ਭਾ ਜੀ, ਮੇਰੀ ਨਜ਼ਰ 'ਚ ਹੈਗਾ ਇਕ ਉਜੜਿਆ ਜਿਹਾ ਖੂਹ। ਉਥੇ ਧੱਕਾ ਦੇ ਦਿਆਂਗੇ ਇਹਨੂੰ।" ਕਹਿੰਦੇ ਹੋਏ ਬੱਬੂ ਨੇ ਚਾਬੀਆਂ ਫੜ ਲਈਆਂ।

ਇਹਨਾਂ ਦਿਨਾਂ ਵਿਚ ਹੀ ਜਤਿੰਦਰ ਵੀ ਕਿਸੇ ਬਾਹਰਲੇ ਮੁਲਕ ਨੂੰ ਨਿਕਲ ਗਿਆ।

ਹੁਣ ਬੱਬੂ, ਰਾਜੂ ਤੇ ਰਾਜਵੀਰ ਤਿੰਨੋਂ ਜਣੇ ਕਾਰ ਵਿਚ ਸਵਾਰ ਹੁੰਦੇ। ਇਹਨਾਂ ਦਿਨਾਂ ਵਿਚ ਹੀ ਇਕ ਦਿਨ ਸ਼ਾਮ ਵੇਲੇ ਨੂਰ ਮਹਿਲ ਦੇ ਲਾਗੇ ਇਕ ਪਿੰਡ ਖੋਲਾਂ ਵਿਖੇ ਆਪਣੀ ਇਕ ਠਾਹਰ 'ਤੇ ਜਾ ਪਹੁੰਚੇ। ਇਹ ਠਾਹਰ ਪਿੰਡੋਂ ਬਾਹਰਵਾਰ ਖੇਤਾਂ ਵਿਚ ਬਣੇ ਇਕ ਘਰ ਵਿਚ ਸੀ। ਅੱਜ ਦੀ ਰਾਤ ਇਥੇ ਠਹਿਰਨ ਦਾ ਪ੍ਰੋਗਰਾਮ ਸੀ। ਬੱਬੂ ਚੁਬਾਰੇ ਵਿਚ ਜਾ ਚੜ੍ਹਿਆ। ਰਾਜੂ ਅਤੇ ਰਾਜਵੀਰ ਨੇ ਬੈਠਕ ਵਿਚ ਹੀ ਮੰਜੇ ਮੱਲ ਲਏ। ਸਾਰੀ ਰਾਤ ਉਹ ਬੜੇ ਆਰਾਮ ਨਾਲ ਘੁਰਾੜੇ ਮਾਰਦੇ ਸੁੱਤੇ ਰਹੇ।

ਦਿਨ ਚੜ੍ਹਦਿਆਂ ਹੀ ਘਰ ਦਾ ਇਕ ਮੈਂਬਰ ਪਿੰਡ ਵੱਲ ਗਿਆ ਤਾਂ ਮੁੜਦੇ ਪੈਰੀਂ ਵਾਪਸ ਆ ਗਿਆ। ਉਹਦੇ ਚਿਹਰੇ ਦੇ ਹਾਵ-ਭਾਵ ਦੱਸ ਰਹੇ ਸਨ ਜਿਵੇਂ ਕੋਈ ਅਣਹੋਣੀ ਘਟਨਾ ਵਾਪਰ ਗਈ ਹੋਵੇ।

ਘਰ ਵੜਦਿਆਂ ਹੀ ਉਹ ਬੱਬੂ ਹੋਰਾਂ ਕੋਲ ਚੁਬਾਰੇ ਆ ਚੜ੍ਹਿਆ।

"ਸਾਰਾ ਪਿੰਡ ਫ਼ੌਜ ਅਤੇ ਪੁਲਿਸ ਨੇ ਘੇਰਿਆ ਹੋਇਆ ਭਾ ਜੀ। ਹਰ ਪਾਸੇ ਖ਼ਾਕੀ ਵਰਦੀਆਂ ਹੀ ਦੀਹਦੀਆਂ ਪਿੰਡ 'ਚ।" ਉਹ ਬੱਬੂ ਹੋਰਾਂ ਵੱਲ ਦੇਖਦਾ ਹੋਇਆ ਬੋਲਿਆ। ਉਹਦੇ ਚਿਹਰੇ ਤੋਂ ਲੱਗਦਾ ਸੀ ਕਿ ਉਹ ਕਾਫ਼ੀ ਡਰਿਆ ਹੋਇਆ ਹੈ।

"ਕਿਉਂ, ਪਿੰਡ 'ਚ ਕੀ ਹੋ ਗਿਆ ਜਿਹੜੀ ਇੰਨੀ ਪੁਲਿਸ ਆਈ ਹੋਈ ਆ ?" ਰਾਜੂ ਨੇ ਸਵਾਲੀਆ ਨਜ਼ਰਾਂ ਨਾਲ ਉਹਦੇ ਵੱਲ ਦੇਖਦੇ ਹੋਏ ਪੁੱਛਿਆ।

"ਪਿੰਡ 'ਚ ਲੋਕੀਂ ਘੁਸਰ-ਮੁਸਰ ਕਰਦੇ ਸੀ ਬਈ ਆਹ ਅਕਲਪੁਰੇ ਵਾਲੀ ਨਹਿਰ 'ਤੇ ਮੁਕਾਬਲਾ ਹੋਇਆ ਸੀ ਕੋਈ ਰਾਤੀਂ।" ਪਰਿਵਾਰ ਦੇ ਮੈਂਬਰ ਨੇ ਜਵਾਬ ਦਿੱਤਾ।

"ਰਾਤੀਂ ਕੁਝ ਗੋਲੀਆਂ ਦਾ ਖੜਾਕ ਜਿਹਾ ਤਾਂ ਮੈਨੂੰ ਵੀ ਚੁਬਾਰੇ 'ਚ ਸੁੱਤੇ ਪਏ ਨੂੰ ਮਹਿਸੂਸ ਹੋਇਆ ਪਰ ਫੇਰ ਮੈਂ ਸੋਚਿਆ ਕਿ ਸ਼ਾਇਦ ਮੇਰੇ ਮਨ ਦਾ ਹੀ ਵਹਿਮ ਹੋਵੇ," ਬੱਬੂ ਬੋਲਿਆ।

"ਪਿੰਡ ਨੂੰ ਘੇਰਾ ਪਾ ਕੇ ਖੜੀ ਪੁਲਿਸ ਇਧਰ ਵੀ ਆ ਸਕਦੀ ਏ, ਆਪਾਂ ਨੂੰ ਇਥੋਂ ਨਿਕਲਣਾ ਚਾਹੀਦਾ, ਇਹ ਨਾ ਹੋਵੇ ਕਿ ਆਪਣੇ ਕਰਕੇ ਇਸ ਪਰਿਵਾਰ ਨੂੰ ਕੋਈ ਬਿਪਤਾ ਦਾ ਸਾਹਮਣਾ ਕਰਨਾ ਪਵੇ।" ਹਾਲਾਤ ਨੂੰ ਭਾਂਪਦੇ ਹੋਏ ਰਾਜਵੀਰ ਨੇ ਕਿਹਾ।

"ਤੇਰੀ ਗੱਲ ਠੀਕ ਆ ਰਾਜਵੀਰ, ਆਪਾਂ ਨੂੰ ਨਿਕਲਣਾ ਚਾਹੀਦਾ," ਬੱਬੂ ਬੋਲਿਆ।

ਆਪੋ ਆਪਣੇ ਹਥਿਆਰ ਸਾਂਭ ਉਹ ਤਿੰਨੇ ਜਣੇ ਕਾਰ 'ਚ ਬੈਠ ਰਵਾਨਾ ਹੋ ਗਏ। ਖੋਲਿਆਂ ਵਾਲੀ ਠਾਹਰ ਤੋਂ ਨਿਕਲ ਕੇ ਬੱਬੂ ਨੇ ਕਾਰ ਕੱਚੇ ਰਸਤਿਆਂ ਰਾਹੀਂ ਕੰਦੋਲਿਆਂ ਦੇ ਵਿਚ ਦੀ ਹੁੰਦੇ ਹੋਏ ਮਹਿਸਮਪੁਰ ਲੰਘ ਕੇ ਮੁਠੱਡਾਂ ਕਲਾਂ ਜਾ ਵਾੜੀ। ਮੁਠੱਡਿਆਂ ਦੇ ਬੱਸ ਅੱਡੇ ਵਿਚ ਭੀੜ ਕੁਝ ਜਿਆਦਾ ਹੋਣ ਕਰਕੇ ਬੱਬੂ ਨੂੰ ਕਾਰ ਕੁਝ ਹੌਲੀ ਕਰਨੀ ਪਈ।

ਕਾਰ ਦੀ ਰਫ਼ਤਾਰ ਹੌਲੀ ਹੋਣ ਕਾਰਨ ਬੱਸ ਅੱਡੇ ਵਿਚ ਖੜੇ ਬਲਿਹਾਰ ਸਿੰਘ ਨੇ ਉਹਨਾਂ ਨੂੰ ਦੇਖ ਲਿਆ।

ਬੱਬੂ ਨੇ ਕਾਰ ਵਾਪਸ ਕਰ ਕੇ ਬਲਿਹਾਰ ਸਿੰਘ ਦੇ ਕੋਲ ਰੋਕ ਲਈ। ਬਲਿਹਾਰ ਦੇ ਚਿਹਰੇ ਦਾ ਰੰਗ ਉੱਡ ਗਿਆ।

ਗੱਡੀ 'ਚੋਂ ਬਾਹਰ ਨਿਕਲ ਕੇ ਬੱਬੂ ਨੇ ਜਾ ਫ਼ਤਹਿ ਬੁਲਾਈ ਬਲਿਹਾਰ ਨੂੰ, "ਕਿੱਦਾਂ ਬਈ ਬਲਿਹਾਰ ਕੀ ਹਾਲ ਏ ਤੇਰਾ ?" ਬੱਬੂ ਉਸ ਦੇ ਮੋਢੇ 'ਤੇ ਹੱਥ ਰੱਖਦਾ ਹੋਇਆ ਬੋਲਿਆ।

"ਮੈਂ ਠੀਕ ਆਂ ਬੱਬੂ ਭਾ ਜੀ, ਤੁਸੀਂ ਕਿੱਦਾਂ ?" ਬਲਿਹਾਰ ਦਾ ਗਲਾ ਖ਼ੁਸ਼ਕ ਹੋ ਗਿਆ ਸੀ। ਉਸ ਦੀ ਆਵਾਜ਼ ਉਸ ਦਾ ਸਾਥ ਨਹੀਂ ਸੀ ਦੇ ਰਹੀ।

"ਸਾਡੀ ਤੇਰੇ ਨਾਲ ਕੋਈ ਦੁਸ਼ਮਣੀ ਨਹੀਂ ਬਲਿਹਾਰ, ਉਹ ਤਾਂ ਤੂੰ ਸਾਨੂੰ ਦੇਖ ਲਿਆ ਸੀ, ਇਸੇ ਕਰਕੇ ਮੈਨੂੰ ਕਾਰ ਵਾਪਸ ਲਿਆਉਣੀ ਪਈ, ਬਈ ਤੈਨੂੰ ਦੱਸ ਦੇਈਏ ਕਿ ਅਸੀਂ ਵੀ ਤੈਨੂੰ ਦੇਖ ਲਿਆ ਏ।" ਬੱਬੂ ਨੇ ਧਮਕੀ ਭਰੀ ਚੇਤਾਵਨੀ ਬਲਿਹਾਰ ਦੇ ਕੰਨੀਂ ਕੱਢ ਦਿੱਤੀ।

"ਆ ਜਾ ਤੈਨੂੰ ਰਾਜਵੀਰ ਨਾਲ ਵੀ ਮਿਲਾ ਦਿਆਂ।" ਕਹਿੰਦੇ ਹੋਏ ਬੱਬੂ ਨੇ ਬਲਿਹਾਰ ਦਾ ਹੱਥ ਫੜ ਕੇ ਉਸ ਨੂੰ ਕਾਰ ਵੱਲ ਨੂੰ ਤੋਰ ਲਿਆ।

"ਸਤਿ ਸ੍ਰੀ ਅਕਾਲ ਬਈ ਬਲਿਹਾਰ ਸਿਆਂ, ਕੀ ਹਾਲ ਏ ਤੇਰਾ ? ਪੜ੍ਹਾਈਆਂ ਕਿਵੇਂ ਚੱਲ ਰਹੀਆਂ, ਨਾਲੇ ਸੱਚ ਤੇਰੀ ਆਸ਼ਕੀ ਦਾ ਕੀ ਹਾਲ ਆ ਅੱਜ ਕੱਲ੍ਹ ?" ਰਾਜਵੀਰ ਨੇ ਉਪਰੋ-ਥੱਲੀ ਕਈ ਸਵਾਲ ਕਰ ਦਿੱਤੇ ਬਲਿਹਾਰ ਨੂੰ।

"ਕੁਝ ਨਹੀਂ ਭਾ ਜੀ, ਮੈਂ ਤਾਂ ਹੁਣ ਕਾਲਜ ਹੀ ਨਹੀਂ ਜਾਂਦਾ। ਜਦੋਂ ਦਾ ਤੁਸੀਂ ਕਿਹਾ, ਉਸ ਤੋਂ ਬਾਅਦ ਮੈਂ ਤੋਬਾ ਕਰ ਲਈ ਸੀ ਆਸ਼ਕੀ ਤੋਂ। ਤੁਹਾਨੂੰ ਹੁਣ ਮੇਰੀ ਕੋਈ ਸ਼ਿਕਾਇਤ ਨਹੀਂ ਮਿਲੂਗੀ ਭਾ ਜੀ।" ਕਾਰ ਦੀ ਮੂਹਰਲੀ ਸੀਟ 'ਤੇ ਬੈਠੇ ਰਾਜਵੀਰ ਦੇ ਹੱਥ ਫੜੀ ਬੰਦੂਕ ਦੇਖ ਕੇ ਬਲਿਹਾਰ ਕੁਝ ਜ਼ਿਆਦਾ ਹੀ ਡਰ ਗਿਆ ਸੀ।

"ਚੰਗਾ ਫੇਰ ਬਲਿਹਾਰ, ਆਪਣੀ ਜ਼ੁਬਾਨ ਯਾਦ ਰੱਖੀਂ, ਕਿਸੇ ਨੂੰ ਪਤਾ ਨਾ ਲੱਗੇ ਬਈ ਅਸੀਂ ਇਸ ਇਲਾਕੇ ਵਿਚ ਫਿਰਦੇ ਆਂ," ਬੱਬੂ ਬੋਲਿਆ।

"ਤੁਸੀਂ ਜਮਾਂ ਹੀ ਫ਼ਿਕਰ ਨਾ ਕਰੋ ਭਾ ਜੀ, ਮੈਂ ਨਹੀਂ ਕਿਸੇ ਕੋਲ ਵੀ ਗੱਲ ਕਰਦਾ।" ਬਲਿਹਾਰ ਕਾਹਲੀ-ਕਾਹਲੀ ਬੋਲਿਆ।

ਬਲਿਹਾਰ ਵੀ ਉਸੇ ਕਾਲਜ ਵਿਚ ਪੜ੍ਹਦਾ ਸੀ, ਜਿਥੇ ਰਾਜਵੀਰ ਤੇ ਬੱਬੂ ਪੜ੍ਹਦੇ ਹੁੰਦੇ ਸਨ। ਛੇ ਫੁੱਟ ਤੋਂ ਉੱਚਾ ਗੱਭਰੂ ਬਲਿਹਾਰ ਹੱਡਾਂ ਦਾ ਕਾਫ਼ੀ ਖੁੱਲ੍ਹਾ ਸੀ ਅਤੇ ਕਬੱਡੀ ਦਾ ਚੰਗਾ ਖਿਡਾਰੀ ਸੀ। ਕਬੱਡੀ ਖੇਡਦਾ ਹੋਣ ਕਾਰਨ ਸਾਰਾ ਕਾਲਜ ਉਸ ਨੂੰ ਜਾਣਦਾ ਸੀ। ਕਾਲਜ ਵਿਚ ਬਣੀ

ਇੱਜ਼ਤ ਨੇ ਉਹਦੇ ਪੈਰ ਚੁੱਕ ਦਿੱਤੇ। ਉਹ ਹਰ ਜਣੇ-ਖਣੇ ਨਾਲ ਬਗ਼ੈਰ ਕਿਸੇ ਮਤਲਬ ਦੇ ਹੀ ਆਕੜਨ ਲੱਗਾ ਸੀ। ਕਾਲਜ ਪੜ੍ਹਨ ਆਉਂਦੀਆਂ ਕੁੜੀਆਂ ਨੂੰ ਛੇੜਨਾ ਬਲਿਹਾਰ ਨੇ ਆਪਣਾ ਸ਼ੁਗਲ ਬਣਾ ਲਿਆ ਸੀ।

ਫੈਡਰੇਸ਼ਨ ਦੇ ਸਿੰਘਾਂ ਨੇ ਉਸ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਪਰ ਬਲਿਹਾਰ ਆਪਣੀਆਂ ਹਰਕਤਾਂ ਤੋਂ ਬਾਜ ਨਾ ਆਇਆ ਤਾਂ ਇਕ ਦਿਨ ਸਾਰਿਆਂ ਨੇ ਨੋਟਿਸ ਬੋਰਡ 'ਤੇ ਲੱਗਾ ਖ਼ਾਲਿਸਤਾਨ ਕਮਾਂਡੋ ਫ਼ੋਰਸ ਦਾ ਲੈਟਰਪੈਡ ਦੇਖਿਆ। ਨੋਟਿਸ ਬੋਰਡ ਦੇ ਅੱਗੇ ਵਿਦਿਆਰਥੀਆਂ ਦੀ ਭੀੜ ਜਮ੍ਹਾਂ ਸੀ। ਸਾਰੇ ਸਟੂਡੈਂਟ ਨੋਟਿਸ ਬੋਰਡ 'ਤੇ ਲੱਗੇ ਲੈਟਰਪੈਡ ਦੇ ਅੱਖਰਾਂ ਨੂੰ ਪੜ੍ਹ ਰਹੇ ਸਨ ਜਿਸ 'ਤੇ ਸਾਫ਼ ਲਿਖਿਆ ਹੋਇਆ ਸੀ ਕਿ ਜੇ ਬਲਿਹਾਰ ਹਫ਼ਤੇ ਦੇ ਅੰਦਰ-ਅੰਦਰ ਆਪਣੀਆਂ ਹਰਕਤਾਂ ਤੋਂ ਬਾਜ ਨਾ ਆਇਆ ਤਾਂ ਸਿੱਖੀ ਸਿਧਾਂਤਾਂ ਅਨੁਸਾਰ ਸੋਧ ਦਿੱਤਾ ਜਾਏਗਾ। ਲੈਟਰਪੈਡ ਨੂੰ ਦੇਖ ਕੇ ਅਸਮਾਨਾਂ 'ਚ ਉੱਡਦਾ ਬਲਿਹਾਰ ਜ਼ਮੀਨ 'ਤੇ ਆ ਡਿੱਗਾ।

ਲੱਗਾ ਫੇਰ ਫ਼ੈਡਰੇਸ਼ਨ ਦੇ ਸਿੰਘਾਂ ਦੀਆਂ ਮਿੰਨਤਾਂ ਕਰਨ ਕਿ ਭਾ ਜੀ ਮੈਨੂੰ ਬਚਾਓ, ਮੈਂ ਨਹੀਂ ਕਰਦਾ ਮੁੜ ਕੇ ਕੋਈ ਗ਼ਲਤੀ। ਦੂਜੇ ਦਿਨ ਉਹ ਆਪਣੇ ਵੱਡੇ ਭਰਾ ਨੂੰ ਨਾਲ ਕਾਲਜ ਲੈ ਆਇਆ। ਉਹਦਾ ਭਰਾ ਕਾਫ਼ੀ ਪੜ੍ਹਿਆ-ਲਿਖਿਆ ਡਾਕਟਰ ਸੀ। ਉਹਨੇ ਆ ਕੇ ਫ਼ੈਡਰੇਸ਼ਨ ਦੇ ਸਿੰਘਾਂ ਨੂੰ ਬੇਨਤੀ ਕੀਤੀ ਕਿ ਬਲਿਹਾਰ ਕੋਲੋਂ ਗ਼ਲਤੀ ਹੋ ਗਈ ਹੈ, ਹੁਣ ਮਿੰਨਤ ਨਾਲ ਤੁਸੀਂ ਹੀ ਇਹਦਾ ਛੁਟਕਾਰਾ ਕਰਵਾਉ। ਸੋ ਉਸ ਵੇਲੇ ਤੋਂ ਹੀ ਬਲਿਹਾਰ ਰਾਜਵੀਰ ਤੇ ਬੱਬੂ ਨੂੰ ਚੰਗੀ ਤਰ੍ਹਾਂ ਜਾਣਦਾ ਸੀ।

ਮੁਠੱਡਿਆਂ ਤੋਂ ਕਾਰ ਸਿੱਧੀ ਦੁਸਾਂਝਾਂ ਨੂੰ ਕਰ ਲਈ ਬੱਬੂ ਨੇ। ਦੁਸਾਂਝਾਂ ਵਾਲਾ ਫਾਟਕ ਲੰਘ ਕੇ ਕਾਰ ਜੀ.ਟੀ. ਰੋਡ 'ਤੇ ਦੌੜਨ ਲੱਗੀ। ਜੀ.ਟੀ. ਰੋਡ ਦੇ ਦੋਹੀਂ ਪਾਸੀਂ ਭਾਰੀ ਪੁਲਿਸ ਫ਼ੋਰਸ ਤਾਇਨਾਤ ਸੀ। ਕਾਰ ਵਿਚ ਰਾਜਵੀਰ ਤੇ ਰਾਜੂ ਆਪਣੀਆਂ ਅਸਾਲਟਾਂ ਦੇ ਲੌਕ ਖੋਲ੍ਹ ਕੇ ਬੈਠੇ ਸਨ। ਬੱਬੂ ਨੇ ਉਹਨਾਂ ਨੂੰ ਪਹਿਲਾਂ ਹੀ ਕਹਿ ਦਿੱਤਾ ਸੀ ਕਿ ਜਿਥੇ ਕਿਤੇ ਵੀ ਪੁਲਿਸ ਨੇ ਕਾਰ ਰੋਕਣ ਦੀ ਕੋਸ਼ਿਸ਼ ਕੀਤੀ ਤਾਂ ਤੁਸੀਂ ਫ਼ਾਇਰ ਖੋਲ੍ਹ ਦਿਉ। ਪੁਲਿਸ ਦੇ ਪਾਏ ਘੇਰੇ ਵਿਚ ਦੀ ਉਹ ਆਰਾਮ ਨਾਲ ਲੰਘ ਗਏ।

ਦੂਜੇ ਦਿਨ ਆਪਣੀ ਠਾਹਰ 'ਤੇ ਬੈਠੇ ਬੱਬੂ ਨੇ ਅਖ਼ਬਾਰ ਮੰਗਵਾ ਲਈ ਕਿ ਸ਼ਾਇਦ ਕੋਈ ਖ਼ਬਰ ਆਈ ਹੋਵੇ ਕਿ ਅਕਲਪੁਰੇ ਦੀ ਨਹਿਰ

'ਤੇ ਕੀ ਹੋਇਆ ਏ। ਅਖ਼ਬਾਰ ਦੇ ਮੁੱਖ ਸਫ਼ੇ 'ਤੇ ਵੱਡੀ ਸਾਰੀ ਸੁਰਖ਼ੀ ਲੱਗੀ ਹੋਈ ਸੀ :

"ਬੱਬਰ ਖ਼ਾਲਸਾ ਦਾ ਚੋਟੀ ਦਾ ਆਗੂ ਭਾਈ ਤਲਵਿੰਦਰ ਸਿੰਘ ਪਰਮਾਰ ਪੁਲਿਸ ਮੁਕਾਬਲੇ ਵਿਚ ਹਲਾਕ।"

ਭਾਈ ਤਲਵਿੰਦਰ ਸਿੰਘ ਬੱਬਰ ਅਤੇ ਸਾਥੀਆਂ ਨੂੰ ਪੁਲਿਸ ਨੇ ਕਈ ਦਿਨ ਪਹਿਲਾਂ ਹੀ ਗ੍ਰਿਫ਼ਤਾਰ ਕਰ ਲਿਆ ਸੀ। ਉਹਨਾਂ ਦੀ ਸ਼ਹੀਦੀ ਤਾਂ ਪੁਲਿਸ ਤਸ਼ੱਦਦ ਦੌਰਾਨ ਹੀ ਹੋ ਗਈ ਸੀ। ਅਕਲਪੁਰੇ ਦੀ ਨਹਿਰ 'ਤੇ ਤਾਂ ਪੁਲਿਸ ਨੇ ਐਵੇਂ ਝੂਠਾ ਮੁਕਾਬਲਾ ਬਣਾਇਆ ਸੀ। ਪੁਲਿਸ ਮੁਕਾਬਲੇ ਵਾਲੀ ਥਾਂ 'ਤੇ ਪੰਜਾਬ ਪੁਲਿਸ ਦਾ ਵੱਡਾ ਸਾਹਿਬ ਮੌਕਾ ਦੇਖਣ ਆਪ ਚੰਡੀਗੜ੍ਹੋਂ ਆਇਆ ਸੀ। ਇਸੇ ਕਰਕੇ ਹੀ ਜੀ.ਟੀ. ਰੋਡ 'ਤੇ ਇੰਨੀ ਪੁਲਿਸ ਤਾਇਨਾਤ ਸੀ।

ਦੂਜੀ ਰਾਤ ਹੀ ਬੱਬੂ, ਰਾਜੂ ਅਤੇ ਰਾਜਵੀਰ ਨੇ ਮੇਲਕੀਆਣੇ ਪਿੰਡ ਦੇ ਕੋਲ ਜੋ ਨਵਾਂ ਸ਼ਹਿਰ ਤੋਂ ਫਿਲੌਰ ਵਾਲੀ ਸੜਕ 'ਤੇ ਹੈ, ਵਿਚ ਉਜੜੇ ਜਿਹੇ ਖੂਹ ਵਿਚ ਕਾਰ ਨੂੰ ਧੱਕਾ ਦੇ ਦਿੱਤਾ ਅਤੇ ਪੈਦਲ ਸਫ਼ਰ ਸ਼ੁਰੂ ਹੋ ਗਿਆ।

ਰਾਤਾਂ ਦੇ ਪੈਦਲ ਸਫ਼ਰ ਵਿਚ ਹੁਣ ਬੱਬੂ, ਰਾਜੂ ਅਤੇ ਰਾਜਵੀਰ ਤਿੰਨੇ ਜਣੇ ਹੀ ਹੁੰਦੇ। ਸਿਰਫ਼ ਸ਼ੌਕ ਲਈ ਬਣੇ ਖਾੜਕੂ ਆਪਣਾ ਸ਼ੌਕ ਪੂਰਾ ਕਰ ਕੇ ਜਾ ਚੁੱਕੇ ਸਨ। ਸ਼ੌਕ ਲਈ ਜਾਂ ਸਿਰਫ਼ ਮਸ਼ਹੂਰ ਹੋਣ ਲਈ ਨੌਜਵਾਨ ਮੁੰਡੇ ਕਿਸ ਤਰ੍ਹਾਂ ਸੋਚਦੇ ਸਨ, ਇਸ ਬਾਰੇ ਦੀਪਾ ਇਕ ਦਿਲਚਸਪ ਕਿੱਸਾ ਸੁਣਾਉਂਦਾ ਸੀ। ਇਕ ਵਾਰੀ ਦੀਪਾ ਤੇ ਪ੍ਰਧਾਨ ਆਪਣੀ ਕਿਸੇ ਠਾਹਰ 'ਤੇ ਗਏ। ਘਰ ਵਾਲਿਆਂ ਦਾ ਮੁੰਡਾ ਖਾੜਕੂਆਂ ਤੋਂ ਬੜਾ ਪ੍ਰਭਾਵਿਤ ਸੀ। ਉਹ ਪ੍ਰਧਾਨ ਤੇ ਦੀਪੇ ਦੇ ਕੋਲ ਆ ਬੈਠਾ।

ਹੋਰ ਗੱਲਾਬਾਤਾਂ ਕਰਨ ਤੋਂ ਬਾਅਦ ਅਚਾਨਕ ਹੀ ਉਹ ਮੁੰਡਾ ਬੋਲਿਆ, "ਭਾ ਜੀ, ਮੈਂ ਵੀ ਤੁਹਾਡੇ ਨਾਲ ਜਾਣਾ ਚਾਹੁੰਦਾ ਹਾਂ। ਮੈਨੂੰ ਵੀ ਤੁਸੀਂ ਆਪਣੇ ਨਾਲ ਲੈ ਚੱਲੋ।"

"ਤੂੰ ਸਾਡੇ ਨਾਲ ਕਿਉਂ ਜਾਣਾ ਚਾਹੁੰਨਾ ਏਂ?" ਪ੍ਰਧਾਨ ਨੇ ਉਹਨੂੰ ਸਹਿਜੇ ਜਿਹੇ ਪੁੱਛਿਆ।

"ਭਾ ਜੀ, ਮੈਂ ਵੀ ਖਾੜਕੂ ਬਣਨਾ ਚਾਹੁੰਨਾਂ।" ਮੁੰਡਾ ਉਤੇਜਿਤ ਜਿਹਾ ਹੋ ਕੇ ਬੋਲਿਆ।

"ਪਰ ਤੂੰ ਖਾੜਕੂ ਕਿਉਂ ਬਣਨਾ ਚਾਹੁੰਨਾ ਏਂ?" ਪ੍ਰਧਾਨ ਨੇ ਫਿਰ ਉਸ ਮੁੰਡੇ ਨੂੰ ਪੁੱਛਿਆ।

"ਭਾ ਜੀ, ਮੈਂ ਵੀ ਚਾਹੁੰਨਾਂ ਕਿ ਮੇਰੇ ਕੋਲ ਵੀ ਤੁਹਾਡੇ ਵਾਂਗ ਹਥਿਆਰ ਹੋਣ, ਖੁੱਲ੍ਹੇ ਪੈਸੇ ਹੋਣ।" ਮੁੰਡਾ ਮੰਜੇ 'ਤੇ ਪਈਆਂ ਅਸਾਲਟਾਂ ਵੱਲ ਦੇਖਦਾ ਹੋਇਆ ਬੋਲਿਆ।

"ਅੱਛਾ, ਚੱਲੋ ਹਥਿਆਰਾਂ ਤੇ ਪੈਸਿਆਂ ਨੂੰ ਛੱਡ ਕੇ ਹੋਰ ਕੀ ਕਾਰਨ ਏ ਜੋ ਤੂੰ ਖਾੜਕੂ ਬਣਨਾ ਚਾਹੁੰਨਾ ਏਂ?" ਇਸ ਵਾਰੀ ਮੁੰਡੇ ਨੂੰ ਸਵਾਲ ਦੀਪੇ ਨੇ ਕੀਤਾ।

"ਭਾ ਜੀ, ਮੈਂ ਵੀ ਚਾਹੁੰਨਾਂ ਕਿ ਮੈਂ ਤੁਹਾਡੇ ਵਾਂਗ ਮਸ਼ਹੂਰ ਹੋਵਾਂ।" ਮੁੰਡੇ ਨੇ ਦਿਲ ਦੀ ਗੱਲ ਬੁੱਲ੍ਹਾਂ 'ਤੇ ਲੈ ਆਂਦੀ।

ਦੀਪਾ ਤੇ ਪ੍ਰਧਾਨ ਖੁੱਲ੍ਹ ਕੇ ਹੱਸ ਪਏ।

ਹੱਸਦਾ ਹੋਇਆ ਦੀਪਾ ਮੁੰਡੇ ਦੇ ਮੋਢੇ 'ਤੇ ਹੱਥ ਰੱਖਦਾ ਹੋਇਆ ਬੋਲਿਆ, "ਤੇਰੀ ਇਕ ਗੱਲ ਮੈਨੂੰ ਬੜੀ ਚੰਗੀ ਲੱਗੀ ਆ ਯਾਰ, ਬਈ ਤੂੰ ਆਪਣੇ ਮਨ ਦੀ ਗੱਲ ਲੁਕਾ ਕੇ ਨਹੀਂ ਰੱਖੀ। ਮਸ਼ਹੂਰ ਹੋਣ ਲਈ ਤੈਨੂੰ ਖਾੜਕੂ ਬਣਨ ਦੀ ਲੋੜ ਨਹੀਂ। ਤੂੰ ਇੰਝ ਕਰ ਗਾਉਣਾ ਸ਼ੁਰੂ ਕਰ ਦੇ। ਛੇਤੀ ਮਸ਼ਹੂਰ ਹੋ ਜਾਏਂਗਾ।" ਹੱਸਦੇ ਹੋਏ ਦੀਪੇ ਨੇ ਮੁੰਡੇ ਨੂੰ ਸਲਾਹ ਦਿੱਤੀ।

ਸੋ ਬਹੁਤ ਸਾਰੇ ਨੌਜਵਾਨਾਂ ਦੀ ਸੋਚ ਇਸ ਮੁੰਡੇ ਵਰਗੀ ਹੀ ਸੀ ਪਰ ਜਦ ਉਹ ਖਾੜਕੂ ਜੀਵਨ ਦੀਆਂ ਅਸਲੀਅਤਾਂ ਦੇਖਦੇ ਤਾਂ ਉਹਨਾਂ ਦਾ ਮੋਹ ਭੰਗ ਹੋ ਜਾਂਦਾ।

ਖ਼ਾਲਿਸਤਾਨ ਦੀ ਲਹਿਰ ਨੂੰ ਇਹੋ ਜਿਹੇ ਖਾੜਕੂ ਬਣਨ ਦੇ ਚਾਹਵਾਨਾਂ ਨੇ ਕਾਫ਼ੀ ਨੁਕਸਾਨ ਪਹੁੰਚਾਇਆ ਸੀ।

ਬਹੁਤ ਹੀ ਘੱਟ ਖਾੜਕੂ ਇਸ ਤਰ੍ਹਾਂ ਦੇ ਹੋਏ ਹਨ ਜਿਹਨਾਂ ਨੇ ਦੀਪੇ ਅਤੇ ਪ੍ਰਧਾਨ ਵਾਂਗ ਆਪਣੇ ਗਰੁੱਪ ਦੇ ਸਿੰਘਾਂ ਨੂੰ ਜ਼ਾਬਤੇ ਵਿਚ ਰਹਿਣਾ ਸਿਖਾਇਆ ਅਤੇ ਇਲਾਕੇ ਵਿਚ ਕੋਈ ਗ਼ਲਤ ਕੰਮ ਨਹੀਂ ਹੋਣ ਦਿੱਤਾ।

ਠੰਡੀਆਂ ਰਾਤਾਂ ਦੇ ਸਫ਼ਰ ਕਾਰਨ ਰਾਜੂ ਦੀ ਸਿਹਤ ਕਈ ਦਿਨਾਂ ਤੋਂ ਠੀਕ ਨਹੀਂ ਸੀ। ਉਹਨੂੰ ਮੱਠਾ-ਮੱਠਾ ਬੁਖ਼ਾਰ ਚੜ੍ਹਿਆ ਹੋਇਆ ਸੀ।

ਆਪਣੀ ਇਕ ਠਾਹਰ 'ਤੇ ਬੈਠੇ ਉਹ ਤਿੰਨੇ ਜਣੇ ਆਪਸ ਵਿਚ ਗੱਲੀਂ ਰੁੱਝੇ ਹੋਏ ਸਨ।

"ਯਾਰ ਰਾਜੂ, ਕਾਫ਼ੀ ਚਿਰ ਹੋ ਗਿਆ ਆਪਾਂ ਤੋਂ ਮੰਡੀ ਵਾਲੀ ਭੈਣ ਜੀ ਦੇ ਘਰ ਨਹੀਂ ਜਾ ਹੋਇਆ।" ਬੱਬੂ ਉਸ ਕੁੜੀ ਦੀ ਗੱਲ ਕਰ ਰਿਹਾ ਸੀ ਜਿਸ ਦਾ ਘਰ ਖਾੜਕੂਆਂ ਨੇ ਵਸਾਇਆ ਸੀ।

'ਗੱਲ ਤਾਂ ਤੇਰੀ ਠੀਕ ਆ ਪਰ ਮੇਰੇ ਕੋਲੋਂ ਅੱਜ ਤੁਰ ਨਹੀਂ ਹੋਣਾ। ਸਾਰਾ ਸਰੀਰ ਭੰਨਿਆ ਪਿਆ ਬੁਖ਼ਾਰ ਨੇ।" ਰਾਜੂ ਹੌਲੀ ਜਿਹੀ ਬੋਲਿਆ।

"ਆਪਾਂ ਏਦਾਂ ਕਰਦੇ ਹਾਂ ਕਿ ਮੈਂ ਤੇ ਰਾਜਵੀਰ ਜਾ ਆਉਨੇ ਆਂ ਅੱਜ ਰਾਤ ਨੂੰ। ਕੱਲ੍ਹ ਨੂੰ ਤੜਕੇ ਕੁ ਤਕ ਅਸੀਂ ਮੁੜ ਆਵਾਂਗੇ।" ਸਵਾਲੀਆ ਨਜ਼ਰਾਂ ਨਾਲ ਦੇਖਦੇ ਹੋਏ ਬੱਬੂ ਨੇ ਰਾਜੂ ਦੀ ਸਲਾਹ ਪੁੱਛੀ।

"ਠੀਕ ਆ, ਤੁਸੀਂ ਜਾ ਆਉ," ਰਾਜੂ ਬੋਲਿਆ।

ਬੱਬੂ ਤੇ ਰਾਜਵੀਰ ਤੜਕੇ ਦੇ ਤਿੰਨ ਕੁ ਵਜੇ ਮੰਡੀ ਜਾ ਪਹੁੰਚੇ, ਜਾ ਜਗਾਇਆ ਆਪਣੀ ਮੂੰਹ-ਬੋਲੀ ਭੈਣ ਅਤੇ ਉਹਦੇ ਸਹੁਰੇ ਪਰਿਵਾਰ ਨੂੰ। ਕੁੜੀ ਨੂੰ ਹਮੇਸ਼ਾਂ ਵਾਂਗ ਹੀ ਚਾਅ ਚੜ੍ਹ ਗਿਆ।

"ਸ਼ੁਕਰ ਹੈ ਮੇਰੇ ਵੀਰਾਂ ਨੂੰ ਚੇਤਾ ਆਇਆ ਇਸ ਭੈਣ ਦਾ। ਮੈਂ ਤਾਂ ਸੋਚਿਆ ਕਿ ਸ਼ਾਇਦ ਆਪਣੀ ਭੈਣ ਨੂੰ ਭੁੱਲ ਹੀ ਗਏ ਮੇਰੇ ਭਰਾ।"

ਹਮੇਸ਼ਾਂ ਵਾਂਗ ਉਹਨਾਂ ਦੀ ਭੈਣ ਉਹਨਾਂ ਦੇ ਕਾਫ਼ੀ ਚਿਰ ਬਾਅਦ ਆਉਣ ਕਰਕੇ ਗਿਲਾ ਕਰ ਰਹੀ ਸੀ।

ਨਾਲ ਹੀ ਉਹਨੇ ਚੁੱਲ੍ਹੇ 'ਤੇ ਚਾਹ ਧਰ ਦਿੱਤੀ।

"ਇਥੇ ਚੁੱਲ੍ਹੇ ਕੋਲ ਆ ਕੇ ਹੱਥ ਸੇਕ ਲਉ ਵੀਰੋ, ਕਿਥੇ ਅੱਧੀ ਰਾਤ ਨੂੰ ਠਰਦੇ ਆਏ ਹੋਵੋਗੇ।" ਕੁੜੀ ਨੇ ਆਪਣੇਪਨ ਦੇ ਅਹਿਸਾਸ ਨਾਲ ਆਖਿਆ।

"ਹੋਰ ਸੁਣਾਓ ਵੀਰ ਜੀ, ਬਾਕੀ ਭਰਾਵਾਂ ਦਾ ਕੀ ਹਾਲ ਆ ? ਦੀਪਾ ਤੇ ਪ੍ਰਧਾਨ ਭਾ ਜੀ ਹੁਰੀਂ ਕਿਥੇ ਨੇ ? ਕਿੰਨਾ ਚਿਰ ਹੋ ਗਿਆ ਉਹਨਾਂ ਦੇ ਦਰਸ਼ਨ ਕੀਤਿਆਂ ਨੂੰ ?" ਕੁੜੀ ਨੇ ਬਾਕੀ ਸਿੰਘਾਂ ਬਾਰੇ ਪੁੱਛਿਆ।

"ਸਾਰੇ ਹੀ ਠੀਕ-ਠਾਕ ਤੇ ਪੂਰੀ ਚੜ੍ਹਦੀ ਕਲਾ 'ਚ ਨੇ ਭੈਣੇ।" ਰਾਜਵੀਰ ਨੇ ਚੁੱਲ੍ਹੇ 'ਤੇ ਆਪਣੇ ਹੱਥ ਸੇਕਦੇ ਹੋਏ ਨੇ ਜਵਾਬ ਦਿੱਤਾ।

ਕੁੜੀ ਆਪਣੇ ਸਹੁਰੇ ਘਰ ਹੁਣ ਸੁਖੀ ਵੱਸਦੀ ਸੀ। ਸਿੰਘਾਂ ਨੂੰ ਉਹ ਆਪਣੇ ਮਾਂ ਜਾਏ ਭਰਾਵਾਂ ਤੋਂ ਵੀ ਵੱਧ ਸਤਿਕਾਰ ਦਿੰਦੀ ਸੀ। ਚਾਹ ਪੀਣ ਅਤੇ ਕੁਝ ਦੇਰ ਆਰਾਮ ਕਰਨ ਤੋਂ ਬਾਅਦ ਬੱਬੂ ਤੇ ਰਾਜਵੀਰ ਪਾਠ ਕਰਨ ਬੈਠ ਗਏ।

ਨਿਤਨੇਮ ਕਰਨ ਤੋਂ ਬਾਅਦ ਉਹ ਦੋਨੋਂ ਬੈਠਕ ਵਿਚ ਹੀ ਸੌਂ ਗਏ।

ਸਵੇਰ ਦੇ ਨੌਂ ਕੁ ਵਜੇ ਉਹ ਸੁੱਤੇ ਹੀ ਪਏ ਸਨ ਕਿ ਭੈਣ ਦੇ ਸਹੁਰੇ ਨੇ ਉਹਨਾਂ ਨੂੰ ਆ ਉਠਾਇਆ।

"ਬੱਬੂ, ਉੱਠੀਂ ਜ਼ਰਾ ਮਾੜਾ ਜਿਹਾ ਮੇਰਾ ਸ਼ੇਰ।" ਬਜ਼ੁਰਗ ਬੋਲਿਆ। "ਜੁਆਨੋਂ ਪੁਲਿਸ ਫਿਰਦੀ ਆ ਉਹ ਨਾਲ ਦੇ ਖ਼ੂਹ ਵਾਲਿਆਂ ਦੇ।" ਕਹਿੰਦਾ ਹੋਇਆ ਬਜ਼ੁਰਗ ਉਹਨਾਂ ਦੇ ਕੋਲ ਆ ਪਹੁੰਚਿਆ।

ਉਹਨਾਂ ਨੇ ਸਿਰਹਾਣੇ ਪਈਆਂ ਆਪਣੀਆਂ ਅਸਾਲਟਾਂ ਸੰਭਾਲੀਆਂ ਅਤੇ ਅਗਲੇ ਹੀ ਮਿੰਟ ਉਹ ਵਿਹੜੇ ਵਿਚ ਆਨ ਖੜੇ ਹੋਏ।

ਖਾੜਕੂ ਜੀਵਨ ਵਿਚ ਕਦੇ ਵੀ ਬੂਟ ਲਾਹ ਕੇ ਸੌਣ ਦੀ ਇਜਾਜ਼ਤ ਨਹੀਂ ਹੁੰਦੀ, ਖਾੜਕੂ ਸੁੱਤੇ ਪਏ ਵੀ ਤਿਆਰ-ਬਰ-ਤਿਆਰ ਹੁੰਦੇ ਨੇ।

ਬੰਦੂਕਾਂ ਸੰਭਾਲੀ ਉਹ ਨਿਕਲੇ ਤਾਂ ਉਹਨਾਂ ਦੇਖਿਆ ਕਿ ਪੰਜ ਕੁ ਖੇਤਾਂ ਦੀ ਵਿੱਥ 'ਤੇ ਇਕ ਹੋਰ ਘਰ ਜੋ ਖੇਤਾਂ ਵਿਚ ਹੀ ਬਣਿਆ ਹੋਇਆ ਸੀ ਉਥੇ ਪੁਲਿਸ ਘੇਰਾ ਪਾਈ ਖੜੀ ਸੀ। ਇਸ ਤੋਂ ਪਹਿਲਾਂ ਕਿ ਕੋਈ ਹੋਰ ਉਹਨਾਂ ਨੂੰ ਦੇਖਦਾ, ਉਹ ਦੋਨੋਂ ਕਮਾਦ ਵਿਚ ਵੜ ਚੁੱਕੇ ਸਨ। ਆਲੇ-ਦੁਆਲੇ ਦੇ ਬਹੁਤੇ ਖੇਤਾਂ ਦਾ ਕਮਾਦ ਬੰਨ੍ਹਿਆ ਹੋਇਆ ਸੀ। ਬੱਝੇ ਹੋਏ ਕਮਾਦ ਦਾ ਮਤਲਬ ਸੀ ਕਿ ਤੁਸੀਂ ਦੂਰੋਂ ਹੀ ਨਜ਼ਰ ਆ ਸਕਦੇ ਹੋ।

"ਆਪਾਂ ਨੂੰ ਉਸ ਖੇਤ ਵਿਚ ਜਾਣਾ ਚਾਹੀਦਾ ਜੀਹਦਾ ਕਮਾਦ ਬੱਝਾ ਨਾ ਹੋਵੇ।" ਰਾਜਵੀਰ ਵੱਲ ਦੇਖਦਾ ਬੱਬੂ ਬੋਲਿਆ।

"ਮੋਟਰ ਦੇ ਨਾਲ ਵਾਲੇ ਖੇਤ ਦਾ ਕਮਾਦ ਨਹੀਂ ਬੱਝਾ ਪਰ ਉਹ ਵਿਹੜੇ ਦੇ ਬਿਲਕੁਲ ਨਾਲ ਆ।" ਰਾਜਵੀਰ ਨੇ ਜਵਾਬ ਦਿੱਤਾ।

"ਅੱਜ ਲੱਗਦਾ ਏ ਕਿ ਹੱਥ ਜੁੜਨਗੇ।" ਕਹਿੰਦਾ ਹੋਇਆ ਬੱਬੂ ਖੇਤੋ-ਖੇਤੀ ਮੋਟਰ ਦੀ ਕੋਠੀ ਨਾਲ ਵਾਲੇ ਕਮਾਦ ਵੱਲ ਨੂੰ ਤੁਰ ਪਿਆ, ਜੀਹਦਾ ਕਮਾਦ ਅਜੇ ਬੰਨ੍ਹਿਆ ਨਹੀਂ ਸੀ।

ਸਾਰੀ ਪੁਲਿਸ ਫ਼ੋਰਸ ਹੁਣ ਇਸ ਖੂਹ 'ਤੇ ਆ ਪਹੁੰਚੀ ਸੀ। ਪੁਲਿਸ ਆਲੇ-ਦੁਆਲੇ ਦੇ ਸਾਰੇ ਘਰਾਂ ਦੀ ਵਾਰੋ-ਵਾਰੀ ਤਲਾਸ਼ੀ ਲੈ ਰਹੀ ਸੀ। ਬੱਬੂ ਤੇ ਰਾਜਵੀਰ ਖੇਤ ਦੇ ਵਿਚਕਾਰ ਬੈਠੇ ਪੁਲਿਸ ਅਤੇ ਘਰ-ਵਾਲਿਆਂ ਦਾ ਵਾਰਤਾਲਾਪ ਸਾਫ਼ ਸੁਣ ਰਹੇ ਸਨ।

"ਕਿਉਂ ਬੁੜਿਆ, ਤੇਰੇ ਕੋਲ ਅੱਤਵਾਦੀ ਤਾਂ ਨਹੀਂ ਆਉਂਦੇ ਤੇਰ ਕੋਲ ?" ਕਿਸੇ ਪੁਲਿਸ ਵਾਲੇ ਦੀ ਆਵਾਜ਼ ਗੂੰਜੀ।

"ਨਹੀਂ ਜੀ, ਸਾਡੇ ਕੋਲ ਨਹੀਂ ਆਉਂਦਾ ਕੋਈ ਵੀ।" ਭੈਣ ਦੇ ਸਹੁਰੇ ਨੇ ਜਵਾਬ ਦਿੱਤਾ।

"ਸਾਨੂੰ ਪਤਾ ਲੱਗਾ ਸੀ ਕਿ ਅੱਤਵਾਦੀ ਆਉਂਦੇ ਆ ਤੁਹਾਡੇ ਘਰ। ਤੁਸੀਂ ਉਹਨਾਂ ਨੂੰ ਰੋਟੀਆਂ ਖਵਾਉਂਦੇ ਹੋ।" ਪੁਲਿਸ ਵਾਲੇ ਦੀ ਰੋਹਬ ਭਰੀ ਤੇ ਕੁਰੱਖਤ ਆਵਾਜ਼ ਗੂੰਜ ਰਹੀ ਸੀ।

"ਨਹੀਂ ਜੀ, ਤੁਹਾਨੂੰ ਕਿਸੇ ਨੇ ਗ਼ਲਤ ਖ਼ਬਰ ਦਿੱਤੀ ਆ। ਸਾਡੇ ਨਹੀਂ ਜੀ ਕੋਈ ਵੀ ਆਉਂਦਾ।" ਬੋਲਦੇ ਬਜ਼ੁਰਗ ਦੀ ਆਵਾਜ਼ ਕੰਬ ਰਹੀ ਸੀ।

"ਜੇ ਮੈਨੂੰ ਪਤਾ ਲੱਗ ਗਿਆ ਕਿ ਤੁਸੀਂ ਅੱਤਵਾਦੀਆਂ ਨੂੰ ਰੋਟੀਆਂ ਖਵਾਉਂਦੇ ਹੋ ਤਾਂ ਸਾਰੇ ਟੱਬਰ ਨੂੰ ਨੰਗਾ ਕਰ ਕੇ ਥਾਣੇ 'ਚ ਪੁੱਠਾ ਟੰਗ ਦਊਂ। ਜੇ ਕੋਈ ਖ਼ਬਰ ਮਿਲੇ ਅੱਤਵਾਦੀਆਂ ਬਾਰੇ ਤਾਂ ਥਾਣੇ ਇਤਲਾਹ ਕਰ, ਸੁਣ ਲਿਆ ਬੁੜਿਆ ?" ਪੁਲਿਸ ਵਾਲਾ ਸਾਰੇ ਟੱਬਰ ਨੂੰ ਧਮਕੀਆਂ ਦੇ ਰਿਹਾ ਸੀ।

"ਠੀਕ ਆ ਜੀ, ਜੇ ਸਾਨੂੰ ਕੋਈ ਖ਼ਬਰ ਮਿਲੀ ਤਾਂ ਤੁਹਾਨੂੰ ਦੱਸ ਦਿਆਂਗੇ।" ਭੈਣ ਦਾ ਸਹੁਰਾ ਡਰਦਾ ਮਾਰਿਆ 'ਜੀ-ਜੀ' ਕਰ ਰਿਹਾ ਸੀ। ਸਾਰੇ ਘਰ ਦੀ ਤਲਾਸ਼ੀ ਲੈਣ ਉਪਰੰਤ ਪੁਲਿਸ ਵਾਲੇ ਧਮਕੀਆਂ ਜਿਹੀਆਂ ਦੇ ਕੇ ਅਗਲੇ ਕਿਸੇ ਘਰ ਨੂੰ ਚਲੇ ਗਏ। ਉਹਨਾਂ ਦੇ ਜਾਣ ਦੇ ਪੰਦਰਾਂ-ਵੀਹ ਮਿੰਟਾਂ ਬਾਅਦ ਬੱਬੂ ਤੇ ਰਾਜਵੀਰ ਵੀ ਕਮਾਦ ਦੇ ਖੇਤਾਂ 'ਚੋਂ ਬਾਹਰ ਨਿਕਲ ਆਏ।

ਸਾਰੇ ਟੱਬਰ ਦੀ ਜਾਨ 'ਤੇ ਬਣੀ ਹੋਈ ਸੀ। ਅੱਜ ਪਰਿਵਾਰ ਨੂੰ ਆਪਣੀ ਜ਼ਿੰਦਗੀ ਦਾ ਇਕ ਨਵਾਂ ਤਜਰਬਾ ਹੋਇਆ ਸੀ।

ਬੱਬੂ ਨੇ ਬਜ਼ੁਰਗ ਨੂੰ ਹੌਸਲਾ ਦਿੱਤਾ। ਭੈਣ ਨੇ ਚੁੱਲ੍ਹੇ 'ਚ ਅੱਗ ਬਾਲ ਕੇ ਰੋਟੀਆਂ ਪਕਾਉਣੀਆਂ ਸ਼ੁਰੂ ਕਰ ਦਿੱਤੀਆਂ।

ਉਹਦੀ ਸੱਸ ਵੀ ਉਹਦਾ ਹੱਥ ਵਟਾਉਣ ਲੱਗ ਪਈ ਸੀ। ਭੈਣ ਦਾ ਘਰਵਾਲਾ ਕੁਝ ਮਹੀਨੇ ਹੋਏ ਪੰਜਾਬ ਦੇ ਹਜ਼ਾਰਾਂ ਹੀ ਹੋਰ ਨੌਜਵਾਨਾਂ ਵਾਂਗ ਏਜੰਟਾਂ ਰਾਹੀਂ ਜਰਮਨ ਚਲਾ ਗਿਆ ਸੀ।

ਰੋਟੀ ਖਾਣ ਮਗਰੋਂ ਰਾਜਵੀਰ ਅਤੇ ਬੱਬੂ ਨੇ ਚੁਬਾਰਾ ਮੱਲ ਲਿਆ। ਬਾਕੀ ਦਾ ਸਾਰਾ ਟੱਬਰ ਵੀ ਆਲੇ-ਦੁਆਲੇ ਨਿਗ੍ਹਾ ਰੱਖ ਰਿਹਾ ਸੀ। ਅਚਾਨਕ ਆਈ ਪੁਲਿਸ ਦੀ ਧਾੜ ਨੇ ਸਾਰੇ ਟੱਬਰ ਨੂੰ ਖ਼ੌਫ਼ਜ਼ਦਾ ਕਰ ਦਿੱਤਾ ਸੀ।

ਰਾਤ ਢਲੀ ਤੋਂ ਬੱਬੂ ਤੇ ਰਾਜਵੀਰ ਉਸ ਠਾਹਰ ਵੱਲ ਨੂੰ ਤੁਰ ਪਏ ਜਿਥੇ ਬੀਮਾਰ ਹੋਇਆ ਰਾਜੂ ਠਹਿਰਿਆ ਹੋਇਆ ਸੀ।

ਪੁਲਿਸ ਦਾ ਜਬਰ ਬਹੁਤ ਵਧ ਗਿਆ ਸੀ। ਆਮ ਲੋਕ ਜਿਥੇ ਸਿੰਘਾਂ ਦੀ ਇੱਜ਼ਤ ਕਰਦੇ ਸਨ, ਉਥੇ ਉਹ ਪੁਲਿਸ ਦੇ ਤਸ਼ੱਦਦ ਤੋਂ ਵੀ ਖ਼ੌਫ਼ਜ਼ਦਾ ਸਨ। ਪੁਲਿਸ ਦਾ ਜਬਰ ਹੁਣ ਆਪਣੇ ਸਾਰੇ ਹੱਦ-ਬੰਨੇ ਟੱਪ ਚੁੱਕਾ ਸੀ। ਜਿਸ ਕਿਸੇ ਵੀ ਪਰਿਵਾਰ 'ਤੇ ਸਿੰਘਾਂ ਦਾ ਹਮਦਰਦ ਹੋਣ ਦਾ ਸ਼ੱਕ ਵੀ ਪੈ ਜਾਂਦਾ, ਪੁਲਿਸ ਦਾ ਕਹਿਰ ਉਹਨਾਂ 'ਤੇ ਬੁਰੀ ਤਰ੍ਹਾਂ ਟੁੱਟਦਾ।

ਨੌਜਵਾਨਾਂ ਨੂੰ ਝੂਠੇ ਮੁਕਾਬਲਿਆਂ ਵਿਚ ਕਿਸੇ ਨਹਿਰ ਜਾਂ ਪੁਲੀ 'ਤੇ ਮਾਰ ਦੇਣਾ ਤਾਂ ਹੁਣ ਆਮ ਜਿਹੀ ਗੱਲ ਹੋ ਗਈ ਸੀ। ਅਣਪਛਾਤਾ ਅੱਤਵਾਦੀ ਕਹਿ ਕੇ ਲਾਸ਼ ਸਾੜ ਦਿੱਤੀ ਜਾਂਦੀ। ਨੌਜਵਾਨ ਕੁੜੀਆਂ ਦੀ ਥਾਣਿਆਂ ਵਿਚ ਪੱਤ ਲੁੱਟੀ ਜਾਂਦੀ, ਧੀਆਂ ਨੂੰ ਬੁੱਢੇ ਮਾਪਿਆਂ ਦੇ ਸਾਹਮਣੇ ਨੰਗਿਆਂ ਕਰਨਾ ਪੁਲਿਸ ਨੇ ਆਪਣਾ ਸ਼ੁਗਲ ਬਣਾ ਲਿਆ ਸੀ। ਪੁਲਿਸ ਦਾ ਜ਼ੁਲਮ ਮੁਗ਼ਲਾਂ ਦੇ ਕਹਿਰ ਨੂੰ ਵੀ ਮਾਤ ਪਾਉਂਦਾ ਸੀ।

ਇਹਨਾਂ ਦਿਨਾਂ ਵਿਚ ਹੀ ਦੀਪੇ ਨੂੰ ਖ਼ਬਰ ਮਿਲੀ ਕਿ ਪੱਟੀ ਬੁੰਡਾਲੇ ਹਸਪਤਾਲ ਵਿਚ ਦਾਖ਼ਲ ਹੈ। ਉਹਦਾ ਹਰਨੀਆਂ ਦਾ ਅਪਰੇਸ਼ਨ ਹੋਇਆ ਸੀ। ਦੀਪੇ ਨੂੰ ਪੱਟੀ 'ਤੇ ਕਾਫ਼ੀ ਗੁੱਸਾ ਸੀ। ਇਕ ਤਾਂ ਉਹਨੇ ਜਥੇਬੰਦੀ ਦੇ ਹਥਿਆਰਾਂ ਦੀ ਨਾਜਾਇਜ਼ ਵਰਤੋਂ ਕੀਤੀ ਸੀ, ਦੂਜਾ ਗੁਪਤ ਰੂਪ ਵਿਚ ਸੇਵਾ ਨਿਭਾਉਣ ਵਾਲੇ ਰਾਜਵੀਰ ਨੂੰ ਵੀ ਘਰੋਂ ਭਗੌੜਾ ਹੋਣ ਲਈ ਮਜਬੂਰ ਕੀਤਾ ਸੀ। ਸੋ ਪੱਟੀ ਤੋਂ ਹਥਿਆਰਾਂ ਦੀ ਨਾਜਾਇਜ਼ ਵਰਤੋਂ ਅਤੇ ਸਿੰਘਾਂ ਨੂੰ ਘਰੋਂ ਭਗੌੜਾ ਕਰਾਉਣ ਦਾ ਬਦਲਾ ਲੈਣ ਲਈ ਦੀਪਾ ਬੁੰਡਾਲੇ ਹਸਪਤਾਲ ਜਾ ਪਹੁੰਚਿਆ।

ਪੱਟੀ ਹਸਪਤਾਲ 'ਚ ਬੈੱਡ 'ਤੇ ਲੰਮਾ ਪਿਆ ਸੀ। ਇਕ ਨਰਸ ਉਹਦਾ ਬਲੱਡ ਪ੍ਰੈਸ਼ਰ ਚੈੱਕ ਕਰ ਰਹੀ ਸੀ। ਦੀਪਾ ਉਹਦੇ ਸਿਰਹਾਣੇ ਜਾ ਖੜਾ ਹੋਇਆ।

ਨਰਸ ਨੇ ਸੋਚਿਆ ਕਿ ਸ਼ਾਇਦ ਕੋਈ ਪਰਿਵਾਰ ਦਾ ਮੈਂਬਰ ਮਿਲਣ ਆਇਆ ਹੈ। ਉਹ ਬਲੱਡ ਪ੍ਰੈਸ਼ਰ ਚੈੱਕ ਕਰ ਕੇ ਆਪਣਾ ਰਜਿਸਟਰ ਸਾਂਭਦੀ ਹੋਈ ਅਗਲੇ ਮਰੀਜ਼ ਵੱਲ ਚਲੀ ਗਈ।

ਦੀਪੇ ਨੂੰ ਦੇਖ ਕੇ ਪੱਟੀ ਦਾ ਰੰਗ ਪੀਲਾ ਪੈ ਗਿਆ। ਉਹਦੇ ਮੱਥੇ 'ਤੇ ਭਰ ਸਿਆਲ ਵਿਚ ਵੀ ਪਸੀਨੇ ਦੀਆਂ ਬੂੰਦਾਂ ਚਮਕ ਰਹੀਆਂ ਸਨ।

"ਕਿਵੇਂ ਏਂ ਮਿੱਤਰਾ ?" ਦੀਪਾ ਬੈੱਡ ਦੇ ਨਾਲ ਪਈ ਕੁਰਸੀ 'ਤੇ ਬੈਠਦਾ ਹੋਇਆ ਬੋਲਿਆ।

"ਮੈਂ.....ਠੀਕ.....ਆਂ ਭਾ ਜੀ।" ਪੱਟੀ ਦੀ ਆਵਾਜ਼ ਉਹਦਾ ਸਾਥ ਨਹੀਂ ਸੀ ਦੇ ਰਹੀ। ਉਸ ਦਾ ਗਲਾ ਖ਼ੁਸ਼ਕ ਹੋ ਗਿਆ ਸੀ। ਉਹ ਡਰਦਾ ਮਾਰਾ ਵਾਰ-ਵਾਰ ਆਪਣੇ ਸੁੱਕਦੇ ਜਾਂਦੇ ਬੁੱਲ੍ਹਾਂ 'ਤੇ ਜੀਭ ਫੇਰ ਰਿਹਾ ਸੀ।

"ਮੈਥੋਂ ਗ਼ਲਤੀ ਹੋ ਗਈ ਭਾ ਜੀ। ਮੈਨੂੰ ਮਾਫ਼ ਕਰ ਦਿਉ। ਮੇਰੀ ਤਾਂ ਹਾਲੇ ਭੈਣ ਵੀ ਵਿਆਹੁਣ ਵਾਲੀ ਆ।" ਪੱਟੀ ਨੇ ਤਰਲਾ ਲਿਆ।

"ਭੈਣਾਂ ਤਾਂ ਉਹਨਾਂ ਦੀਆਂ ਵੀ ਵਿਆਹੁਣ ਵਾਲੀਆਂ ਨੇ ਜਿਨ੍ਹਾਂ ਨੂੰ ਤੂੰ ਘਰੋਂ ਬਗੌੜੇ ਕਰਾਇਆ ਏ। ਉਹਨਾਂ ਭੈਣਾਂ ਨੂੰ ਹੁਣ ਨਿੱਤ ਥਾਣਿਆਂ ਵਿਚ ਖੱਜਲ ਹੋਣਾ ਪੈ ਰਿਹਾ ਏ।" ਦੀਪੇ ਦੀ ਗੂੰਜਦੀ ਆਵਾਜ਼ ਨੇ ਆਲੇ-ਦੁਆਲੇ ਦੇ ਬੈੱਡਾਂ 'ਤੇ ਪਏ ਮਰੀਜ਼ਾਂ ਨੂੰ ਵੀ ਧੌਣਾਂ ਚੁੱਕ-ਚੁੱਕ ਕੇ ਉਹਨਾਂ ਵੱਲ ਦੇਖਣ ਲਾ ਦਿੱਤਾ ਸੀ।

"ਤੇਰੀ ਭੈਣ ਦਾ ਵਿਆਹ ਹੁਣ ਫ਼ਿਲੌਰ ਵਾਲਾ ਡੀ.ਐਸ.ਪੀ. ਹੀ ਕਰਾਊਗਾ, ਜੀਹਦੇ ਕਹਿਣ 'ਤੇ ਤੂੰ ਸਾਡੇ ਨਾਲ ਵੈਰ ਪਾਇਆ।" ਕਹਿੰਦੇ ਹੋਏ ਦੀਪੇ ਨੇ ਤੀਹ ਬੋਰ ਦੇ ਆਪਣੇ ਪਿਸਤੌਲ ਨਾਲ ਤਿੰਨ ਗੋਲੀਆਂ ਪੱਟੀ ਦੀ ਹਿੱਕ ਵਿਚ ਠੋਕ ਦਿੱਤੀਆਂ। ਆਲੇ-ਦੁਆਲੇ ਦੇ ਬੈੱਡਾਂ 'ਤੇ ਪਏ ਮਰੀਜ਼ ਚੀਕਾਂ ਮਾਰਦੇ ਬਾਹਰ ਨੂੰ ਦੌੜ ਗਏ।

ਜਿਹੜੇ ਮਰੀਜ਼ ਕੁਝ ਦੇਰ ਪਹਿਲਾਂ ਮਸੀਂ ਹੀ ਬੋਲਦੇ ਸਨ, ਜਿਹਨਾਂ ਦੇ ਚਿਹਰਿਆਂ ਨੂੰ ਦੇਖ ਕੇ ਲੱਗਦਾ ਸੀ ਜਿਵੇਂ ਉਹ ਮਹੀਨਿਆਂ ਦੇ ਬੀਮਾਰ ਹੋਣ, ਉਹ ਇਸ ਤਰ੍ਹਾਂ ਦੌੜੇ ਸਨ ਜਿਵੇਂ ਕਿਸੇ ਦੌੜਾਂ ਦੇ ਮੁਕਾਬਲੇ ਵਿਚ ਹਿੱਸਾ ਲੈ ਰਹੇ ਹੋਣ। ਬੈੱਡ 'ਤੇ ਵਿਛਾਈ ਚਿੱਟੀ ਚਾਦਰ ਪੱਟੀ ਦੇ ਲਾਲ ਲਹੂ ਨਾਲ ਰੰਗੀ ਗਈ। ਮਰੀਜ਼ ਨੂੰ ਚੈੱਕ ਕਰਦੀ ਨਰਸ ਬੈੱਡ ਦੇ ਥੱਲੇ ਲੁਕੀ ਹੋਈ ਸੀ। ਮਰੀਜ਼ ਆਪਣੀ ਬਾਂਹ ਵਿਚ ਲੱਗੀਆਂ ਗੁਲੂਕੋਜ਼ ਵਾਲੀਆਂ ਸੂਈਆਂ ਕੱਢ ਬਾਹਰ ਦੌੜ ਗਿਆ ਸੀ।

ਆਪਣੇ ਹਥਿਆਰਾਂ ਦੀ ਨਾਜਾਇਜ਼ ਵਰਤੋਂ ਕਰਨ ਦੀ ਸਜ਼ਾ ਪੱਟੀ ਨੂੰ ਦੇ ਕੇ ਦੀਪਾ ਸਕੂਟਰ 'ਤੇ ਬੈਠ ਬੜੇ ਆਰਾਮ ਨਾਲ ਅਗਲੇ ਸਫ਼ਰ ਨੂੰ ਰਵਾਨਾ ਹੋ ਗਿਆ।

ਕੁਝ ਦਿਨਾਂ ਬਾਅਦ ਹੀ ਜਲੰਧਰ ਸ਼ਹਿਰ ਦਾ ਕਾਂਗਰਸੀ ਆਗੂ ਪੀ.ਕੇ. ਜੋ ਖ਼ਾਲਿਸਤਾਨੀ ਜੁਝਾਰੂਆਂ ਨੂੰ ਪਾਕਿਸਤਾਨ ਦੇ ਏਜੰਟ ਅਤੇ ਪੰਜਾਬ ਦੇ

ਗ਼ੱਦਾਰ ਦੱਸਦਾ ਸੀ, ਦੀਪੇ ਨੇ ਉਸ ਨੂੰ ਕਈ ਵਾਰ ਸੁਨੇਹੇ ਭੇਜ ਕੇ ਸਮਝਾਉਣ ਦੀ ਕੋਸ਼ਿਸ਼ ਕੀਤੀ ਸੀ ਪਰ ਹਕੂਮਤ ਦੇ ਨਸ਼ੇ ਵਿਚ ਉਹਨੇ ਕੋਈ ਪਰਵਾਹ ਨਾ ਕੀਤੀ।

ਇਕ ਦਿਨ ਸ਼ਾਮ ਦੇ ਘੁਸਮੁਸੇ ਜਿਹੇ ਵਿਚ ਦੀਪੇ ਨੇ ਉਹਦੀ ਕਾਰ ਨੂੰ ਨਿਸ਼ਾਨਾ ਬਣਾ ਲਿਆ। ਕਾਂਗਰਸੀ ਆਗੂ ਹਕੂਮਤ ਦੇ ਨਸ਼ੇ ਦੀ ਲੋਰ ਵਿਚ ਆਇਆ ਆਪਣੇ ਬਾਡੀਗਾਰਡਾਂ ਸਮੇਤ ਅਗਲੇ ਜਹਾਨ ਨੂੰ ਰਵਾਨਾ ਹੋ ਗਿਆ।

*

ਕਾਂਡ 14

ਅੱਪਰੇ ਦੇ ਲਾਗੇ ਪੈਂਦੇ ਪਿੰਡ ਛੋਕਰਾਂ 'ਚ ਪਿੰਡੋਂ ਬਾਹਰਵਾਰ ਬਣੇ ਇਕ ਘਰ ਵਿਚ ਦੀਪਾ ਤੇ ਪ੍ਰਧਾਨ ਠਹਿਰੇ ਹੋਏ ਸਨ।

ਘਰ ਵਾਲਿਆਂ ਦਾ ਪੂਰਾ ਟੱਬਰ ਵਿਆਹ ਗਿਆ ਹੋਇਆ ਸੀ।

ਬਿਜਲੀ ਆਈ 'ਤੇ ਦੀਪੇ ਨੇ ਮੋਟਰ ਚਲਾ ਲਈ ਅਤੇ ਕੱਪੜੇ ਲਾਹ ਕੇ ਚਲ੍ਹੇ 'ਚ ਛਾਲ ਮਾਰ ਕੇ ਵੜ ਗਿਆ। ਨਹਾਉਣ ਮਗਰੋਂ ਉਹ ਚਲ੍ਹੇ ਦੇ ਉੱਤੇ ਖੜ ਕੇ ਹੀ ਕੱਪੜੇ ਪਾਉਣ ਲੱਗ ਪਿਆ ਅਤੇ ਪ੍ਰਧਾਨ ਚਲ੍ਹੇ 'ਚ ਵੜ ਗਿਆ।

ਛੇ ਫੁਟ ਤੋਂ ਉੱਚਾ ਦੀਪਾ ਚਲ੍ਹੇ 'ਤੇ ਖੜਾ ਆਲੇ-ਦੁਆਲੇ ਦੇਖ ਕੇ ਹੈਰਾਨ ਰਹਿ ਗਿਆ।

ਦੂਰ ਤਕ ਜਿਥੇ ਵੀ ਉਹਦੀ ਨਜ਼ਰ ਗਈ, ਉਹਨੂੰ ਖ਼ਾਕੀ ਵਰਦੀਆਂ ਵਾਲੇ ਹੀ ਦਿਸੇ।

"ਪ੍ਰਧਾਨ ਨਿਕਲ ਚੱਲ ਰਿਸ਼ਤੇਦਾਰ ਆ ਗਏ ਨੇ।" ਕਹਿੰਦਾ ਹੋਇਆ ਦੀਪਾ ਆਪਣੀ ਅਸਾਲਟ ਸਾਂਭਦਾ ਹੋਇਆ ਨਾਲ ਹੀ ਕਮਾਦ ਦੇ ਖੇਤ ਵਿਚ ਵੜ ਗਿਆ।

ਪ੍ਰਧਾਨ ਵੀ ਦੀਪੇ ਦੇ ਮਗਰ ਹੀ ਕੱਪੜੇ ਚੁੱਕ ਕੇ ਨਿਚੜਦੇ ਕਛਹਿਰੇ ਵਿਚ ਹੀ ਕਮਾਦ ਦੇ ਖੇਤ ਵਿਚ ਵੜ ਗਿਆ।

ਨੰਗੇ ਪਿੰਡੇ ਹੀ ਕਮਾਦ ਵਿਚ ਵੜਨ ਕਾਰਨ ਪ੍ਰਧਾਨ ਦਾ ਸਾਰਾ ਸਰੀਰ ਛਿੱਲ ਦਿੱਤਾ ਸੀ ਆਗਾਂ ਨੇ। ਉਥੇ ਖੜੇ-ਖੜੇ ਨੇ ਜਲਦੀ ਨਾਲ ਕੱਪੜੇ ਪਾਏ। ਪੁਲਿਸ ਨੇ ਇਕ ਪਾਸੇ ਤੋਂ ਕਮਾਦ ਦੇ ਖੇਤ ਨੂੰ ਘੇਰਾ ਪਾ ਲਿਆ ਸੀ। ਪੁਲਿਸ ਕੁਝ ਜ਼ਿਆਦਾ ਹੀ ਸਿਰ ਉਪਰ ਚੜ੍ਹੀ ਆਉਂਦੀ ਦੇਖ ਦੇ ਦੀਪੇ ਨੇ ਅਸਾਲਟ ਦਾ ਬਰੱਸਟ ਖੋਲ੍ਹ ਦਿੱਤਾ। ਮੂਹਰੇ ਆ ਰਹੇ ਕਈ ਪੁਲਸੀਏ ਮੂੰਹ ਪਰਨੇ ਜਾ ਡਿੱਗੇ।

ਸੀ.ਆਰ.ਪੀ. ਵਾਲੇ 'ਅਰੇ ਮਾਰ ਡਾਲਾ ਰੇ' ਕਹਿੰਦੇ ਚੀਕਾਂ ਮਾਰਦੇ ਅੱਡੀਆਂ ਨੂੰ ਥੁੱਕ ਲਾ ਗਏ। ਹੁਣ ਕਿਸੇ ਦਾ ਅੱਗੇ ਵਧਣ ਦਾ ਹੌਸਲਾ ਨਹੀਂ ਸੀ ਪੈ ਰਿਹਾ।

ਕਮਾਦ ਵਿਚੋਂ ਨਿਕਲ ਉਹ ਦੋਵੇਂ ਜਣੇ ਸੜਕ 'ਤੇ ਨਿਕਲ ਆਏ। ਉਥੇ ਆਉਂਦੀ ਇਕ ਜੀਪ ਖੋਹ ਕੇ ਉਹ ਇਕ ਪਾਸੇ ਨੂੰ ਨਿਕਲ ਗਏ।

ਮੰਡੀ ਪਿੰਡ ਦੀ ਨਹਿਰ ਕੋਲ ਜਾ ਕੇ ਜੀਪ ਦਾ ਤੇਲ ਮੁੱਕ ਗਿਆ। ਉਸ ਨੂੰ ਉਥੇ ਹੀ ਛੱਡ ਕੇ ਉਹਨਾਂ ਨੇ ਇਕ ਸਕੂਟਰ ਸਵਾਰ ਦਾ ਸਕੂਟਰ ਲੈ ਲਿਆ। ਮੰਡੀ ਤੇ ਦਿਆਲਪੁਰ ਦੇ ਵਿਚ ਦੀ ਹੁੰਦੇ ਹੋਏ ਉਹ ਦੀਪੇ ਦੇ ਸਹੁਰੇ ਪਿੰਡ ਭਾਗ ਸਿੰਘ ਪੁਰੇ ਜਾ ਪਹੁੰਚੇ।

ਪੁਲਿਸ ਵੀ ਲਗਾਤਾਰ ਪਿੱਛਾ ਕਰ ਰਹੀ ਸੀ।

ਮੰਡੀ ਪਿੰਡ ਦੀ ਨਹਿਰ ਤੋਂ ਜੀਪ ਪੁਲਿਸ ਨੇ ਬਰਾਮਦ ਕਰ ਲਈ ਸੀ। ਪਿੱਛਾ ਕਰਦੀ-ਕਰਦੀ ਪੁਲਿਸ ਭਾਗ ਸਿੰਘ ਪੁਰੇ ਜਾ ਪਹੁੰਚੀ। ਫ਼ਿਲੌਰ ਤੋਂ ਨਵਾਂ ਸ਼ਹਿਰ ਨੂੰ ਜਾਂਦੀ ਸੜਕ ਤੋਂ ਥੋੜ੍ਹਾ ਜਿਹਾ ਹਟਵਾਂ ਘਰ ਸੀ, ਜਿਥੇ ਦੀਪੇ ਹੁਰੀਂ ਠਹਿਰੇ ਹੋਏ ਸਨ। ਘਰ ਦੇ ਮਾਲਕ ਦਾ ਨਾਂ ਧਰਮਜੀਤ ਸਿੰਘ ਸੀ। ਇਹ ਪਰਿਵਾਰ ਸਿੰਘਾਂ ਦਾ ਹਮਦਰਦ ਸੀ। ਘੁੱਗ ਵਗਦੀ ਮੁੱਖ ਸੜਕ ਦੇ ਦੂਜੇ ਪਾਸੇ ਇੱਟਾਂ ਬਣਾਉਣ ਵਾਲਾ ਭੱਠਾ ਸੀ। ਅੱਧੀ ਕੁ ਰਾਤ ਦੇ ਕਰੀਬ ਪੁਲਿਸ ਨੇ ਘਰ ਨੂੰ ਘੇਰੇ ਵਿਚ ਲੈ ਲਿਆ।

ਦੀਪੇ ਹੋਰਾਂ ਨੂੰ ਵੀ ਅਹਿਸਾਸ ਹੋ ਗਿਆ ਕਿ ਘੇਰਾ ਪੈ ਚੁੱਕਾ ਹੈ।

ਦੀਪਾ ਪ੍ਰਧਾਨ ਦਾ ਹੱਥ ਫੜਦਾ ਹੋਇਆ ਬੋਲਿਆ, "ਇਧਰ ਨੂੰ ਆ ਪ੍ਰਧਾਨ, ਆਹ ਪਿਛਲੀ ਕੰਧ ਟੱਪ ਕੇ ਆਪਾਂ ਨਿਕਲ ਜਾਨੇ ਆਂ।" ਘਰ ਦੇ ਪਿਛਵਾੜੇ ਦੀ ਕੰਧ ਦੀਪਾ ਛਾਲ ਮਾਰ ਕੇ ਟੱਪ ਗਿਆ ਪਰ ਪ੍ਰਧਾਨ ਕੋਲੋਂ ਕੰਧ ਨਾ ਟੱਪ ਹੋਈ। ਉਹ ਮੁੜ ਕੇ ਵਿਹੜੇ ਵਿਚ ਆ ਗਿਆ।

ਘਰ ਦੇ ਸਾਰੇ ਮੈਂਬਰਾਂ ਨੂੰ ਇਕ ਕਮਰੇ ਵਿਚ ਬੰਦ ਕਰ ਕੇ ਪ੍ਰਧਾਨ ਨੇ ਬਾਹਰੋਂ ਕੁੰਡਾ ਮਾਰ ਦਿੱਤਾ, ਬਈ ਜੇ ਬਾਅਦ ਵਿਚ ਪੁਲਿਸ ਦੀ ਪੁੱਛ-ਗਿੱਛ ਵਿਚ ਉਹ ਕਹਿ ਸਕਦੇ ਨੇ ਕਿ ਸਾਨੂੰ ਤਾਂ ਆਪ ਖਾੜਕੂਆਂ ਨੇ ਕਮਰੇ ਵਿਚ ਬੰਦ ਕੀਤਾ ਹੋਇਆ ਸੀ।

ਬਾਹਰ ਪੁਲਿਸ ਦਾ ਸਖ਼ਤ ਘੇਰਾ ਸੀ। ਪੁਲਿਸ ਨੂੰ ਪੱਕਾ ਪਤਾ ਸੀ ਕਿ ਦੀਪੇ ਹੁਰੀਂ ਅੰਦਰ ਨੇ, ਪਿਛਲੇ ਪਾਸੇ ਉਹਨਾਂ ਨੇ ਅਜੇ ਘੇਰਾ ਨਹੀਂ ਸੀ ਪਾਇਆ। ਇਸੇ ਕਰਕੇ ਦੀਪਾ ਬੜੇ ਆਰਾਮ ਨਾਲ ਨਿਕਲ ਗਿਆ। ਪ੍ਰਧਾਨ ਨੇ ਵਾਹਿਗੁਰੂ ਕਹਿੰਦਿਆਂ ਘਰ ਦਾ ਮੇਨ ਗੇਟ ਖੋਲ੍ਹ ਲਿਆ। ਬੂਹਾ ਖੁਲ੍ਹਦੇ ਹੀ ਪੁਲਿਸ ਦੀ ਆਵਾਜ਼ ਗੂੰਜੀ, "ਕੌਣ ਏ ਓਏ?"

"ਆਪਾਂ ਘਰ ਦੇ ਹੀ ਹਾਂ ਭਾ ਜੀ।" ਆਖਦੇ ਪ੍ਰਧਾਨ ਨੇ ਏ.ਕੇ. ਛਪੰਜਾ ਦਾ ਮੂੰਹ ਖੋਲ੍ਹ ਦਿੱਤਾ।

ਗੜਿਆਂ ਵਾਂਗ ਵਰ੍ਹਦੀਆਂ ਗੋਲੀਆਂ ਨੇ ਪੁਲਿਸ ਦੀਆਂ ਭਾਜੜਾਂ ਪੁਆ ਦਿੱਤੀਆਂ। ਉਹ ਆਪਣੇ ਮੱਲੇ ਹੋਏ ਮੋਰਚੇ ਛੱਡ ਕੇ ਭੱਜ ਨਿਕਲੇ।

ਪੁਲਸੀਆਂ ਵਿਚ ਉਹਨਾਂ ਦਾ ਇੰਨਾ ਖ਼ੌਫ਼ ਸੀ ਕਿ ਉਹ ਜਵਾਬੀ ਫ਼ਾਇਰ ਕਰਨ ਲੱਗੇ ਵੀ ਡਰਦੇ ਸਨ। ਆਪਣੀ ਏ.ਕੇ. ਛਪੰਜਾ ਦੇ ਬਰੱਸਟ ਮਾਰਦਾ ਪ੍ਰਧਾਨ ਪੁਲਿਸ ਦਾ ਘੇਰਾ ਤੋੜ ਕੇ ਸੜਕ ਪਾਰ ਕਰ ਦੇ ਭੱਠੇ ਵਾਲੇ ਪਾਸੇ ਜਾ ਪਹੁੰਚਿਆ। ਪੁਲਿਸ ਵਾਲਿਆਂ ਦੀ ਇੰਨੀ ਹਿੰਮਤ ਨਾ ਪਈ ਕਿ ਉਹਦਾ ਪਿੱਛਾ ਕਰ ਸਕਣ। ਆਪਣੇ ਜਵਾਨਾਂ ਦੀਆਂ ਲਾਸ਼ਾਂ ਇਕੱਠੀਆਂ ਕਰ ਕੇ ਪੁਲਿਸ ਵਾਲੇ ਘਰ ਦੇ ਮੈਂਬਰਾਂ 'ਤੇ ਤਸ਼ੱਦਦ ਢਾਹੁਣ ਲੱਗ ਪਏ।

ਰਾਜੂ ਦਾ ਬੁਖ਼ਾਰ ਟੁੱਟਣ ਦਾ ਨਾਂ ਨਹੀਂ ਸੀ ਲੈ ਰਿਹਾ। ਉਹਨੂੰ ਇਕ ਸੁਰੱਖਿਅਤ ਠਾਹਰ 'ਤੇ ਛੱਡ ਬੱਬੂ ਤੇ ਰਾਜਵੀਰ ਨਵਾਂ ਸ਼ਹਿਰ ਜ਼ਿਲ੍ਹੇ ਦੇ ਬੇਟ ਇਲਾਕੇ ਵਿਚ ਸਨ।

ਉਹ ਆਪਣੀ ਇਕ ਨਵੀਂ ਬਣਾਈ ਠਾਹਰ ਵਿਚ ਬੈਠੇ ਰੋਟੀ ਖਾ ਰਹੇ ਸਨ। ਘਰ ਵਾਲਿਆਂ ਦਾ ਵੈਲੀ ਜਿਹਾ ਮੁੰਡਾ ਉਹਨਾਂ ਦੇ ਨਾਲ ਬੈਠਾ ਰੋਟੀ ਖਾ ਰਿਹਾ ਸੀ।

ਰੋਟੀ ਖਾਂਦੇ-ਖਾਂਦੇ ਹੀ ਘਰ ਵਾਲਿਆਂ ਦਾ ਮੁੰਡਾ ਉਹਨਾਂ ਨੂੰ ਸੰਬੋਧਿਤ ਹੁੰਦਾ ਹੋਇਆ ਬੋਲਿਆ, "ਭਾ ਜੀ, ਆਹ ਆਪਣੇ ਨਾਲ ਦੇ ਪਿੰਡ ਆਲੀ ਬੈਂਕ 'ਚ ਲੋਹੜੇ ਦਾ ਸਰਕਾਰੀ ਪੈਸਾ ਆਉਂਦਾ, ਇਹਨੂੰ ਕਿਉਂ ਨਹੀਂ ਹੱਥ ਪਾਉਂਦੇ ਤੁਸੀਂ?" ਮੁੰਡੇ ਦੀ ਗੱਲ ਸੁਣ ਕੇ ਰਾਜਵੀਰ ਬੁੱਲ੍ਹਾਂ 'ਚ ਮੁਸਕਰਾ ਪਿਆ।

"ਅੱਛਾ ਕਿੰਨਾ ਕੁ ਪੈਸਾ ਹੁੰਦਾ ਉਥੇ?" ਬੱਬੂ ਨੇ ਉਹਦੀ ਗੱਲ 'ਚ ਦਿਲਚਸਪੀ ਦਿਖਾਈ।

"ਹੋਣਾ ਘੱਟੋ-ਘੱਟ ਪੰਜ-ਦਸ ਲੱਖ ਤਾਂ।" ਮੁੰਡੇ ਨੇ ਆਪਣਾ ਅੰਦਾਜ਼ਾ ਮਾਰਿਆ।

"ਕੋਈ ਸਕਿਉਰਿਟੀ ਨਹੀਂ ਹੁੰਦੀ ਉਥੇ?" ਬੱਬੂ ਗੰਭੀਰ ਜਿਹਾ ਹੋ ਕੇ ਬੋਲਿਆ।

"ਨਾ ਜੀ, ਕੋਈ ਸਕਿਉਰਿਟੀ-ਸਕਾਅਰਟੀ ਨਹੀਂ ਹੁੰਦੀ ਉਥੇ। ਬੱਸ ਪੰਜ-ਸੱਤ ਬੈਂਕ ਵਾਲੇ ਹੁੰਦੇ ਆ।" ਮੁੰਡੇ ਨੇ ਬੈਂਕ ਦਾ ਪੂਰਾ ਨਕਸ਼ਾ ਖਿੱਚ ਦਿੱਤਾ। ਰੋਟੀ ਖਾਣ ਮਗਰੋਂ ਮੁੰਡਾ ਪਸ਼ੂਆਂ ਲਈ ਪੱਠੇ ਕੁਤਰਨ ਲੱਗ ਪਿਆ। ਬੱਬੂ ਅਤੇ ਰਾਜਵੀਰ ਮੋਟਰ ਕੋਲ ਮੰਜੇ 'ਤੇ ਬੈਠ ਆਪਣੀਆਂ ਗੱਲਾਂ 'ਚ ਰੁੱਝ ਗਏ।

"ਕਿੱਦਾਂ ਫੇਰ ਰਾਜਵੀਰ, ਕੀ ਸਲਾਹ ਆ ਤੇਰੀ ਬੈਂਕ ਬਾਰੇ ?" ਬੱਬੂ ਨੇ ਸਵਾਲ ਕੀਤਾ।

"ਲੱਗਦਾ ਤੂੰ ਇਸ ਅਮਲੀ ਜਿਹੇ ਦੀਆਂ ਗੱਲਾਂ ਵਿਚ ਆ ਗਿਆਂ।" ਬੱਬੂ ਦੇ ਚਿਹਰੇ ਵੱਲ ਦੇਖਦਾ ਉਹ ਬੋਲਿਆ।

"ਉਹਦੀਆਂ ਗੱਲਾਂ 'ਚ ਆਉਣ ਵਾਲੀ ਕਿਹੜੀ ਗੱਲ ਆ। ਸਾਡੀ ਲੜਾਈ ਸਰਕਾਰ ਨਾਲ ਆ। ਬੈਂਕ ਵਿਚ ਸਰਕਾਰੀ ਪੈਸਾ ਏ, ਉਹਨੂੰ ਲੁੱਟ ਲੈਣਾ ਮੈਨੂੰ ਤਾਂ ਗ਼ਲਤ ਨਹੀਂ ਲੱਗਦਾ।" ਬੱਬੂ ਨੇ ਆਪਣਾ ਪੱਖ ਸਪੱਸ਼ਟ ਕੀਤਾ।

"ਸਰਕਾਰ ਨੂੰ ਸੱਟ ਮਾਰਨ ਦੇ ਮੈਂ ਖ਼ਿਲਾਫ਼ ਨਹੀਂ, ਪਰ ਤੂੰ ਜ਼ਰਾ ਧਿਆਨ ਨਾਲ ਸੋਚ, ਇਸ ਇਲਾਕੇ ਵਿਚ ਆਪਣੀਆਂ ਕਿੰਨੀਆਂ ਮਜ਼ਬੂਤ ਠਾਹਰਾਂ ਨੇ। ਜੇ ਆਪਾਂ ਇਥੇ ਕੋਈ ਕੰਮ ਕਰਦੇ ਆਂ ਤਾਂ ਪੁਲਿਸ ਦਾ ਧਿਆਨ ਉਹਨਾਂ ਵੱਲ ਵੀ ਜਾ ਸਕਦਾ।" ਰਾਜਵੀਰ ਨੇ ਦੂਰ ਦੀ ਸੋਚਦੇ ਹੋਏ ਆਪਣੀ ਸਲਾਹ ਦਿੱਤੀ।

"ਗੱਲ ਤੇਰੀ ਸੋਲ੍ਹਾਂ ਆਨੇ ਠੀਕ ਆ, ਪਰ ਯਾਰ ਮੇਰਾ ਦਿਮਾਗ਼ ਕਿਉਂ ਨਹੀਂ ਗਿਆ ਇਸ ਪਾਸੇ ?" ਹੈਰਾਨ ਹੋਇਆ ਬੱਬੂ ਉੱਠ ਕੇ ਮੋਟਰ ਦੇ ਕੋਲ ਚਲਾ ਗਿਆ।

"ਕੱਲ੍ਹ ਨੂੰ ਜਾਂਦੇ ਹੋਏ ਆਪਾਂ ਉਸ ਪਿੰਡ ਵਿਚ ਦੀ ਲੰਘ ਚੱਲਾਂਗੇ। ਆਉਣ ਵਾਲੇ ਕਿਸੇ ਸਮੇਂ ਸੋਚ ਲਵਾਂਗੇ ਇਸ ਬੈਂਕ ਬਾਰੇ।" ਬੱਬੂ ਦੇ ਦਿਮਾਗ਼ 'ਚੋਂ ਹਾਲੇ ਬੈਂਕ ਬਾਹਰ ਨਹੀਂ ਸੀ ਨਿਕਲਿਆ।

ਦੂਜੇ ਦਿਨ ਉਹ ਆਪਣੇ ਸਕੂਟਰ 'ਤੇ ਸਵਾਰ ਹੋ ਕੇ ਉਸ ਪਿੰਡ ਪਹੁੰਚ ਗਏ ਜਿਥੇ ਬੈਂਕ ਸੀ।

ਬੈਂਕ ਕੋਲ ਜਾ ਕੇ ਬੱਬੂ ਨੇ ਸਕੂਟਰ ਰੋਕ ਲਿਆ। ਆਲੇ-ਦੁਆਲੇ ਨੂੰ ਚੰਗੀ ਤਰ੍ਹਾਂ ਗਹੁ ਨਾਲ ਦੇਖਦੇ ਹੋਏ ਨੇ ਸਕੂਟਰ ਫਿਰ ਸਟਾਰਟ ਕਰ ਲਿਆ।

ਅਜੇ ਉਹ ਬੈਂਕ ਕੋਲੋਂ ਮਸਾਂ ਖੇਤ ਕੁ ਦੀ ਦੂਰੀ 'ਤੇ ਹੀ ਗਏ ਹੋਣਗੇ ਕਿ ਬੈਂਕ ਵਿਚੋਂ ਚਾਰ ਪੁਲਿਸ ਵਾਲੇ ਬਾਹਰ ਨਿਕਲੇ।

"ਕਿਹੜੇ ਹੋ ਓਏ ਤੁਸੀਂ, ਖੜ ਜਾਓ ਜ਼ਰਾ ?" ਇਸ ਤੋਂ ਪਹਿਲਾਂ ਕਿ ਉਹ ਕੁਝ ਸਮਝਦੇ ਪੁਲਿਸ ਵਾਲਿਆਂ ਨੇ ਆਪਣੀਆਂ ਥਰੀ-ਨਟ-ਥਰੀ ਦੀਆਂ ਬੰਦੂਕਾਂ ਨਾਲ ਫ਼ਾਇਰ ਕਰਨੇ ਸ਼ੁਰੂ ਕਰ ਦਿੱਤੇ।

ਗੋਲੀਆਂ ਉਹਨਾਂ ਦੇ ਕੰਨਾਂ ਦੇ ਕੋਲ ਦੀ ਲੰਘ ਰਹੀਆਂ ਸਨ। ਇਕ ਗੋਲੀ ਸਕੂਟਰ ਦੀ ਨੰਬਰ ਪਲੇਟ ਵਿਚ ਆ ਵੱਜੀ।

ਇਕ ਹੋਰ ਗੋਲੀ ਰਾਜਵੀਰ ਦੀ ਪੱਗ ਨੂੰ ਛੂੰਹਦੀ ਹੋਈ ਲੰਘ ਗਈ। ਸਕੂਟਰ ਦੇ ਪਿੱਛੇ ਬੈਠੇ ਰਾਜਵੀਰ ਨੇ ਪਿੱਛੇ ਨੂੰ ਮੂੰਹ ਘੁਮਾ ਕੇ ਅਸਾਲਟ ਦਾ ਬਰੱਸਟ ਮਾਰਿਆ।

ਪੁਲਿਸ ਵਾਲੇ ਆਪਣੀਆਂ ਬੰਦੂਕਾਂ ਸੁੱਟ ਕੇ ਦੌੜ ਕੇ ਬੈਂਕ ਦੇ ਅੰਦਰ ਜਾ ਵੜੇ। ਬੱਬੂ ਨੇ ਸਕੂਟਰ ਰੋਕ ਲਿਆ ਸੀ। ਉਹਨੇ ਵੀ ਸਕੂਟਰ ਦੇ ਮੈਟ ਦੇ ਥੱਲੇ ਰੱਖੀ ਆਪਣੀ ਅਸਾਲਟ ਬਾਹਰ ਕੱਢ ਲਈ।

ਉਹ ਦੋਨੋਂ ਜਣੇ ਉਥੋਂ ਬੈਂਕ ਦੀਆਂ ਖਿੜਕੀਆਂ ਨੂੰ ਨਿਸ਼ਾਨਾ ਬਣਾ-ਬਣਾ ਫ਼ਾਇਰਿੰਗ ਕਰਨ ਲੱਗ ਪਏ।

ਪੰਜ ਕੁ ਮਿੰਟ ਵਾਹਵਾ ਤਕੜੀ ਫ਼ਾਇਰਿੰਗ ਹੁੰਦੀ ਰਹੀ। ਪੁਲਿਸ ਵਾਲਿਆਂ ਵੱਲੋਂ ਕੋਈ ਜਵਾਬ ਨਹੀਂ ਸੀ ਆ ਰਿਹਾ ਕਿਉਂਕਿ ਉਹ ਆਪਣੀਆਂ ਬੰਦੂਕਾਂ ਤਾਂ ਬਾਹਰ ਸੜਕ 'ਤੇ ਹੀ ਸੁੱਟ ਗਏ ਸਨ। ਪੰਜ ਕੁ ਮਿੰਟਾਂ ਵਿਚ ਉਹ ਸਕੂਟਰ 'ਤੇ ਬੈਠ ਕੇ ਮੁੱਖ ਸੜਕ, ਜੋ ਫ਼ਿਲੌਰ ਤੋਂ ਨਵਾਂ ਸ਼ਹਿਰ ਨੂੰ ਜਾਂਦੀ ਸੀ, ਉਸ 'ਤੇ ਆ ਗਏ। ਅੜਾਪੜ, ਚੌਂਕ ਦਾਨੇ ਦੇ ਵਿਚ ਦੀ ਹੁੰਦੇ ਹੋਏ ਉਹ ਨਹਿਰੋ-ਨਹਿਰ ਦਿਆਲਪੁਰ ਆ ਪਹੁੰਚੇ।

ਪਿੰਡੋਂ ਬਾਹਰ ਨਿਕਲਦੀ ਬੀਹੀ ਦੇ ਆਖ਼ਰ 'ਤੇ ਬਣੇ ਘਰ ਵਿਚ ਬੱਬੂ ਨੇ ਆਪਣਾ ਸਕੂਟਰ ਵਾੜ ਲਿਆ।

ਉਹ ਪਹਿਲਾਂ ਵੀ ਕਈ ਵਾਰੀ ਇਥੇ ਆ ਚੁੱਕੇ ਸਨ। ਪਿਛਲੀ ਵਾਰੀ ਜਦ ਉਹ ਇਥੇ ਆਏ ਸਨ ਤਾਂ ਬੈਠਕ ਵਿਚ ਬੈਠੇ ਚਾਹ ਪੀਂਦਿਆਂ ਰਾਜਵੀਰ ਦੀ ਨਜ਼ਰ ਪਰਛੱਤੀ 'ਤੇ ਟਿਕਾ ਕੇ ਰੱਖੀਆਂ ਫ਼ਰੇਮਾਂ ਵਿਚ ਜੜੀਆਂ ਫ਼ੋਟੋਆਂ 'ਤੇ ਜਾ ਪਈ।

ਰਾਜਵੀਰ ਝੱਟ ਫ਼ੋਟੋਆਂ ਕੋਲ ਜਾ ਖੜਾ ਹੋਇਆ। ਉਹ 'ਕੱਲੀ-'ਕੱਲੀ ਫ਼ੋਟੋ ਨੂੰ ਚੁੱਕ ਕੇ ਧਿਆਨ ਨਾਲ ਦੇਖ ਰਿਹਾ ਸੀ। ਫਿਰ ਉਹ ਵੀ ਬੱਬੂ ਦੇ ਕੋਲ ਆ ਕੇ ਬਹਿ ਗਿਆ। ਘਰ ਦਾ ਮੁਖੀ ਚਾਹ ਵਾਲੇ ਭਰੇ ਗਲਾਸ ਦੇ ਕੇ ਬਾਹਰ ਨੂੰ ਚਲਾ ਗਿਆ ਤਾਂ ਰਾਜਵੀਰ ਨੇ ਬੱਬੂ ਨੂੰ ਦੱਸ ਦਿੱਤਾ ਕਿ ਫ਼ੋਟੋ ਵਾਲਾ ਮੁੰਡਾ ਉਹਦੇ ਪਿੰਡ ਦਾ ਏ।

ਰਾਤ ਨੂੰ ਜਦ ਸਾਰਾ ਟੱਬਰ ਬੈਠਾ ਰੋਟੀ ਖਾ ਰਿਹਾ ਸੀ ਤਾਂ ਮੰਜੇ 'ਤੇ ਬੈਠੇ ਬੱਬੂ ਨੇ ਅਚਾਨਕ ਹੀ ਘਰ ਦੇ ਬਜ਼ੁਰਗ ਨੂੰ ਪੁੱਛ ਲਿਆ।

"ਆਹ ਬਾਪੂ ਜੀ ਧੀਣਪੁਰੇ ਆਪਣੀ ਕੀ ਰਿਸ਼ਤੇਦਾਰੀ ਆ ?" ਬੱਬੂ ਦੀ ਗੱਲ ਸੁਣ ਕੇ ਸਾਰਾ ਟੱਬਰ ਹੈਰਾਨ ਰਹਿ ਗਿਆ। ਉਹਨਾਂ ਨੂੰ ਹੈਰਾਨੀ ਇਸ ਗੱਲ ਦੀ ਸੀ ਕਿ ਬੱਬੂ ਹੁਰਾਂ ਨੂੰ ਕਿੱਦਾਂ ਪਤਾ ਲੱਗ ਗਿਆ ਕਿ ਉਹਨਾਂ

ਦੀ ਧੀਣਪੁਰੇ ਕੋਈ ਰਿਸ਼ਤੇਦਾਰੀ ਹੈ।

"ਆਪਣੀ ਵੱਡੀ ਗੁੱਡੀ ਵਿਆਹੀ ਹੋਈ ਆ ਉਥੇ ਸ਼ੇਰਾ," ਬਜ਼ੁਰਗ ਬੋਲਿਆ।

"ਪਰ ਸ਼ੇਰਾ, ਤੁਹਾਨੂੰ ਕਿੱਦਾਂ ਪਤਾ ਲੱਗ ਗਿਆ ਕਿ ਸਾਡੀ ਕੋਈ ਰਿਸ਼ਤੇਦਾਰੀ ਆ ਧੀਣਪੁਰੇ?" ਬਜ਼ੁਰਗ ਬੱਬੂ ਨੂੰ ਸਵਾਲ ਕਰਦਾ ਉਹਦੇ ਵੱਲ ਬੜੇ ਗਹੁ ਨਾਲ ਦੇਖ ਰਿਹਾ ਸੀ।

"ਸਾਨੂੰ ਸਾਰੇ ਇਲਾਕੇ ਦੀ ਖ਼ਬਰ ਰੱਖਣੀ ਪੈਂਦੀ ਆ ਬਾਪੂ ਜੀ।" ਮੁਸਕੜੀਆਂ 'ਚ ਹੱਸਦੇ ਹੋਏ ਬੱਬੂ ਨੇ ਜਵਾਬ ਦਿੱਤਾ।

"ਅੱਛਾ ਬੀ ਸ਼ੇਰਾ ਮੰਨਣਾ ਪੈਣਾ ਥੋਡੀ ਫਿਰ ਤਾਂ ਤੁਹਾਡੀ ਸੀ.ਆਈ.ਡੀ. ਨੂੰ।" ਬਜ਼ੁਰਗ ਨੂੰ ਹਰ ਗੱਲ ਨਾਲ ਸ਼ੇਰਾ ਸ਼ਬਦ ਲਾਉਣ ਦੀ ਪੁਰਾਣੀ ਆਦਤ ਸੀ।

"ਫਿਰ ਤਾਂ ਤੁਹਾਨੂੰ ਪਤਾ ਈ ਹੋਣਾ ਸ਼ੇਰਾ ਬਈ ਉਥੇ ਦਾ ਵੀ ਇਕ ਮੁੰਡਾ ਬਾਬਿਆਂ ਨਾਲ ਰਲਿਆ ਹੋਇਆ।" ਬਜ਼ੁਰਗ ਹੁਣ ਉਹਨਾਂ ਨਾਲ ਜ਼ਰਾ ਖੁੱਲ੍ਹ ਕੇ ਗੱਲਾਂ ਕਰਨ ਲੱਗ ਪਿਆ।

"ਬਥੇਰੇ ਲੁਟੇਰੇ ਫਿਰਦੇ ਆ ਬਾਪੂ ਜੀ, ਹਰ ਜਣਾ-ਖਣਾ ਤਾਂ ਉੱਠ ਕੇ ਬਾਬਾ ਬਣਿਆ ਫਿਰਦਾ।" ਰਾਜਵੀਰ ਕੰਨੀਂ ਝਾਕਦਾ ਹੋਇਆ ਬੱਬੂ ਖਚਰੀ ਹਾਸੀ ਹੱਸ ਰਿਹਾ ਸੀ।

"ਉਹ ਨਹੀਂ ਸ਼ੇਰਾ, ਉਹ ਤਾਂ ਤੁਹਾਡੇ ਵਰਗੇ ਅਸਲੀ ਬਾਬਿਆਂ ਨਾਲ ਈ ਰਲਿਆ ਏ। ਸਾਰਾ ਪਿੰਡ ਉਹਦੀਆਂ ਸਿਫ਼ਤਾਂ ਕਰਦਾ ਨਹੀਂ ਥੱਕਦਾ। ਉਹ ਤਾਂ ਬਾਹਲਾ ਈ ਚੁੱਪ-ਚਾਪ ਜਿਹਾ ਰਹਿਣ ਵਾਲਾ ਮੁੰਡਾ ਸੀ। ਸਾਰਾ ਪਿੰਡ ਹੈਰਾਨ ਹੋਇਆ ਪਿਆ ਬਈ ਮੀਸਣੇ ਜਿਹੇ ਨੇ ਕੋਈ ਧੂੰਆਂ ਈ ਬਾਹਰ ਨਾ ਕੱਢਿਆ, ਉਹ ਤਾਂ ਪਿੰਡ ਵਾਲਿਆਂ ਨੂੰ ਉਦੋਂ ਹੀ ਪਤਾ ਲੱਗਾ ਜਦੋਂ ਮਿਲਟਰੀ ਨੇ ਪੂਰਾ ਪਿੰਡ ਘੇਰ ਲਿਆ। ਫੇਰ ਪਤਾ ਲੱਗਾ ਬਈ ਮਿਲਟਰੀ ਵਾਲੇ ਤਾਂ ਉਸ ਨੂੰ ਲੱਭਦੇ ਫਿਰਦੇ ਆ।" ਬਜ਼ੁਰਗ ਦੀਆਂ ਸਿੱਧ-ਪੱਧਰੀਆਂ ਗੱਲਾਂ ਸੁਣ-ਸੁਣ ਉਹ ਦੋਨੋਂ ਜਣੇ ਹੱਸ-ਹੱਸ ਦੂਹਰੇ ਹੋ ਰਹੇ ਸਨ।

ਫਿਰ ਬੱਬੂ ਨੇ ਹੀ ਸਾਰੇ ਟੱਬਰ ਨੂੰ ਦੱਸ ਦਿੱਤਾ ਸੀ ਕਿ ਉਹ ਚੁੱਪ-ਚਾਪ ਰਹਿਣ ਵਾਲਾ ਮੀਸਣਾ ਜਿਹਾ ਮੁੰਡਾ ਰਾਜਵੀਰ ਹੀ ਏ।

ਅੱਜ ਜਦੋਂ ਸਕੂਟਰ ਉਹਨਾਂ ਦੇ ਵਿਹੜੇ ਵਿਚ ਖੜਾ ਕੀਤਾ ਤਾਂ ਘਰ ਵਿਚ ਸਿਰਫ਼ ਮਾਤਾ ਅਤੇ ਉਹਦੀ ਛੋਟੀ ਧੀ ਹੀ ਸਨ।

ਚਾਹ ਪੀਂਦਿਆਂ ਹੀ ਰਾਜਵੀਰ ਨੇ ਬੁਖ਼ਾਰ ਦੀਆਂ ਦੋ ਗੋਲੀਆਂ ਵੀ

ਖਾ ਲਈਆਂ। ਉਹਦਾ ਸਾਰਾ ਸਰੀਰ ਹੀ ਟੁੱਟ ਰਿਹਾ ਸੀ।

ਬੱਬੂ ਬੀਹੀ ਨਾਲ ਲੱਗਦੀ ਬੈਠਕ ਵਿਚ ਲੰਮਾ ਪੈ ਗਿਆ ਅਤੇ ਰਾਜਵੀਰ ਨੇ ਪਿਛਲੇ ਦਲਾਨ ਵਿਚ ਮੰਜਾ ਮੱਲ ਲਿਆ। ਗੋਲੀਆਂ ਖਾਧੀਆਂ ਹੋਣ ਕਾਰਨ ਉਹਨੂੰ ਜਲਦੀ ਹੀ ਨੀਂਦ ਨੇ ਦਬੋਚ ਲਿਆ। ਅਜੇ ਉਹਦੀ ਅੱਖ ਲੱਗੀ ਨੂੰ ਥੋੜ੍ਹਾ ਚਿਰ ਹੀ ਹੋਇਆ ਸੀ ਕਿ ਉਸ ਨੂੰ ਮਹਿਸੂਸ ਹੋਇਆ ਜਿਵੇਂ ਕੋਈ ਉਹਦੇ ਨਾਲ ਲੱਗ ਕੇ ਪਿਆ ਹੋਵੇ। ਬੀਮਾਰ ਹੋਣ ਦੇ ਬਾਵਜੂਦ ਵੀ ਉਹ ਬੜੀ ਫ਼ੁਰਤੀ ਨਾਲ ਮੰਜੇ ਤੋਂ ਉੱਠਿਆ, ਉੱਠਦਿਆਂ ਹੀ ਡੱਬ ਵਿਚ ਬੱਤੀ ਬੋਰ ਦਾ ਪਿਸਤੌਲ ਉਹਦੇ ਹੱਥ ਆ ਚੁੱਕਾ ਸੀ।

ਉਹ ਇਹ ਦੇਖ ਕੇ ਹੈਰਾਨ ਰਹਿ ਗਿਆ ਕਿ ਘਰ ਵਾਲਿਆਂ ਦੀ ਕੁੜੀ ਸੁੱਖੀ ਜੋ ਵੀਹਾਂ ਕੁ ਵਰ੍ਹਿਆਂ ਦੀ ਸੀ, ਉਹਦੇ ਨਾਲ ਮੰਜੇ 'ਤੇ ਲੰਮੀ ਪਈ ਸੀ। ਗ਼ੁੱਸੇ ਅਤੇ ਹੈਰਾਨੀ ਨਾਲ ਰਾਜਵੀਰ ਦਾ ਸਰੀਰ ਕੰਬ ਰਿਹਾ ਸੀ।

"ਤੂੰ ਇਥੇ ਕੀ ਕਰਦੀ ਏਂ? ਤੇਰਾ ਦਿਮਾਗ਼ ਤਾਂ ਨਹੀਂ ਖ਼ਰਾਬ ਹੋ ਗਿਆ? ਤੈਨੂੰ ਪਤਾ ਵੀ ਆ ਤੂੰ ਕੀ ਕਰ ਰਹੀ ਏਂ?"

ਗ਼ੁੱਸੇ ਵਿਚ ਆਏ ਰਾਜਵੀਰ ਨੇ ਪਿਸਤੌਲ ਕੁੜੀ 'ਤੇ ਤਾਣ ਲਿਆ। ਉਹਦਾ ਇਹ ਰੂਪ ਦੇਖ ਕੇ ਕੁੜੀ ਤ੍ਰਾਹ ਗਈ। ਉਹਦੀਆਂ ਅੱਖਾਂ ਹੰਝੂਆਂ ਨਾਲ ਭਰ ਗਈਆਂ।

"ਮੈਂ ਤਾਂ ਤੈਨੂੰ ਆਪਣਾ ਜੀਵਨ ਸਾਥੀ ਬਣਾਉਣਾ ਚਾਹੁੰਦੀ ਆਂ।" ਹੰਝੂ ਭਰੀਆਂ ਅੱਖਾਂ ਨੂੰ ਨੀਵੀਆਂ ਕਰੀ ਖੜੀ ਕੁੜੀ ਨੇ ਜਵਾਬ ਦਿੱਤਾ।

"ਤੇਰਾ ਦਿਮਾਗ਼ ਖ਼ਰਾਬ ਆ, ਜੋ ਤੂੰ ਏਦਾਂ ਸੋਚਦੀ ਏਂ। ਮੇਰੇ ਲਈ ਤੂੰ ਭੈਣਾਂ ਬਰਾਬਰ ਏਂ।" ਰਾਜਵੀਰ ਨੂੰ ਰਹਿ-ਰਹਿ ਕੇ ਕੁੜੀ ਦੀ ਸੋਚ 'ਤੇ ਗ਼ੁੱਸਾ ਆ ਰਿਹਾ ਸੀ।

"ਤੂੰ ਮੈਨੂੰ ਨਹੀਂ ਅਪਣਾਉਣਾ ਤਾਂ ਨਾ ਅਪਨਾ, ਪਰ ਮੈਨੂੰ ਭੈਣ ਕਹਿਣ ਦੀ ਕੋਈ ਲੋੜ ਨਹੀਂ, ਮੇਰਾ ਨਾਂ ਸੁੱਖੀ ਏ।" ਹੰਝੂ ਭਰੀਆਂ ਅੱਖਾਂ ਰਾਜਵੀਰ ਦੀਆਂ ਅੱਖਾਂ 'ਚ ਪਾਉਂਦੀ ਹੋਈ ਉਹ ਬੋਲੀ।

"ਤੂੰ ਕਦੇ ਸੋਚਿਆ ਵੀ ਆ ਕਿ ਜੇ ਤੇਰੇ ਘਰ ਦੇ ਤੈਨੂੰ ਮੇਰੇ ਨਾਲ ਮੰਜੇ 'ਤੇ ਲੰਮੀ ਪਈ ਦੇਖ ਲੈਂਦੇ ਤਾਂ ਉਹ ਸਾਡੇ ਬਾਰੇ ਕੀ ਸੋਚਦੇ, ਅਸੀਂ ਇੱਜ਼ਤਾਂ ਦੇ ਰਾਖੇ ਆਂ, ਇੱਜ਼ਤਾਂ ਦੇ ਲੁਟੇਰੇ ਨਹੀਂ। ਨਾਲੇ ਜੇ ਤੂੰ ਕਿਸੇ ਨੂੰ ਜੀਵਨ ਸਾਥੀ ਬਣਾਉਣਾ ਈ ਚਾਹੁੰਦੀ ਏਂ ਤਾਂ ਕਿਸੇ ਐਸੇ ਨੂੰ ਚੁਣ ਜੋ ਤੈਨੂੰ ਜ਼ਿੰਦਗੀ ਦੇ ਸੁਖ ਦੇ ਸਕੇ। ਮੈਨੂੰ ਤਾਂ ਇਹ ਵੀ ਨਹੀਂ ਪਤਾ ਕਿ ਅੱਜ ਦੀ ਰਾਤ ਕਿਸ ਘਰ ਕੱਟਣੀ ਏ ਜਾਂ ਕਿਸੇ ਕਮਾਦ ਦੇ ਖੇਤ ਵਿਚ।" ਰਾਜਵੀਰ

ਕੁੜੀ ਨੂੰ ਸਮਝਾਉਣ ਦੀ ਕੋਸ਼ਿਸ਼ ਕਰ ਰਿਹਾ ਸੀ।

ਵੀਹ ਵਰ੍ਹਿਆਂ ਦੀ ਇਕ ਨਾਜ਼ੁਕ ਜਿਹੀ ਕੁੜੀ ਨੇ ਮਜ਼ਬੂਤ ਇਰਾਦੇ ਵਾਲੇ ਖਾੜਕੂ ਦੀ ਹਾਲਤ ਪਾਣੀਓਂ ਪਤਲੀ ਕਰ ਦਿੱਤੀ ਸੀ। ਰਾਜਵੀਰ ਦਾ ਇਸ ਤਰ੍ਹਾਂ ਦੀ ਮੁਸੀਬਤ ਨਾਲ ਪਹਿਲਾਂ ਕਦੀ ਵਾਹ ਨਹੀਂ ਸੀ ਪਿਆ।

ਅਜੇ ਕੁਝ ਘੰਟੇ ਪਹਿਲਾਂ ਹੀ ਪੁਲਿਸ ਵਾਲਿਆਂ ਨੂੰ ਭਾਜੜਾਂ ਪਾਉਣ ਵਾਲਾ ਖਾੜਕੂ ਅੱਲ੍ਹੜ ਮੁਟਿਆਰ ਸਾਹਮਣੇ ਆਪਣੇ-ਆਪ ਨੂੰ ਬਹੁਤ ਛੋਟਾ ਮਹਿਸੂਸ ਕਰ ਰਿਹਾ ਸੀ।

ਉਹਨੂੰ ਤਾਂ ਇਹੀ ਸੋਚ-ਸੋਚ ਘੇਰਨੀਆਂ ਆ ਰਹੀਆਂ ਸਨ ਕਿ ਜੇ ਕੋਈ ਘਰ ਵਾਲਾ ਦੇਖ ਲੈਂਦਾ ਤਾਂ ਇੰਨੇ ਚਿਰ ਦੀ ਬਣਾਈ ਇੱਜ਼ਤ ਮਿੱਟੀ ਵਿਚ ਮਿਲ ਜਾਣੀ ਸੀ।

ਇੰਨੀ ਦੇਰ ਨੂੰ ਚੌਂਕੇ ਵਿਚੋਂ ਮਾਤਾ ਦੀ ਆਵਾਜ਼ ਗੂੰਜੀ, "ਕੁੜੇ ਸੁੱਖੀਏ, ਕਿਥੇ ਮਰ ਗਈ ਏਂ?"

ਆਪਣੀ ਮਾਤਾ ਦੀ ਆਵਾਜ਼ ਸੁਣ ਕੇ ਸੁੱਖੀ ਦਲਾਨ 'ਚੋਂ ਬਾਹਰ ਨਿਕਲ ਗਈ। ਉਹਦੇ ਜਾਣ ਤੋਂ ਬਾਅਦ ਰਾਜਵੀਰ ਸਿਰ ਫੜ ਕੇ ਮੰਜੇ 'ਤੇ ਬਹਿ ਗਿਆ। ਉਹਦੇ ਦਿਮਾਗ ਵਿਚ ਹਜ਼ਾਰਾਂ ਸੋਚਾਂ ਘੁੰਮ ਰਹੀਆਂ ਸਨ ਪਰ ਇਕ ਸੋਚ ਉਹਦੇ ਸਰੀਰ ਨੂੰ ਕਾਂਬਾ ਛੇੜ ਜਾਂਦੀ, ਜੇ ਕੋਈ ਘਰ ਵਾਲਾ ਉਹਨਾਂ ਨੂੰ ਦੇਖ ਲੈਂਦਾ।

ਰਾਤ ਢਲੀ 'ਤੇ ਰੋਟੀ ਖਾ ਕੇ ਜਦੋਂ ਉਹ ਘਰੋਂ ਬਾਹਰ ਨਿਕਲੇ ਤਾਂ ਸਭ ਤੋਂ ਪਹਿਲਾਂ ਰਾਜਵੀਰ ਨੇ ਬੱਬੂ ਨੂੰ ਇਕੋ ਗੱਲ ਹੀ ਕਹੀ, "ਅੱਜ ਤੋਂ ਬਾਅਦ ਇਸ ਘਰ ਨਹੀਂ ਆਉਣਾ ਮੁੜ ਕੇ।"

*

ਕਾਂਡ 15

ਪੁਲਿਸ ਦੇ ਤਸ਼ੱਦਦ ਨੇ ਆਮ ਲੋਕਾਂ ਵਿਚ ਬਹੁਤ ਡਰ ਪੈਦਾ ਕਰ ਦਿੱਤਾ ਸੀ। ਸਿੰਘ ਜਿਹਨਾਂ ਠਾਹਰਾਂ ਨੂੰ ਆਪਣੀਆਂ ਸੁਰੱਖਿਅਤ ਠਾਹਰਾਂ ਸਮਝਦੇ ਸਨ ਅਤੇ ਇਹ ਸੋਚਦੇ ਸਨ ਕਿ ਇਹਨਾਂ ਘਰਾਂ ਵਾਲੇ ਵੀ ਕੌਮੀ ਫ਼ਰਜ਼ਾਂ ਪ੍ਰਤੀ ਉਸੇ ਤਰ੍ਹਾਂ ਹੀ ਸੋਚਦੇ ਹਨ, ਜਿਸ ਤਰ੍ਹਾਂ ਖਾੜਕੂ ਸੋਚਦੇ ਹਨ, ਸਿੰਘਾਂ ਦੇ ਇਹ ਭਰਮ ਵੀ ਹੁਣ ਦੂਰ ਹੋਣ ਲੱਗ ਪਏ ਸਨ। ਬੱਬੂ, ਰਾਜਵੀਰ ਤੇ ਰਾਜੂ ਆਪਣੀ ਇਕ ਸੁਰੱਖਿਅਤ ਕਹੀ ਜਾਣ ਵਾਲੀ ਠਾਹਰ 'ਤੇ ਜਾ ਪਹੁੰਚੇ।

ਅੱਧੀ ਰਾਤ ਦਾ ਸਮਾਂ ਸੀ।

ਚਾਹ-ਪਾਣੀ ਤੋਂ ਬਾਅਦ ਸਾਰਾ ਟੱਬਰ ਹੀ ਹੱਥ ਜੋੜ ਕੇ ਖਲੋ ਗਿਆ, "ਭਾ ਜੀ, ਹੁਣ ਸਾਨੂੰ ਤੁਸੀਂ ਮਾਫ਼ ਕਰ ਦਿਉ। ਪੁਲਿਸ ਦੇ ਜ਼ੁਲਮ ਦੀਆਂ ਖ਼ਬਰਾਂ ਸੁਣ-ਸੁਣ ਡਰ ਲੱਗਦਾ ਏ। ਅਸੀਂ ਜਿੰਨੇ ਜੋਗੇ ਸੀ, ਤੁਹਾਡਾ ਸਾਥ ਦਿੰਦੇ ਰਹੇ ਹਾਂ, ਹੁਣ ਨਹੀਂ ਸਾਡੇ 'ਚ ਹਿੰਮਤ। ਮਿੰਨਤ ਨਾਲ ਹੀ ਭਾ ਜੀ ਤੁਸੀਂ ਮੁੜ ਕੇ ਇਥੇ ਨਾ ਆਇਓ।"

ਉਹ ਤਿੰਨੋਂ ਜਣੇ ਸਾਰੇ ਟੱਬਰ ਦੇ ਮੂੰਹ ਵੱਲ ਦੇਖ ਰਹੇ ਸਨ। ਇਹ ਪਰਿਵਾਰ ਇਸ ਤਰ੍ਹਾਂ ਡੋਲ ਜਾਏਗਾ, ਇਹ ਉਹਨਾਂ ਲਈ ਅਚੰਭੇ ਵਾਲੀ ਗੱਲ ਸੀ। ਅਜੇ ਕੁਝ ਹਫ਼ਤੇ ਪਹਿਲਾਂ ਹੀ ਜਦੋਂ ਉਹ ਪਿਛਲੀ ਵਾਰ ਇਥੇ ਆਏ ਸਨ, ਇਹ ਸਾਰਾ ਟੱਬਰ ਬੜੀ ਚੜ੍ਹਦੀ ਕਲਾ ਵਾਲੀਆਂ ਗੱਲਾਂ ਕਰਦਾ ਸੀ, ਪਰ ਅੱਜ ਉਹ ਜਮਾਂ ਹੀ ਡੋਲੇ ਪਏ ਸਨ।

"ਠੀਕ ਹੈ ਭਾਈ ਸਾਹਿਬ, ਜੇ ਤੁਸੀਂ ਸਾਡਾ ਸਾਥ ਨਹੀਂ ਦੇ ਸਕਦੇ ਤਾਂ ਕੋਈ ਗੱਲ ਨਹੀਂ। ਜਿੰਨਾ ਚਿਰ ਵੀ ਤੁਸੀਂ ਸਾਡਾ ਸਾਥ ਨਿਭਾਇਆ, ਉਹਦੇ ਲਈ ਤੁਹਾਡਾ ਧੰਨਵਾਦ ਪਰ ਜਾਣ ਤੋਂ ਪਹਿਲਾਂ ਇਕ ਗੱਲ ਕਰਨੀ ਜ਼ਰੂਰ ਚਾਹਾਂਗਾ ਕਿ ਜ਼ੁਲਮ ਦਾ ਖ਼ਾਤਮਾ ਜ਼ੁਲਮ ਨਾਲ ਟਾਕਰਾ ਕਰ ਕੇ ਹੀ ਕੀਤਾ ਜਾ ਸਕਦਾ ਹੈ, ਡਰ ਕੇ ਨਹੀਂ।" ਕਹਿੰਦਾ ਹੋਇਆ ਬੱਬੂ ਘਰੋਂ ਬਾਹਰ ਨੂੰ ਤੁਰ ਪਿਆ। ਰਾਜਵੀਰ ਤੇ ਰਾਜੂ ਵੀ ਉਹਦੇ ਮਗਰ ਹੀ ਬੂਹਿਉਂ ਬਾਹਰ ਹੋ ਗਏ।

ਘਰ ਦੀਆਂ ਔਰਤਾਂ ਬੂਹੇ ਨਾਲ ਲੱਗੀਆਂ ਹੰਝੂਆਂ ਨੂੰ ਅੱਖਾਂ ਦੇ ਅੰਦਰ ਡੱਕਣ ਦੀ ਅਸਫ਼ਲ ਕੋਸ਼ਿਸ਼ ਕਰ ਰਹੀਆਂ ਸਨ।

ਜਿਹਨਾਂ ਸਿੰਘਾਂ ਨੂੰ ਉਹ ਆਪਣੇ ਪੁੱਤ-ਭਰਾ ਸਮਝਦੀਆਂ ਸਨ, ਉਹਨਾਂ ਨੂੰ ਅੱਜ ਭੁੱਖੇ ਢਿੱਡ ਹੀ ਘਰੋਂ ਬਾਹਰ ਕੱਢ ਦਿੱਤਾ ਸੀ।

ਅੱਜ ਦੀ ਰਾਤ ਉਹਨਾਂ ਕਮਾਦ ਦੇ ਖੇਤਾਂ 'ਚ ਗੁਜ਼ਾਰੀ। ਅਗਲਾ ਦਿਨ ਵੀ ਉਥੇ ਹੀ ਲੰਘਾਇਆ। ਗੰਨੇ ਚੂਪ-ਚੂਪ ਉਹ ਆਪਣੀ ਭੁੱਖ ਮਿਟਾਉਂਦੇ ਰਹੇ।

ਰਾਤ ਢਲੀ 'ਤੇ ਉਹ ਫਿਰ ਤੁਰ ਪਏ। ਖੇਤਾਂ ਵਿਚ ਦੀ ਤੁਰੇ ਜਾਂਦੇ ਉਹ ਮੁਠੱਡੇ ਕਲਾਂ ਪਿੰਡ ਜਾ ਪਹੁੰਚੇ। ਮੁਠੱਡਿਆਂ ਦੇ ਬੱਸ ਅੱਡੇ ਦੇ ਕੋਲ ਦੀ ਲੰਘਦੇ ਉਹ ਰੁਕ ਗਏ। ਬੱਸ ਅੱਡੇ ਵਿਚ ਖੜੀ ਇਕ ਜੀਪ ਸਟਾਰਟ ਹੋਈ ਸੀ ਪਰ ਉਹ ਤੁਰੀ ਨਹੀਂ ਸੀ।

ਕੁਝ ਖੇਤਾਂ ਦੀ ਦੂਰੀ 'ਤੇ ਬੈਠੇ ਉਹ ਜੀਪ 'ਤੇ ਬਾਜ ਨਿਗ੍ਹਾ ਟਿਕਾਈ ਬੈਠੇ ਸਨ। ਅਚਾਨਕ ਹੀ ਜੀਪ ਬੰਦ ਹੋ ਗਈ। ਫਿਰ ਜੀਪ ਦੇ ਨਾਲ ਖੜਾ ਇਕ ਮੋਟਰ-ਸਾਈਕਲ ਸਟਾਰਟ ਹੋਇਆ। ਮੋਟਰ-ਸਾਈਕਲ ਦੇ ਕੋਲ ਖੜੇ ਤਿੰਨ ਵਿਅਕਤੀ ਕੁਝ ਘੁਸਰ-ਮੁਸਰ ਕਰ ਰਹੇ ਸਨ। ਮੋਟਰ-ਸਾਈਕਲ ਇਕ ਪਾਸੇ ਨੂੰ ਹੋ ਤੁਰਿਆ। ਜੀਪ ਵੀ ਹੁਣ ਮੋਟਰ-ਸਾਈਕਲ ਦੇ ਮਗਰ-ਮਗਰ ਜਾ ਰਹੀ ਸੀ। ਖੇਤ ਕੁ ਦੀ ਵਿੱਥ 'ਤੇ ਜਾ ਕੇ ਮੋਟਰ-ਸਾਈਕਲ ਤੇ ਜੀਪ ਫਿਰ ਰੁਕ ਗਏ। ਜੀਪ ਵਿਚੋਂ ਦੋ ਆਦਮੀ ਉਤਰੇ, ਉਹਨਾਂ ਦੇ ਹੱਥਾਂ ਵਿਚ ਹਥਿਆਰ ਸਨ। ਚੰਨ ਦੀ ਚਾਨਣੀ ਵਿਚ ਬੱਬੂ ਹੋਰੀਂ ਉਹਨਾਂ ਨੂੰ ਸਾਫ਼ ਦੇਖ ਰਹੇ ਸਨ। ਦੋਨੋਂ ਆਦਮੀ ਉਸ ਥਾਂ 'ਤੇ ਕਮਾਦ ਦੇ ਖੇਤਾਂ ਵਿਚ ਲੁਕ ਕੇ ਬੈਠ ਗਏ, ਜਿਥੋਂ ਇਕ ਕੱਚਾ ਰਾਹ ਆਉਂਦਾ ਸੀ ਅਤੇ ਸੜਕ ਪਾਰ ਕਰ ਕੇ ਉਹ ਰਾਹ ਮਹਿਸਮਪੁਰ ਵੱਲ ਨੂੰ ਜਾਂਦਾ ਸੀ।

ਬੱਬੂ ਹੋਰੀਂ ਸਾਰੀ ਖੇਡ ਸਮਝ ਚੁੱਕੇ ਸਨ। ਪੁਲਿਸ ਨੇ ਕੱਚਿਆਂ ਰਾਹਾਂ ਤੇ ਕਮਾਦ ਦੇ ਖੇਤਾਂ ਵਿਚ ਆਪਣੇ ਕੈਟਾਂ ਨੂੰ ਹਥਿਆਰ ਦੇ ਕੇ ਬਿਠਾਉਣਾ ਸ਼ੁਰੂ ਕਰ ਦਿੱਤਾ ਸੀ ਕਿਉਂਕਿ ਪੁਲਿਸ ਨੂੰ ਪਤਾ ਲੱਗ ਗਿਆ ਸੀ ਕਿ ਖ਼ਾਲਿਸਤਾਨੀ ਖਾੜਕੂ ਆਉਣ-ਜਾਣ ਵਾਲੇ ਕੱਚਿਆਂ ਰਸਤਿਆਂ ਦਾ ਇਸਤੇਮਾਲ ਕਰਦੇ ਹਨ।

ਕਮਾਦ ਦੇ ਖੇਤਾਂ ਵਿਚ ਲੁਕ ਕੇ ਬੈਠੇ ਕੈਟ ਬੜੀ ਆਸਾਨੀ ਨਾਲ ਆਉਂਦੇ-ਜਾਂਦੇ ਸਿੰਘਾਂ ਨੂੰ ਨਿਸ਼ਾਨਾ ਬਣਾ ਸਕਦੇ ਸਨ। ਪੁਲਿਸ ਦੀ ਇਹ ਇਕ ਨਵੀਂ ਚਾਲ ਸੀ ਖਾੜਕੂਆਂ ਨੂੰ ਖ਼ਤਮ ਕਰਨ ਦੀ।

"ਜੇ ਤੂੰ ਕਹੇ ਤਾਂ ਬੁਲਾ ਦੇਈਏ ਪਾਰ ਇਹਨਾਂ ਨੂੰ ?" ਰਾਜੂ ਆਪਣੀ ਅਸਾਲਟ ਨੂੰ ਸਾਂਭਦਾ ਬੱਬੂ ਨੂੰ ਪੁੱਛ ਰਿਹਾ ਸੀ।

"ਨਹੀਂ ਰਾਜੂ, ਇਸ ਵੇਲੇ ਸਮਾਂ ਨਹੀਂ ਇਹਨਾਂ ਨਾਲ ਉਲਝਣ ਦਾ। ਸਭ ਤੋਂ ਪਹਿਲਾਂ ਆਪਾਂ ਨੂੰ ਵੱਡੇ ਭਾ ਜੀ ਹੁਰਾਂ ਨੂੰ ਖ਼ਬਰਦਾਰ ਕਰਨਾ ਚਾਹੀਦਾ ਹੈ ਪੁਲਿਸ ਦੀ ਇਸ ਨਵੀਂ ਚਾਲ ਬਾਰੇ।" ਬੱਬੂ ਦੂਰ ਦੀ ਸੋਚਦੇ ਹੋਏ ਬੋਲਿਆ।

ਕੁਝ ਦਿਨਾਂ ਬਾਅਦ ਜਦ ਉਹ ਦੀਪੇ ਤੇ ਪ੍ਰਧਾਨ ਨੂੰ ਮਿਲੇ ਤਾਂ ਸਾਰੀ ਗੱਲ ਉਹਨਾਂ ਨੂੰ ਦੱਸ ਦਿੱਤੀ। ਉਹ ਦੋਵੇਂ ਪਹਿਲਾਂ ਹੀ ਕਾਫ਼ੀ ਹੁਸ਼ਿਆਰ ਸਨ।

ਬੱਬੂ ਕਾਫ਼ੀ ਦੇਰ ਤੋਂ ਇਹ ਕੋਸ਼ਿਸ਼ ਕਰ ਰਿਹਾ ਸੀ ਕਿ ਭਾਈ ਰਣਜੀਤ ਸਿੰਘ ਢੰਡਵਾੜ ਦੇ ਕਾਤਲਾਂ ਨੂੰ ਉਹਨਾਂ ਦੇ ਕੀਤੇ ਦੀ ਸਜ਼ਾ ਦਿੱਤੀ ਜਾਵੇ, ਫਿਰ ਇਕ ਦਿਨ ਰੱਬ ਨੇ ਬੱਬੂ ਦੀਆਂ ਅਰਦਾਸਾਂ ਸੁਣ ਲਈਆਂ। ਸ਼ਾਹਪੁਰ ਵਾਲੇ ਅਮੀਰ ਚੰਦ ਦੇ ਉਸ ਭਰਾ ਦਾ ਪਤਾ ਕਰ ਲਿਆ ਗਿਆ ਜੀਹਨੇ ਪਿੱਛਿਉਂ ਸਿਰ ਵਿਚ ਛੱਤਾਂ 'ਤੇ ਪਾਉਣ ਵਾਲਾ ਬਾਲਾ ਮਾਰ ਕੇ ਭਾਈ ਰਣਜੀਤ ਸਿੰਘ ਨੂੰ ਸ਼ਹੀਦ ਕੀਤਾ ਸੀ।

ਬੱਬੂ ਤੇ ਰਾਜੂ ਨੇ ਉਹ ਰਾਹ ਜਾ ਮੱਲਿਆ, ਜਿਸ ਰਸਤੇ 'ਤੇ ਅਮੀਰ ਚੰਦ ਦੇ ਭਰਾ ਨੇ ਆਉਣਾ ਸੀ।

ਅਮੀਰ ਚੰਦ ਦਾ ਭਰਾ ਆਪਣੀ ਮੌਜ ਵਿਚ ਮਸਤ ਮੂੰਹ ਨਾਲ ਸੀਟੀਆਂ ਵਜਾਉਂਦਾ ਆਪਣੇ ਸਕੂਟਰ 'ਤੇ ਆ ਰਿਹਾ ਸੀ। ਉਹ ਇਸ ਗੱਲੋਂ ਪੂਰੀ ਤਰ੍ਹਾਂ ਬੇਖ਼ਬਰ ਸੀ ਕਿ ਮੌਤ ਤਾਂ ਉਸ ਦਾ ਰਾਹ ਮੱਲੀ ਖਲੋਤੀ ਹੈ।

ਬੱਬੂ ਤੇ ਰਾਜੂ ਨੇ ਉਸ ਨੂੰ ਘੇਰ ਲਿਆ।

ਬੱਬੂ ਦੇ ਸੀਨੇ ਵਿਚ ਬਦਲੇ ਦੇ ਭਾਂਬੜ ਮੱਚਦੇ ਸਨ। ਭਾਈ ਰਣਜੀਤ ਸਿੰਘ ਢੰਡਵਾੜ ਉਹਦੀਆਂ ਅੱਖਾਂ ਦੇ ਸਾਹਮਣੇ ਸ਼ਹੀਦ ਹੋਇਆ ਸੀ।

ਅਮੀਰ ਚੰਦ ਦੇ ਭਰਾ ਨੂੰ ਦੇਖਦਿਆਂ ਹੀ ਬੱਬੂ ਸ਼ੇਰ ਵਾਂਗ ਗਰਜਿਆ, "ਤਕੜਾ ਹੋ ਜਾ ਦੁਸ਼ਟਾ, ਤੂੰ ਸਾਡੇ ਭਰਾ ਨੂੰ ਮਾਰ ਕੇ ਸਾਨੂੰ ਭਾਜੀ ਪਾਈ ਸੀ। ਅੱਜ ਤੇਰੀ ਭਾਜੀ ਦਾ ਨਿਉਂਦਾ ਮੋੜਨ ਆਏ ਹਾਂ।" ਗੁੱਸੇ ਵਿਚ ਆਏ ਬੱਬੂ ਨੇ ਏ.ਕੇ. ਛਪੰਜਾ ਦਾ ਬੱਟ ਪੂਰੇ ਜ਼ੋਰ ਨਾਲ ਉਹਦੇ ਮੂੰਹ 'ਤੇ ਦੇ ਮਾਰਿਆ।

ਅਮੀਰ ਚੰਦ ਦੇ ਭਰਾ ਦੇ ਮੂੰਹ 'ਚੋਂ ਕਈ ਦੰਦ ਟੁੱਟ ਕੇ ਸੜਕ 'ਤੇ ਜਾ ਪਏ। ਉਹ ਮਿੰਨਤਾਂ ਕਰਨ ਲੱਗਾ, ਹੱਥ ਜੋੜਦਾ ਆਪਣੀ ਜਾਨ ਦੀ

ਭੀਖ ਮੰਗ ਰਿਹਾ ਸੀ। ਸੜਕ 'ਤੇ ਸਾਈਕਲਾਂ-ਸਕੂਟਰਾਂ ਵਾਲੇ ਲੰਘਦੇ ਲੋਕ ਬੰਦੂਕਾਂ ਦੇਖ ਕੇ ਚੁੱਪ-ਚਾਪ ਲੰਘੀ ਜਾ ਰਹੇ ਸਨ।

ਗੁੱਸੇ ਵਿਚ ਪਾਗਲ ਹੋਏ ਬੱਬੂ ਨੇ ਕੁੱਟ-ਕੁੱਟ ਕੇ ਬੁਰਾ ਹਾਲ ਕਰ ਦਿੱਤਾ ਸੀ ਉਹਦਾ।

ਆਪਣੀ ਅਸਾਲਟ ਉਹਦੇ ਵੱਲ ਸਿੱਧੀ ਕਰ ਕੇ ਬੱਬੂ ਨੇ ਪੂਰੇ ਦਾ ਪੂਰਾ ਮੈਗਜ਼ੀਨ ਉਹਦੇ ਸਰੀਰ 'ਤੇ ਖ਼ਾਲੀ ਕਰ ਦਿੱਤਾ।

ਅਮੀਰ ਚੰਦ ਦੇ ਭਰਾ ਦਾ ਸਰੀਰ ਛਾਨਣੀ ਵਰਗਾ ਹੋ ਗਿਆ ਸੀ। ਸਰੀਰ 'ਚੋਂ ਨਿਕਲਦੇ ਲਹੂ ਨੇ ਆਲੇ-ਦੁਆਲੇ ਛੱਪੜ ਜਿਹਾ ਬਣਾ ਲਿਆ ਸੀ।

ਉਹਦੀ ਲਾਸ਼ ਨੂੰ ਠੋਕਰ ਮਾਰਦਾ ਹੋਇਆ ਬੱਬੂ ਅਸਮਾਨ ਵੱਲ ਦੇਖਦਾ ਹੋਇਆ ਗਰਜਿਆ।

"ਮੈਂ ਤੇਰਾ ਬਦਲਾ ਲੈ ਲਿਆ ਬਿੱਟੂ ਭਾ ਜੀ, ਮੈਂ ਤੇਰੇ ਕਾਤਲ ਨੂੰ ਨਰਕਾਂ ਦੇ ਰਾਹ ਤੋਰ ਦਿੱਤਾ ਏ। ਮੈਂ ਤੇਰਾ ਬਦਲਾ ਲੈ ਲਿਆ ਭਾ ਜੀ।"

ਅਮੀਰ ਚੰਦ ਦੇ ਭਰਾ ਦੀ ਲਾਸ਼ ਨੂੰ ਉੱਥੇ ਛੱਡ ਉਹ ਦੋਨੋਂ ਜਣੇ ਸਕੂਟਰ 'ਤੇ ਬੈਠ ਕੇ ਨਜ਼ਰੋਂ ਓਹਲੇ ਹੋ ਗਏ।

ਗੜ੍ਹੇ ਪਿੰਡ ਦੇ ਵਡਭਾਗ ਸਿਹੁੰ ਠੇਕੇਦਾਰ ਕੋਲ ਦੀਪੇ ਦਾ ਆਉਣ-ਜਾਣ ਸੀ।

ਦੀਪੇ ਦਾ ਉਹਦੇ ਉੱਤੇ ਕਾਫ਼ੀ ਭਰੋਸਾ ਸੀ।

ਪਤਾ ਨਹੀਂ ਕਿਉਂ ਕਦੀ-ਕਦੀ ਦੀਪਾ ਉਸ ਉੱਤੇ ਹੱਦੋਂ ਵੱਧ ਹੀ ਵਿਸ਼ਵਾਸ ਕਰ ਲੈਂਦਾ ਸੀ। ਵਡਭਾਗ ਸਿਹੁੰ ਇਲਾਕੇ ਵਿਚ ਇਕ ਬਦਮਾਸ਼ ਦੇ ਰੂਪ ਵਿਚ ਮਸ਼ਹੂਰ ਸੀ। ਆਮ ਗੱਲਬਾਤ ਵਿਚ ਦੀਪਾ ਕਦੀ-ਕਦੀ ਇਹ ਗੱਲ ਕਿਹਾ ਕਰਦਾ ਸੀ ਕਿ ਖਾੜਕੂ ਜੀਵਨ ਵਿਚ ਸਾਨੂੰ ਕਈ ਵਾਰੀ ਗ਼ਲਤ ਬੰਦਿਆਂ ਨਾਲ ਵੀ ਸੰਪਰਕ ਰੱਖਣੇ ਪੈਂਦੇ ਆ।

ਆਮ ਵਾਂਗ ਦੀਪਾ ਅੱਜ ਵੀ ਉਸ ਦੇ ਘਰ ਆਇਆ ਹੋਇਆ ਸੀ। ਸਭ ਕੁਝ ਪਹਿਲਾਂ ਵਾਂਗ ਹੀ ਸੀ।

ਬਿਨ ਹਥਿਆਰੋਂ ਆਮ ਵਾਂਗ ਹੀ ਦੀਪਾ ਹੱਸਦਾ ਫਿਰਦਾ ਮਜ਼ਾਕ ਕਰ ਰਿਹਾ ਸੀ। ਦੀਪਾ ਇਸ ਗੱਲੋਂ ਅਣਜਾਣ ਅਤੇ ਬੇਖ਼ਬਰ ਸੀ ਕਿ ਵਡਭਾਗ ਸਿਹੁੰ ਪੁਲਿਸ ਨਾਲ ਮਿਲ ਚੁੱਕਾ ਹੈ।

ਦੀਪੇ ਦੇ ਸਿਰ ਦੇ ਰੱਖੇ ਪੰਜਾਹ ਲੱਖ ਦੇ ਇਨਾਮ ਨੇ ਉਹਨੂੰ ਪੁਲਿਸ ਨਾਲ ਮਿਲਾ ਦਿੱਤਾ ਸੀ।

ਦੀਪਾ ਜਦ ਨਹਾਉਣ ਲਈ ਬਾਥਰੂਮ ਵਿਚ ਵੜਿਆ ਤਾਂ ਵਡਭਾਗ ਸਿਹੁੰ ਨੇ ਬਾਹਰੋਂ ਕੁੰਡਾ ਲਾ ਦਿੱਤਾ। ਦੀਪੇ ਨੂੰ ਕੁਝ ਸਮਝ ਨਾ ਲੱਗੀ। ਜਦ ਉਹਨੇ ਅੰਦਰੋਂ ਬੂਹਾ ਖੋਲ੍ਹਣ ਦੀ ਕੋਸ਼ਿਸ਼ ਕੀਤੀ ਤਾਂ ਬੂਹਾ ਨਾ ਖੁੱਲ੍ਹਿਆ। ਉਹ ਬਾਹਰੋਂ ਬੰਦ ਸੀ।

ਇਕ ਮਿੰਟ ਵਿਚ ਹੀ ਉਹ ਸਾਰੀ ਖੇਡ ਸਮਝ ਗਿਆ।

ਵਡਭਾਗ ਸਿਹੁੰ ਨੇ ਪੁਲਿਸ ਤਾਂ ਪਹਿਲਾਂ ਹੀ ਸੱਦੀ ਹੋਈ ਸੀ।

ਦੀਪਾ ਪਿੰਜਰੇ ਵਿਚ ਕੈਦ ਸ਼ੇਰ ਵਾਂਗ ਦਹਾੜ ਰਿਹਾ ਸੀ।

ਆਂਢ-ਗੁਆਂਢ ਦੇ ਲੋਕ ਉਹਦੀ ਆਵਾਜ਼ ਸੁਣ ਰਹੇ ਸਨ ਪਰ ਬਿਨ ਹਥਿਆਰੋਂ ਕੈਦ ਹੋਏ ਖਾੜਕੂ ਨੂੰ ਛੁਡਾਉਣ ਕੋਈ ਨਾ ਬਹੁੜਿਆ।

ਕੌਮ ਨੂੰ ਗ਼ੁਲਾਮੀ ਦੀਆਂ ਜ਼ੰਜੀਰਾਂ ਤੋਂ ਮੁਕਤ ਕਰਾਉਣ ਤੁਰਿਆ ਦੀਪਾ ਅੱਜ ਇਕ ਗ਼ੱਦਾਰ ਦੀ ਗ਼ੱਦਾਰੀ ਕਾਰਨ ਆਪ ਕੈਦ ਹੋ ਗਿਆ ਸੀ। ਬਾਥਰੂਮ ਵਿਚ ਕੋਈ ਖਿੜਕੀ ਵੀ ਨਹੀਂ ਸੀ।

ਵਡਭਾਗ ਸਿਹੁੰ ਨੇ ਸਾਰੀ ਸਕੀਮ ਪੁਲਿਸ ਨਾਲ ਬਣਾ ਕੇ ਹੀ ਇਹ ਕੰਮ ਕੀਤਾ ਸੀ। ਬਾਥਰੂਮ ਵਿਚ ਕੈਦ ਹੋਇਆ ਦੀਪਾ ਇਹ ਸਮਝ ਚੁੱਕਾ ਸੀ ਕਿ ਹੁਣ ਉਹ ਪੁਲਿਸ ਦੇ ਹੱਥ ਲੱਗ ਜਾਵੇਗਾ।

ਪਰ ਦੀਪੇ ਨੇ ਜੀਉਂਦੇ-ਜੀਅ ਪੁਲਿਸ ਦੇ ਹੱਥ ਨਹੀਂ ਸੀ ਆਉਣਾ। ਪਲਾਂ ਵਿਚ ਹੀ ਸਾਰੇ ਸ਼ਹੀਦ ਹੋਏ ਸਾਥੀ ਸਿੰਘਾਂ ਦੀਆਂ ਸ਼ਕਲਾਂ ਉਹਦੀਆਂ ਅੱਖਾਂ ਦੇ ਮੂਹਰੇ ਘੁੰਮ ਗਈਆਂ।

'ਕੌਮੀ ਪ੍ਰਵਾਨਿਉਂ, ਆਜ਼ਾਦੀ ਦੀ ਸ਼ਮ੍ਹਾ 'ਤੇ ਤੁਸੀਂ ਆਪਣਾ ਆਪ ਕੁਰਬਾਨ ਕਰ ਦਿੱਤਾ। ਮੈਂ ਵੀ ਹੁਣ ਤੁਹਾਡੇ ਕੋਲ ਆ ਰਿਹਾ ਹਾਂ, ਮੈਂ ਆਪਣਾ ਆਪ ਪੁਲਿਸ ਦੇ ਹਵਾਲੇ ਨਹੀਂ ਕਰਾਂਗਾ।' ਇਹ ਦੀਪੇ ਦੇ ਦਿਲ ਦੀ ਆਵਾਜ਼ ਸੀ। ਭਾਈ ਸਤਪਾਲ ਸਿੰਘ ਢਿੱਲੋਂ, ਭਾਈ ਸੁਖਦੇਵ ਸਿੰਘ ਸੋਢੀ, ਭਾਈ ਰਣਜੀਤ ਸਿੰਘ ਢੰਡਵਾੜ, ਭਾਈ ਬਲਜੀਤ ਸਿੰਘ ਢੱਕ ਮਾਜਰਾ, ਭਾਈ ਜੁਗਿੰਦਰ ਸਿੰਘ ਮਾਹੀਆ ਤੇ ਚਾਚਾ ਹਰਮਿੰਦਰ ਸਿੰਘ ਲਾਲਾ ਅਤੇ ਬਾਕੀ ਸਾਰੇ ਸ਼ਹੀਦ ਸਿੰਘ ਉਹਨੂੰ ਆਪਣੀਆਂ ਅੱਖਾਂ ਮੂਹਰੇ ਖੜੇ ਦਿਖਾਈ ਦਿੱਤੇ।

'ਜੀਉਂਦੇ ਜੀਅ ਪੁਲਿਸ ਮੇਰੇ ਸਰੀਰ ਨੂੰ ਹੱਥ ਨਹੀਂ ਲਾ ਸਕਦੀ। ਵੀਰੋ, ਮੈਂ ਆਪਣਾ ਆਪ ਖ਼ਾਲਿਸਤਾਨ ਦੀ ਲਹਿਰ ਨੂੰ ਸਮਰਪਿਤ ਕੀਤਾ ਸੀ, ਅੱਜ ਮੈਂ ਵੀ ਤੁਹਾਡੇ ਕੋਲ ਆ ਰਿਹਾ ਹਾਂ।'

ਫਿਰ ਇਕਦਮ ਦੀਪੇ ਦੀਆਂ ਅੱਖਾਂ ਮੂਹਰੇ ਆਪਣੀ ਧਰਮ-ਪਤਨੀ ਦੀ ਸ਼ਕਲ ਘੁੰਮਣ ਲੱਗੀ ਜੋ ਸੱਤਾਂ ਸਮੁੰਦਰਾਂ ਪਾਰ ਕੈਨੇਡਾ ਵਿਚ ਬੈਠੀ

ਉਂਗਲਾਂ 'ਤੇ ਦਿਨ ਗਿਣ ਰਹੀ ਸੀ ਕਿ ਬੱਸ ਕੁਝ ਦਿਨ ਹੋਰ ਫਿਰ ਮੈਂ ਤੇ ਮੇਰਾ 'ਰਾਜਾ' ਹਮੇਸ਼ਾਂ ਲਈ ਮਿਲ ਜਾਵਾਂਗੇ।

(ਦੀਪੇ ਦੀ ਸਿੰਘਣੀ ਉਸ ਨੂੰ 'ਰਾਜੇ' ਦੇ ਨਾਮ ਨਾਲ ਬੁਲਾਉਂਦੀ ਸੀ।)

ਦੀਪੇ ਨੇ ਝੱਟ ਆਪਣੀ ਜੇਬ 'ਚੋਂ ਉਹਦੀਆਂ ਫ਼ੋਟੋਆਂ ਕੱਢ ਕੇ ਹੱਥ ਵਿਚ ਫੜ ਲਈਆਂ ਜੋ ਉਹ ਹਮੇਸ਼ਾਂ ਆਪਣੇ ਸੀਨੇ ਨਾਲ ਲਾ ਕੇ ਰੱਖਦਾ ਸੀ। ਬਾਥਰੂਮ ਵਿਚ ਖੜਾ ਹੀ ਉਹ ਫ਼ੋਟੋਆਂ ਨਾਲ ਗੱਲਾਂ ਕਰਨ ਲੱਗਾ।

'ਮੈਨੂੰ ਮਾਫ਼ ਕਰੀਂ ਨਿੰਦਰ, ਮੈਂ ਤੇਰਾ ਸਾਥ ਨਹੀਂ ਨਿਭਾ ਸਕਿਆ। ਮੇਰੀਆਂ ਜਾਣੇ-ਅਣਜਾਣੇ ਕੀਤੀਆਂ ਭੁੱਲਾਂ ਮਾਫ਼ ਕਰੀਂ। ਜਾਨ ਮੇਰੀਏ, ਤੇਰਾ ਰਾਜਾ ਤੇਰੇ ਕੋਲੋਂ ਦੂਰ ਜਾ ਰਿਹਾ ਹੈ।'

ਦੀਪਾ ਜੇਬ 'ਚ ਪਾਈਆਂ ਚਿੱਠੀਆਂ ਕੱਢ ਕੇ ਪੜ੍ਹਨ ਬਹਿ ਗਿਆ। ਸਾਰੀਆਂ ਚਿੱਠੀਆਂ ਪੜ੍ਹਨ ਮਗਰੋਂ ਉਸ ਨੇ ਚਿੱਠੀਆਂ ਨੂੰ ਚੁੰਮ ਕੇ ਆਪਣੇ ਸੀਨੇ ਨਾਲ ਲਾ ਲਿਆ।

ਪੁਲਿਸ ਵਾਲੇ ਵਿਹੜੇ ਵਿਚ ਆ ਚੁੱਕੇ ਸਨ। ਉਹਨਾਂ ਨੂੰ ਪਤਾ ਸੀ ਕਿ ਦੀਪੇ ਕੋਲ ਕੋਈ ਹਥਿਆਰ ਨਹੀਂ ਹੈ। ਫਿਰ ਵੀ ਉਹਨਾਂ ਵਿਚ ਇੰਨੀ ਜੁਰਅੱਤ ਨਹੀਂ ਸੀ ਕਿ ਬਾਥਰੂਮ ਦਾ ਬੂਹਾ ਖੋਲ੍ਹ ਕੇ ਦੀਪੇ ਨੂੰ ਫੜ ਸਕਣ।

ਪੁਲਿਸ ਨੂੰ ਵਿਹੜੇ ਵਿਚ ਆਇਆ ਮਹਿਸੂਸ ਕਰ ਕੇ ਦੀਪੇ ਨੇ 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ', 'ਖ਼ਾਲਿਸਤਾਨ ਜ਼ਿੰਦਾਬਾਦ' ਦੇ ਜੈਕਾਰੇ ਗੁੰਜਾਉਣੇ ਸ਼ੁਰੂ ਕਰ ਦਿੱਤੇ ਸਨ।

ਬਾਥਰੂਮ ਵਿਚ ਖੜੇ ਦੀਪੇ ਨੂੰ ਇੰਝ ਮਹਿਸੂਸ ਹੋ ਰਿਹਾ ਸੀ ਜਿਵੇਂ ਉਸ ਦੇ ਸਾਹਮਣੇ ਗੁਰੂ ਗੋਬਿੰਦ ਸਿੰਘ ਜੀ ਆਪ ਖੜੇ ਹੋਣ ਤੇ ਦੋਨੋਂ ਬਾਹਾਂ ਅੱਡ ਕੇ ਕਹਿ ਰਹੇ ਹੋਣ:

"ਆ ਜਾ ਮੇਰੇ ਲਾਲ, ਆ ਜਾ ਮੇਰੇ ਕੋਲ। ਤੇਰੀ ਸੇਵਾ ਪੂਰੀ ਹੋਈ। ਤੂੰ ਹੁਣ ਮੇਰੀ ਗੋਦ ਵਿਚ ਆ ਜਾ ਮੇਰੇ ਸਿੰਘਾ।"

ਅਗਲੇ ਹੀ ਪਲ ਉਹਨੇ ਸਾਈਨਾਈਡ ਵਾਲਾ ਕੈਪਸੂਲ ਮੂੰਹ ਵਿਚ ਪਾ ਲਿਆ। 'ਖ਼ਾਲਿਸਤਾਨ ਜ਼ਿੰਦਾਬਾਦ' ਕਹਿੰਦਾ ਹੋਇਆ ਖ਼ਾਲਿਸਤਾਨ ਕਮਾਂਡੋ ਫ਼ੋਰਸ ਦਾ ਜਰਨੈਲ ਭਾਈ ਗੁਰਦੀਪ ਸਿੰਘ ਦੀਪਾ ਉਰਫ਼ ਡਾਕਟਰ ਉਰਫ਼ ਰਾਜਾ ਬਾਥਰੂਮ ਵਿਚ ਡਿੱਗ ਪਿਆ ਅਤੇ ਜਾਮ-ਏ-ਸ਼ਹਾਦਤ ਪੀ ਗਿਆ।

ਸ਼ਹੀਦ ਹੋ ਚੁੱਕੇ ਦੀਪੇ ਦੇ ਸਰੀਰ ਵਿਚ ਪੁਲਿਸ ਨੇ ਗੋਲੀਆਂ ਮਾਰੀਆਂ ਅਤੇ ਫਿਰ ਤੇਹਿੰਗ ਪਿੰਡ ਦੇ ਪੁਲ 'ਤੇ ਲਿਜਾ ਕੇ ਝੂਠੇ ਪੁਲਿਸ ਮੁਕਾਬਲੇ

ਦੀ ਕਹਾਣੀ ਘੜ ਲਈ।

ਦੀਪੇ ਦੀ ਸਿੰਘਣੀ ਦੀਆਂ ਤਸਵੀਰਾਂ ਨੂੰ ਦੋ ਵੱਖ-ਵੱਖ ਕੁੜੀਆਂ ਦੀਆਂ ਤਸਵੀਰਾਂ ਦਾ ਨਾਂ ਦੇ ਕੇ ਪੁਲਿਸ ਨੇ ਝੂਠੀ ਕਹਾਣੀ ਘੜ ਕੇ ਭਾਈ ਦੀਪੇ ਨੂੰ ਬਦਨਾਮ ਕਰਨ ਦੀ ਕੋਝੀ ਕਹਾਣੀ ਘੜੀ।

ਉਸ ਦੀ ਧਰਮ-ਪਤਨੀ ਦੀਆਂ ਚਿੱਠੀਆਂ ਨੂੰ ਗ਼ਲਤ ਰੰਗਤ ਦੇ ਕੇ ਪੇਸ਼ ਕੀਤਾ ਗਿਆ। ਦੀਪੇ ਦੀ ਸ਼ਹਾਦਤ ਦੀ ਖ਼ਬਰ ਜੰਗਲ ਦੀ ਅੱਗ ਵਾਂਗ ਸਾਰੇ ਦੁਆਬੇ ਵਿਚ ਫੈਲ ਗਈ।

ਹਜ਼ਾਰਾਂ ਘਰਾਂ ਦੇ ਚੁੱਲ੍ਹੇ ਉਸ ਦਿਨ ਠੰਡੇ ਰਹੇ।

ਲੱਖਾਂ ਹੀ ਅੱਖਾਂ ਰੋਈਆਂ।

ਕੌਮ ਨੂੰ ਇਕ ਨਾ ਪੂਰਾ ਹੋਣ ਵਾਲਾ ਘਾਟਾ ਪਿਆ।

ਦੁਆਬੇ ਵਿਚ ਖ਼ਾਲਿਸਤਾਨ ਦੀ ਲਹਿਰ ਦਾ ਲੱਕ ਟੁੱਟ ਗਿਆ ਸੀ। ਦੀਪੇ ਦੀ ਲਾਸ਼ ਪੁਲਿਸ ਨੇ ਉਹਦੇ ਘਰਦਿਆਂ ਨੂੰ ਦੇ ਦਿੱਤੀ ਸੀ। ਪੁਲਿਸ ਦੀ ਨਿਗਰਾਨੀ ਵਿਚ ਹੀ ਸਿੱਖ ਰਹੁ-ਰੀਤਾਂ ਮੁਤਾਬਿਕ ਉਸ ਦਾ ਸਸਕਾਰ ਕਰ ਦਿੱਤਾ ਗਿਆ।

ਦੀਪੇ ਦੀ ਸ਼ਹੀਦੀ ਤੋਂ ਬਾਰਾਂ ਦਿਨ ਬਾਅਦ ਹੀ ਬੱਬੂ ਤੇ ਰਾਜੂ ਦਿਆਲਪੁਰ ਪਿੰਡ ਵਿਚ ਇਕ ਘਰ ਵਿਚ ਠਹਿਰੇ ਹੋਏ ਸਨ। ਪਿੰਡੋਂ ਬਾਹਰ-ਵਾਰ ਮੰਡੀ ਵੱਲੋਂ ਆਉਂਦੇ ਕੱਚੇ ਰਾਹ 'ਤੇ ਬਣੇ ਇਸ ਘਰ ਵਿਚ ਬੈਠੇ ਉਹ ਅਜੇ ਚਾਹ ਹੀ ਪੀ ਰਹੇ ਸਨ ਕਿ ਘਰ ਵਾਲਿਆਂ ਦੀ ਕੁੜੀ ਜੋ ਕੋਠੇ 'ਤੇ ਚੜ੍ਹ ਰਹੀ ਸੀ ਨੇ ਉਤੋਂ ਹੀ ਆਵਾਜ਼ ਦਿੱਤੀ, "ਭਾ ਜੀ, ਲੱਗਦਾ ਪੁਲਿਸ ਦੀ ਜਿਪਸੀ ਆਉਂਦੀ ਆ।"

ਕੁੜੀ ਦੀ ਆਵਾਜ਼ ਸੁਣ ਕੇ ਬੱਬੂ ਕੋਠੇ ਜਾ ਚੜ੍ਹਿਆ। ਉਹਨੇ ਦੇਖਿਆ ਕਿ ਕੱਚੇ ਰਾਹਾਂ ਵਿਚ ਪੁਲਿਸ ਦੀ ਜਿਪਸੀ ਹੌਲੀ-ਹੌਲੀ ਆ ਰਹੀ ਸੀ।

ਉਹ ਉਹਨੀਂ ਪੈਰੀਂ ਕੋਠੇ ਤੋਂ ਥੱਲੇ ਉਤਰ ਆਇਆ।

"ਰਾਜੂ, ਜਿਪਸੀ ਹਾਲੇ ਕਾਫ਼ੀ ਦੂਰ ਆ, ਆਪਾਂ ਨੂੰ ਨਿਕਲ ਜਾਣਾ ਚਾਹੀਦਾ ਏ। ਇਹ ਨਾ ਹੋਵੇ ਕਿ ਉਹ ਇਸ ਘਰ ਆ ਵੜਨ। ਫਿਰ ਸਾਰੇ ਟੱਬਰ ਨੂੰ ਖੱਜਲ ਹੋਣਾ ਪੈ ਸਕਦਾ ਏ।"

ਰਾਜੂ ਵੱਲ ਦੇਖਦਾ ਬੱਬੂ ਬੋਲਿਆ।

"ਚੱਲ ਠੀਕ ਆ, ਕੱਢ ਸਕੂਟਰ ਬਾਹਰ।"

ਕਹਿੰਦਾ ਰਾਜੂ ਨੇ ਆਪਣੀ ਬੰਦੂਕ ਚੁੱਕ ਕੇ ਆਪਣੀ ਬੁੱਕਲ ਵਿਚ ਦੇ ਲਈ।

ਸਕੂਟਰ ਕੱਢ ਕੇ ਜਿਉਂ ਹੀ ਉਹ ਬਾਹਰ ਨਿਕਲੇ ਤਾਂ ਪੁਲਿਸ ਦੀ ਜਿਪਸੀ ਦਸ ਕੁ ਖੇਤਾਂ ਦੀ ਵਿੱਥ 'ਤੇ ਸੀ।

ਪੁਲਿਸ ਵਾਲਿਆਂ ਨੇ ਵੀ ਉਹਨਾਂ ਨੂੰ ਦੇਖ ਲਿਆ ਸੀ। ਉਹਨਾਂ ਨੇ ਜਿਪਸੀ ਦੀ ਸਪੀਡ ਵਧਾ ਦਿੱਤੀ।

ਬੱਬੂ ਨੇ ਸਕੂਟਰ ਪਿੰਡ ਵਿਚ ਵਾੜ ਲਿਆ। ਗੁਰਦੁਆਰੇ ਦੇ ਕੋਲ ਦੀ ਜਾਂਦਾ ਕੱਚਾ ਰਾਹ ਜੋ ਮੁੜ ਕੇ ਨਹਿਰ ਦੇ ਪੁਲ ਕੋਲ ਜਾ ਨਿਕਲਦਾ ਸੀ, ਬੱਬੂ ਨੇ ਸਕੂਟਰ ਉਸ ਰਾਹ 'ਤੇ ਪਾ ਲਿਆ।

ਪੁਲਿਸ ਵਾਲੇ ਦੋ ਕੁ ਖੇਤਾਂ ਦੀ ਵਿੱਥ ਪਾ ਕੇ ਉਹਨਾਂ ਦਾ ਪਿੱਛਾ ਕਰ ਰਹੇ ਸਨ।

ਸਕੂਟਰ ਪੂਰੀ ਰਫ਼ਤਾਰ ਨਾਲ ਦੌੜ ਰਿਹਾ ਸੀ ਕਿ ਅਚਾਨਕ ਹੀ ਉਹ ਦੋਵੇਂ ਜਣੇ ਸਕੂਟਰ ਤੋਂ ਉਛਲ ਕੇ ਦੂਰ ਜਾ ਡਿੱਗੇ।

ਕੱਚੇ ਰਾਹ ਵਿਚ ਕਿਸੇ ਕਿਸਾਨ ਨੇ ਆਪਣੇ ਖੇਤਾਂ ਨੂੰ ਪਾਣੀ ਦੇਣ ਲਈ ਆੜ ਪੁੱਟੀ ਹੋਈ ਸੀ।

ਤੇਜ਼ ਰਫ਼ਤਾਰ ਵਿਚ ਜਦ ਸਕੂਟਰ ਦਾ ਮੂਹਰਲਾ ਪਹੀਆ ਆੜ ਵਿਚ ਫਸਿਆ ਤਾਂ ਉਹ ਦੋਵੇਂ ਜਣੇ ਮੂੰਹ ਪਰਨੇ ਜਾ ਡਿੱਗੇ।

ਉਹਨਾਂ ਦੀਆਂ ਬੰਦੂਕਾਂ ਵੀ ਆਸੇ ਪਾਸੇ ਡਿੱਗ ਪਈਆਂ। ਜਿਪਸੀ ਦੇ ਉਪਰ ਬੀੜੀ ਐਲ.ਐਮ.ਜੀ. ਨੇ ਬਰੱਸਟ ਮਾਰ-ਮਾਰ ਗੋਲੀਆਂ ਦਾ ਮੀਂਹ ਵਰ੍ਹਾ ਦਿੱਤਾ। ਅਣਗਿਣਤ ਗੋਲੀਆਂ ਬੱਬੂ ਦੇ ਸਰੀਰ ਦੇ ਆਰ-ਪਾਰ ਹੋ ਗਈਆਂ। ਉਹ ਤਾਂ ਉਥੇ ਹੀ ਸ਼ਹੀਦ ਹੋ ਗਿਆ। ਰਾਜੂ ਦੇ ਸਰੀਰ ਵਿਚ ਵੀ ਕਈ ਗੋਲੀਆਂ ਵੱਜੀਆਂ ਸਨ। ਪੁਲਿਸ ਨੇ ਉਸ ਨੂੰ ਗੰਭੀਰ ਰੂਪ ਵਿਚ ਜ਼ਖ਼ਮੀ ਹੋਏ ਨੂੰ ਚੁੱਕ ਕੇ ਜਿਪਸੀ ਵਿਚ ਸੁੱਟ ਲਿਆ ਅਤੇ ਉਸੇ ਰਾਤ ਹੀ ਤਸ਼ੱਦਦ ਕਰ ਕੇ ਸ਼ਹੀਦ ਕਰ ਦਿੱਤਾ।

ਖ਼ਾਲਿਸਤਾਨ ਦੀ ਆਜ਼ਾਦੀ ਦੀ ਸ਼ਮ੍ਹਾ ਤੋਂ ਅੱਜ ਦੋ ਹੋਰ ਪਰਵਾਨੇ ਮਨਜਿੰਦਰ ਸਿੰਘ ਬੱਬੂ ਉਰਫ਼ ਸੰਨੀ (ਕੁੱਕੜਾਂ ਵਾਲਾ) ਅਤੇ ਛਿੰਦਰ ਸਿੰਘ ਰਾਜੂ ਉਰਫ਼ ਭਾਈ (ਜੱਜੇ ਖੁਰਦ) ਆਪਣਾ ਆਪ ਕੁਰਬਾਨ ਕਰ ਗਏ

ਪੁਲਿਸ ਨੇ ਉਹਨਾਂ ਦੀਆਂ ਲਾਸ਼ਾਂ ਘਰਦਿਆਂ ਨੂੰ ਦੇਖਣ ਵੀ ਨਾ ਦਿੱਤੀਆਂ। ਬੱਬੂ ਦੀ ਪਛਾਣ ਉਹਨਾਂ ਕਰ ਲਈ ਸੀ ਪਰ ਰਾਜੂ ਨੂੰ ਅਣਪਛਾਤਾ ਐਲਾਨ ਕਰ ਕੇ ਪੁਲਿਸ ਨੇ ਉਹਨਾਂ ਦਾ ਸਸਕਾਰ ਕਰ ਦਿੱਤਾ।

ਦੁਆਬੇ ਵਿਚ ਖ਼ਾਲਿਸਤਾਨ ਦੀ ਲਹਿਰ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਗਈ। ਦੀਪੇ, ਬੱਬੂ ਅਤੇ ਰਾਜੂ ਦੀ ਸ਼ਹਾਦਤ ਨੇ ਪ੍ਰਧਾਨ ਅਤੇ ਰਾਜਵੀਰ ਨੂੰ ਡੂੰਘੀਆਂ ਸੋਚਾਂ ਵਿਚ ਪਾ ਦਿੱਤਾ।

ਪੁਲਿਸ ਜਬਰ ਤੋਂ ਡਰਦੇ ਲੋਕ ਹੁਣ ਉਹਨਾਂ ਦਾ ਸਾਥ ਦੇਣ ਤੋਂ ਝਿਜਕਣ ਲੱਗ ਪਏ ਸਨ।

ਖੇਤਾਂ, ਕਮਾਦਾਂ ਵਿਚ ਰਹਿ ਕੇ ਲੜਾਈ ਨਹੀਂ ਲੜੀ ਜਾ ਸਕਦੀ।

ਸ਼ਹੀਦਾਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਅਤੇ ਸੰਘਰਸ਼ ਨੂੰ ਲੰਮੇ ਸਮੇਂ ਤਕ ਜਾਰੀ ਰੱਖਣ ਲਈ ਪ੍ਰਧਾਨ ਅਤੇ ਰਾਜਵੀਰ ਨੇ ਕੁਝ ਸਮੇਂ ਲਈ ਪੰਜਾਬ ਨੂੰ ਛੱਡਣ ਦਾ ਮਨ ਬਣਾ ਲਿਆ।

ਗੁਰੀਲਾ ਲੜਾਈ ਦਾ ਇਕ ਅਸੂਲ ਇਹ ਵੀ ਹੈ ਕਿ ਜਦ ਦੁਸ਼ਮਣ ਤੁਹਾਡੇ 'ਤੇ ਭਾਰੂ ਹੋ ਜਾਵੇ ਤਾਂ ਮੌਕੇ ਦੀ ਨਜ਼ਾਕਤ ਨੂੰ ਸਮਝਦੇ ਹੋਏ ਗੁਰੀਲਿਆਂ ਨੂੰ ਆਪਣਾ ਇਲਾਕਾ ਛੱਡ ਜਾਣਾ ਚਾਹੀਦਾ ਹੈ ਅਤੇ ਮੌਕਾ ਆਉਣ 'ਤੇ ਫਿਰ ਦੁਸ਼ਮਣ 'ਤੇ ਪੂਰੀ ਤਾਕਤ ਨਾਲ ਵਾਰ ਕਰਨਾ ਚਾਹੀਦਾ ਹੈ।

ਹਿੰਦੁਸਤਾਨ ਦੇ ਭ੍ਰਿਸ਼ਟਾਚਾਰੀ ਲਾਣੇ ਨੂੰ ਰਿਸ਼ਵਤ ਦੇ ਕੇ ਕੁਝ ਵੀ ਕਰਵਾਇਆ ਜਾ ਸਕਦਾ ਹੈ।

ਵੱਖੋ-ਵੱਖਰੇ ਤੌਰ 'ਤੇ ਦੋਨੋਂ ਖਾੜਕੂਆਂ ਨੇ ਨਕਲੀ ਨਾਵਾਂ ਥੱਲੇ ਪਾਸਪੋਰਟ ਹਾਸਲ ਕਰ ਲਏ।

ਕੁਝ ਦਿਨਾਂ ਵਿਚ ਹੀ ਦੋਨੋਂ ਖਾੜਕੂ ਆਜ਼ਾਦ ਸਿੱਖ ਰਾਜ ਖ਼ਾਲਿਸਤਾਨ ਦੇ ਸੰਕਲਪ ਨੂੰ ਸੀਨਿਆਂ ਵਿਚ ਦਬਾਈ ਵੱਖੋ-ਵੱਖਰੇ ਦੇਸ਼ਾਂ ਨੂੰ ਰਵਾਨਾ ਹੋ ਗਏ।

ਸ਼ਾਮ ਢਲ ਰਹੀ ਸੀ। ਸੂਰਜ ਡੁੱਬ ਚੁੱਕਾ ਸੀ। ਹੌਲੀ-ਹੌਲੀ ਸਾਰੇ ਪਾਸੇ ਗੂੜ੍ਹਾ ਕਾਲਾ ਹਨੇਰਾ ਪੱਸਰ ਰਿਹਾ ਸੀ।

ਪਰ ਕਾਲੀ ਰਾਤ ਤੋਂ ਬਾਅਦ ਸੱਜਰੀ ਸਵੇਰ ਆਵੇਗੀ।

— ਸਮਾਪਤ —

ਜੰਗ ਜਾਰੀ ਰਹੇਗੀ



ਐ ਜ਼ਾਲਮ ਤੂੰ ਜ਼ੁਲਮ ਕਰ,

ਜ਼ੁਲਮ ਕਰਨਾ ਹੈ ਫ਼ਿਤਰਤ ਤੇਰੀ
ਜ਼ੁਲਮ ਜਰਨਾ ਹੈ ਆਦਤ ਮੇਰੀ

ਗੁਰੂ ਅਰਜਨ ਤੋ ਲੈ ਕੇ ਅੱਜ ਤੱਕ
ਅਸੀ ਜ਼ੁਲਮ ਤੋ ਡਰੇ ਨਹੀ,
ਅਸੀ ਜ਼ਾਲਮ ਤੋ ਮਰੇ ਨਹੀ

ਬੜੇ ਬੁਲੰਦ ਨੇ ਸਾਡੇ ਜ਼ੇਰੇ
ਕਮਜ਼ੋਰ ਨੇ ਹੱਥ ਤੇਰੇ

ਸਾਡੇ ਸਿਦਕ ਦੀ ਬਾਤ ਨਹਿਰਾਂ ਦੇ ਕੰਢਿਆਂ ਤੋ ਪੁੱਛੀਂ
ਹਰੀਕੇ-ਪੱਤਣ ਪਾਣੀ ਨੀਂਵਿਆਂ ਤੋ ਪੁੱਛੀਂ
ਪੁੱਛ ਵੇਖੀ ਥਾਣਿਆਂ ਬੁੱਚੜ-ਖਾਨਿਆਂ ਤੋ
ਜਾਂ ਅਫ਼ਸਰਾਂ ਬੇ-ਇਮਾਨਿਆਂ ਤੋ

ਅਸੀ ਆਪਣੇ ਸਿਦਕ ਤੋ ਡੋਲੇ ਨਹੀ
ਜੋ ਬੁਲਾਉਣਾ ਸੀ ਚਾਹੁੰਦੇ,ਅਸੀ ਬੋਲੇ ਨਹੀ

ਇਤਿਹਾਸ ਵਿਚ ਜਦ ਵੀ ਕਦੀ ਸਾਡੇ ਜ਼ਿਕਰ ਆਉਣਗੇ
ਮਨੁੱਖਤਾ ਦੇ ਕਾਤਲ ਸ਼ਕਲਾਂ ਲੁਕਾਉਣਗੇ

ਤੇਰੇ ਤੋ ਹੋਈ ਸਾਡੀ ਹਾਰ ਤੇਰੀ ਬਹਾਦਰੀ ਨਹੀ
ਸਾਡੇ ਰਵੀਖਣਾਂ ਦੀ ਗਦਾਰੀ ਏ
ਤੇਰੇ ਜ਼ੁਲਮਾਂ ਖ਼ਿਲਾਫ਼ ਸਾਡੀ ਜੰਗ
ਕੱਲ ਵੀ ਜਾਰੀ ਸੀ,ਅੱਜ ਵੀ ਜਾਰੀ ਏ
ਅੱਜ ਵੀ ਜਾਰੀ ਏ

ਅਮਨਦੀਪ ਸਿੰਘ ਅਮਨ

ਆਪ ਜੀ ਇਹ ਪੁਸਤਕਾਂ ਦੇਸ਼-ਵਿਦੇਸ਼ ਵਿਚਲੀਆਂ ਮਸ਼ਹੂਰ ਦੁਕਾਨਾਂ ਤੋਂ ਵੀ ਪ੍ਰਾਪਤ ਕਰ ਸਕਦੇ ਹੋ।

ਪ੍ਰਕਾਸ਼ਕ
ਗੁਰਮਤਿ ਪੁਸਤਕ ਭੰਡਾਰ
31 ਨੰਬਰ ਵਾਲੇ
ਦੁਕਾਨ ਨੰ: 154 (ਸਕੂਟਰ ਸਟੈਂਡ ਉਪਰ), ਚੌਕ ਘੰਟਾ ਘਰ ਮਾਰਕੀਟ, ਅੰਮ੍ਰਿਤਸਰ
ਫ਼ੋਨ : 0183-5101231 ਮੋਬਾਇਲ : 98726-58302, 98151-61234